ਸਿੱਖ ਮਾਰਗ SIKH MARG
ਨਿਰੋਲ ਧਾਰਮਿਕ ਵੈੱਬ ਸਾਈਟ ਜੋ ਸ਼ਬਦ ਗੁਰੂ-ਬਾਣੀ ਦੇ ਸੱਚ ਨੂੰ ਸਮਰਪਿਤ ਹੈ

# ਅੱਜ ਅਪ੍ਰੈਲ 26, 2020 ਦਾ ਸਵਾਲ

# ਰੱਬ ਦੀ ਹੋਂਦ ਬਾਰੇ ਤੁਹਾਡੇ ਕੀ ਵਿਚਾਰ ਹਨ?

ਅਪ੍ਰੈਲ 12, 2020 ਨੂੰ ਮੈਂ ਇੱਕ ਲੇਖ ਲਿਖਿਆ ਸੀ ਕਿ,**"ਬਾਣੀ ਕਿਹੜੇ ਰੱਬ ਕੋਲੋਂ ਆਈ ਹੈ"**।ਉਸ ਲੇਖ ਵਿੱਚ ਮੈਂ ਬਹੁਤ ਸਾਰੇ ਸਵਾਲ ਉਠਾਏ ਸਨ। ਕਈ ਪਾਠਕਾਂ/ਲੇਖਕਾਂ ਨੇ ਉਨ੍ਹਾ ਸਵਾਲਾਂ ਦੇ ਜਵਾਬ ਆਪਣੀ ਸੋਚਣੀ ਮੁਤਾਬਕ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਹ ਸਵਾਲ ਕੇਵਲ ਮੇਰੇ ਨਹੀਂ ਹਨ ਹੋਰ ਵੀ ਬਹੁਤ ਸਾਰੇ ਲੋਕਾਂ ਦੇ ਹਨ। ਕਿਸੇ ਨਾਸਤਕ ਦੇ ਵੀ ਹੋ ਸਕਦੇ ਹਨ। ਇਹ ਅਤੇ ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਸਵਾਲ ਇੱਕ ਲੇਖ ਵਿੱਚ ਵਿਚਾਰਨੇ ਸੰਭਵ ਨਹੀਂ ਹਨ। ਇਸ ਲਈ ਹਰ ਹਫਤੇ ਇੱਕ ਸਵਾਲ ਨੂੰ ਵਿਚਾਰਨ ਦੀ ਕੋਸ਼ਿਸ਼ ਕਰਾਂਗੇ ਤਾਂ ਕਿ ਜਿੱਥੋਂ ਤੱਕ ਹੋ ਸਕੇ ਇਹ ਸਪੱਸ਼ਟ ਹੋ ਸਕਣ।

ਰੱਬ ਦੀ ਹੋਂਦ ਬਾਰੇ ਬਹੁਤ ਸਾਰੇ ਭੁਲੇਖੇ ਹਨ। ਭਾਵੇਂ ਕਿ ਗੁਰੂ ਨਾਨਕ ਜੀ ਨੇ ਗੁਰਬਾਣੀ ਦੇ ਮੁੱਢ ਵਿੱਚ ਹੀ ਮੂਲ ਮੰਤ੍ਰ ਜਾਂ ਮੰਗਲਾ ਚਰਨ ਵਿੱਚ ਆਪਣੇ ਵਿਚਾਰ ਦਿੱਤੇ ਹੋਏ ਹਨ ਪਰ ਉਸ ਦੀ ਵਿਆਖਿਆ ਵੀ ਆਪਣੇ ਢੰਗ ਨਾਲ ਹੀ ਕੀਤੀ ਜਾ ਰਹੀ ਹੈ। ਪਿਛਲੇ ਕਾਫੀ ਸਮੇਂ ਤੋਂ ਇਸ ਮੁੱਦੇ ਨੂੰ ਲੈ ਕੇ ਹੀ ਇੱਕ ਦੂਸਰੇ ਵਿਰੁੱਧ ਦੂਸ਼ਣਬਾਜ਼ੀ ਹੋ ਰਹੀ ਹੈ। ਇਸ ਬਾਰੇ ਯੂ-ਟਿਊਬ ਤੇ ਵੀ ਬਹੁਤ ਸਾਰੀਆਂ ਵੀਡੀਓ ਬਣਾ ਕੇ ਪਾਈਆਂ ਹੋਈਆਂ ਹਨ ਅਤੇ ਆਏ ਦਿਨ ਹੋਰ ਵੀ ਪਾਈਆਂ ਜਾ ਰਹੀਆਂ ਹਨ। ਜੇ ਕਰ ਗੁਰਬਾਣੀ ਨੂੰ ਸਮਝਣ ਵਾਲੇ ਸੱਜਣ ਰਲ-ਮਿਲ ਕੇ ਵਿਚਾਰ ਕਰਨ ਤਾਂ ਹੋ ਸਕਦਾ ਹੈ ਕਿ ਰੱਬ ਦੀ ਹੋਂਦ ਬਾਰੇ ਅਤੇ ਬਾਕੀ ਹੋਰ ਵੀ ਜੋ ਸਵਾਲ ਹਨ ਉਹ ਸਾਰਿਆਂ ਦੇ ਰਲ ਕੇ ਵਿਚਾਰ ਕਰਨ ਨਾਲ ਕੁੱਝ ਹੱਦ ਤੱਕ ਹੱਲ ਹੋ ਸਕਣ।

**ਹਰੇਕ ਹਫਤੇ ਹਰ ਸਵਾਲ ਨਾਲ ਕੋਈ ਭੂਮਿਕਾ ਬੰਨਣ ਦੀ ਲੋੜ ਨਹੀਂ ਹੈ। ਸਿਰਫ ਸਵਾਲ ਹੀ ਪਾਇਆ ਜਾਵੇਗਾ। ਪਰ ਵਿਚਾਰ ਦੇਣ ਲਈ ਕੁੱਝ ਨਿਯਮ ਤਹਿ ਕਰਨੇ ਪੈਣਗੇ। ਜੋ ਸਿਰਫ ਇਸ ਸਵਾਲ ਵਿੱਚ ਕੀਤੇ ਜਾ ਰਹੇ ਹਨ। ਇਹ ਨਿਯਮ ਮੇਰੀ ਆਪਣੀ ਸੋਚਣੀ ਮੁਤਾਬਕ ਹਨ ਅਤੇ ਇਹ ਆਖਰੀ ਨਹੀਂ ਹਨ। ਇਨ੍ਹਾਂ ਨਿਯਮਾ ਵਿੱਚ ਤੁਹਾਡੀ ਸਲਾਹ ਨਾਲ ਤਬਦੀਲੀ ਵੀ ਕੀਤੀ ਜਾ ਸਕਦੀ ਹੈ। ਮੈਂ ਆਪਣੇ ਵਲੋਂ ਹੇਠ ਲਿਖੇ ਨਿਯਮ ਤਹਿ ਕੀਤੇ ਹਨ:**

1- ਜਿਹੜਾ ਵੀ ਕੋਈ ਲੇਖਕ ਇੱਥੇ ਸਿੱਖ ਮਾਰਗ ਤੇ ਲਿਖਦਾ ਹੈ ਖਾਸ ਕਰਕੇ ਗੁਰਬਾਣੀ ਦੇ ਅਧਾਰ ਤੇ ਲੇਖ ਲਿਖਦਾ ਹੈ ਉਸ ਨੂੰ ਇਨ੍ਹਾਂ ਸਵਾਲਾਂ ਦੇ ਜਵਾਬ ਜਰੂਰ ਹੀ ਦੇਣੇ ਚਾਹੀਦੇ ਹਨ। ਜੇ ਕਰ ਉਹ ਇਸ ਤਰ੍ਹਾਂ ਨਹੀਂ ਕਰਦੇ ਤਾਂ ਉਨ੍ਹਾਂ ਦੀ ਗੁਰਬਾਣੀ ਬਾਰੇ ਲੇਖ ਲਿਖਣ ਦੀ ਕੋਈ ਸੈਂਸ ਨਹੀਂ ਬਣਦੀ। ਜਿਹੜੇ ਗੁਰਬਾਣੀ ਦੇ ਮੁਢਲੇ ਸਿਧਾਂਤਾਂ ਬਾਰੇ ਆਪ ਹੀ ਸਪਸ਼ਟ ਨਹੀਂ ਹਨ ਉਹ ਆਪਣੀ ਲੇਖਣੀ ਰਾਹੀਂ ਹੋਰਨਾ ਨੂੰ ਕੀ ਸੇਧ ਦੇ ਸਕਦੇ ਹਨ? ਇੱਥੇ ਕਿਸੇ ਦੇ ਨਿੱਜੀ ਜੀਵਨ ਬਾਰੇ ਤਾਂ ਪੁੱਛਿਆ ਨਹੀਂ ਜਾ ਰਿਹਾ। ਗੁਰਬਾਣੀ ਬਾਰੇ ਹੀ ਪੁੱਛਿਆ ਜਾ ਰਿਹਾ ਹੈ ਜਿਸ ਬਾਰੇ ਉਹ ਲਿਖਦੇ ਹਨ। ਕਾਪੀ ਪੇਸਟ ਕਰਨਾ ਤਾਂ ਸਾਰੇ ਜਾਣਦੇ ਹੀ ਹਨ। ਇਸ ਲਈ ਕੋਈ ਬਹਾਨਾ ਨਹੀਂ ਹੋਣਾ ਚਾਹੀਦਾ।

2- ਜਿਤਨਾ ਚਿਰ ਇਨ੍ਹਾਂ ਸਵਾਲਾਂ/ਮੁੱਦਿਆਂ ਬਾਰੇ ਵਿਚਾਰ ਚੱਲੇਗੀ ਉਤਨਾ ਚਿਰ ਅੱਜ ਤੋਂ ਬਾਅਦ ਕੋਈ ਹੋਰ ਸਪਤਾਹਿਕ ਲੇਖ ਨਹੀਂ ਪਾਏ ਜਾਣਗੇ ਤਾਂ ਕਿ ਸਾਰਾ ਧਿਆਨ ਅਤੇ ਸਮਾਂ ਇਨ੍ਹਾਂ ਗੱਲਾਂ ਨੂੰ ਸਪਸ਼ਟ ਕਰਨ ਵੱਲ ਦਿੱਤਾ ਜਾ ਸਕੇ।

3- ਆਪਣੇ ਵਿਚਾਰ ਸਿਰਫ ਯੂਨੀਕੋਡ ਵਿੱਚ ਹੀ ਪੋਸਟ ਕਰੋ। ਜੇ ਕਰ ਕਿਸੇ ਨੂੰ ਕੋਈ ਦਿੱਕਤ ਹੋਵੇ ਤਾਂ ਉਹ ਆਪਣੀ ਲਿਖਤ ਸਾਨੂੰ ਈ-ਮੇਲ ਰਾਹੀਂ ਭੇਜ ਸਕਦਾ ਹੈ ਅਤੇ ਅਸੀਂ ਉਸ ਨੂੰ ਯੂਨੀਕੋਡ ਵਿੱਚ ਤਬਦੀਲ ਕਰਕੇ ਭੇਜ ਦਿਆਂਗੇ।

4- ਪੋਸਟ ਕੁਮਿੰਟ ਵਾਲਾ ਬਟਨ ਸਿਰਫ ਇੱਕ ਵਾਰੀ ਹੀ ਦੱਬੋ ਤਾਂ ਕਿ ਵਾਧੂ ਡਿਲੀਟ ਨਾ ਕਰਨੇ ਪੈਣ। ਇਹ ਵੀ ਖਿਆਲ ਰੱਖੋ ਕਿ ਇੱਥੇ ਨਵੀਂ ਪੋਸਟ ਥੱਲੇ ਪੈਂਦੀ ਹੈ ਅਤੇ ਤੁਹਾਡੇ ਆਪਣੇ ਪੰਨੇ ਤੇ ਉਪਰ ਪੈਂਦੀ ਹੈ।

5- ਗੁਰਬਾਣੀ ਦੀਆਂ ਪੰਗਤੀਆਂ ਅਤੇ ਪੂਰੇ ਸ਼ਬਦ ਦੀ ਵਿਆਖਿਆ ਉਥੇ ਹੀ ਕੀਤੀ ਜਾਵੇ ਜਦੋਂ ਕਿਸੇ ਸ਼ਬਦ ਬਾਰੇ ਸਵਾਲ ਹੋਵੇਗਾ। ਨਹੀਂ ਤਾਂ ਘੱਟ ਤੋਂ ਘੱਟ ਸ਼ਬਦਾਂ ਵਿੱਚ ਵੱਧ ਤੋਂ ਵੱਧ ਢੁਕਵਾਂ ਉਤਰ ਦੇਣ ਦੀ ਕੋਸ਼ਿਸ਼ ਕਰੋ।

6- ਦੂਸਰੇ ਨੂੰ ਸਵਾਲ ਜਾਂ ਨੁਕਤਾਚੀਨੀ ਉਹੀ ਕਰੇ ਜਿਸ ਨੇ ਪਹਿਲਾਂ ਆਪ ਉਸ ਸਵਾਲ ਦਾ ਜਵਾਬ ਦਿੱਤਾ ਹੋਵੇ।

7- ਕਿਸੇ ਦੂਸਰੇ ਲੇਖਕ ਪ੍ਰਤੀ ਘਟੀਆ ਜਾਂ ਧਮਕੀ ਭਰੀ ਸ਼ਬਦਾਵਲੀ ਵਰਤਣ ਵਾਲੇ ਨੂੰ ਆਰਜ਼ੀ ਜਾਂ ਪੱਕੇ ਤੌਰ ਤੇ ਇੱਥੋਂ ਬੈਨ ਕੀਤਾ ਜਾ ਸਕਦਾ ਹੈ।

8- ਜੇ ਕਰ ਕੋਈ ਲੇਖਕ ਆਪ ਵਿਚਾਰ ਨਹੀਂ ਦੇਣਾ ਚਾਹੁੰਦਾ ਤਾਂ ਉਹ ਪਹਿਲਾਂ ਦਿੱਤੇ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤੀ ਪਰਗਟ ਕਰ ਸਕਦਾ ਹੈ।

9- ਜੇ ਕਰ ਤੁਸੀਂ ਆਪਣੀ ਪਾਈ ਪੋਸਟ ਵਿੱਚ ਕੋਈ ਗਲਤੀ ਠੀਕ ਕਰਨਾ ਚਾਹੁੰਦੇ ਹੋ ਜਾਂ ਕੁੱਝ ਬਦਲਣਾ

ਚਾਹੁੰਦੇ ਹੋ ਤਾਂ ਆਪਣੀ ਉਸ ਪਾਈ ਪੋਸਟ ਦੇ ਥੱਲੇ ਆਪ ਹੀ ਅਪਲਾਈ ਕਰਕੇ ਦੱਸ ਸਕਦੇ ਹੋ। ਉਸ ਨੂੰ ਜਿਤਨੀ ਜਲਦੀ ਹੋ ਸਕੇ ਸਮਾਂ ਮਿਲਣ ਤੇ ਠੀਕ ਕਰਨ ਦੀ ਕੋਸ਼ਿਸ਼ ਕਰਾਂਗਾ।

10- ਜੇ ਕਰ ਕਿਸੇ ਸਵਾਲ/ਵਿਸ਼ੇ/ਨੁਕਤੇ ਤੇ ਵਿਚਾਰ ਆਉਂਦੇ ਰਹੇ ਤਾਂ ਤੁਹਾਡੀ ਸਲਾਹ ਨਾਲ ਇਸ ਵਿਚਾਰ ਨੂੰ ਇੱਕ ਹਫਤੇ ਤੋਂ ਵੱਧ ਲਈ ਵੀ ਵਿਚਾਰਿਆ ਜਾ ਸਕਦਾ ਹੈ।

**ਧੰਨਵਾਦ ਸਹਿਤ,**

**ਸੰਪਾਦਕ।**

## ਰੱਬ ਦੀ ਹੋਂਦ ਬਾਰੇ ਸਵਾਲ ਦਾ ਦੂਜਾ ਹਿੱਸਾ ਪੜ੍ਹਨ ਲਈ ਇੱਥੇ ਕਲਿਕ ਕਰੋ ਜੀ।

**Post a Comment on "ਰੱਬ ਦੀ ਹੋਂਦ ਬਾਰੇ ਤੁਹਾਡੇ ਕੀ ਵਿਚਾਰ ਹਨ?"**

Name

E-mail Address (never displayed)

Type comment here...

Notify me of replies

Post Comment

**Showing 29 Comments (86 counting replies)**

In Order

**Hakam Singh**

ਰੱਬ ਬਾਰੇ ਕੁੱਝ ਵਿਚਾਰ

ਮਨੁੱਖ ਦੀ ਬੁਹਤੀ ਸੋਚ ਦਿਖਾਈ ਦੇਣ ਵਾਲੀਆਂ ਪਦਾਰਥਕ ਵਸਤੂਆਂ ਅਤੇ ਉਨ੍ਹਾਂ ਦੀ ਵਰਤੋਂ ਅਤੇ ਸਬੰਧਾਂ ਦੇ ਅਨੁਭੱਵ ਦੀ ਉਪਜ ਹੁੰਦੀ ਹੈ। ਪਰ ਸੰਸਾਰ ਦੀ ਬੁਹਗਿਣਤੀ ਦਾ ਰੱਬ ਦੀ ਹੋਂਦ ਅਤੇ ਸ਼ਕਤੀ ਵਿਚ ਵੀ ਅਤੁੱਟ ਵਿਸ਼ਵਾਸ ਹੈ ਭਾਵੇਂ ਉਹ ਪਦਾਰਥ ਨਹੀਂ ਹੈ ਅਤੇ ਨਾ ਹੀ ਦੇਖਿਆ ਅਤੇ ਅਨੁਭੱਵ ਕੀਤਾ ਜਾ ਸਕਦਾ ਹੈ। ਅਸਲ ਵਿਚ ਮਨੁੱਖ ਦੇ ਡਰ ਅਤੇ ਰਖਿਆ ਦੀ ਲੋੜ ਨੇ ਸਭਿਅਤਾ ਦੇ ਅਰੰਭ ਵਿਚ ਹੀ ਅਦ੍ਰਿਸ਼ਟ ਰੱਬ ਅਤੇ ਉਸ ਨਾਲ

ਜੁੜੇ ਧਰਮ ਦੇ ਸੰਕਲਪ ਨੂੰ ਜਨਮ ਦੇ ਦਿੱਤਾ ਸੀ ਪਰ ਬਾਅਦ ਵਿਚ ਕੁੱਝ ਐਸੇ ਵਿਅਕਤੀ ਵੀ ਹੋਏ ਹਨ ਜਿਨ੍ਹਾਂ ਨੇ ਰੱਬ ਬਾਰੇ ਵਿਸ਼ੇਸ਼ ਅਤੇ ਅਨੋਖੇ ਅਨੁਭੱਵ ਦਾ ਪ੍ਰਗਟਾਵਾ ਕਰਕੇ ਮਨੁੱਖਾਂ ਨੂੰ ਪਰਸਪਰ ਪ੍ਰੇਮ ਅਤੇ ਸ਼ਾਂਤੀ ਦਾ ਸੰਦੇਸ਼ ਦਿੱਤਾ। ਉਨ੍ਹਾਂ ਮਹਾਂਪਰਸ਼ਾਂ, ਪੈਗੰਬਰਾਂ ਦੇ ਰੱਬ ਬਾਰੇ ਵਿਚਾਰ ਵੇਦਾਂ, ਭਗਵਦ ਗੀਤਾ, ਜ਼ੰਦ-ਅਵੇਸਤਾ, ਤੋਰਾ, ਨਬੀਮ, ਕੈਥੂਬੀਮ, ਬਾਈਬਲ, ਕੁਰਾਨ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹਨ।

ਗੁਰੂ ਗ੍ਰੰਥ ਸਹਿਬ ਦੀ ਬਾਣੀ ਮੂਲ ਰੂਪ ਵਿਚ ਮਹਾਂਪੁਰਸ਼ਾਂ ਦੇ ਬ੍ਰਹਮ ਅਤੇ ਮਨੁੱਖ ਦੇ ਸਬੰਧਾਂ ਬਾਰੇ ਵਿਚਾਰਾਂ ਦਾ ਵਰਨਨ ਹੈ। ਇਹ ਰੱਬ ਦੀ ਹੋਂਦ, ਸਮ੍ਰਥਾ ਅਤੇ ਗੁਣ, ਉਸ ਵਲੋਂ ਰੱਚੀ ਸੰਸਾਰਕ ਮਾਇਆ ਦੀ ਖੇਡ, ਅਤੇ ਮਨੁੱਖੀ ਮਨ ਵਿਚ ਹਉਮੈ ਦੇ ਭਰਮ ਦਾ ਗਿਆਨ ਹੈ। ਇਹ ਸੰਸਾਰਕ ਜਾਣਕਾਰੀ ਜਾਂ ਵਿਗਿਆਨ ਨਹੀਂ ਹੈ ਅਤੇ ਨਾ ਹੀ ਸੰਸਾਰਕ ਗਿਆਨ ਦੇ ਨਿਯਮ ਅਤੇ ਸਿਧਾਂਤ ਇਸ ਤੇ ਲਾਗੂ ਹੁੰਦੇ ਹਨ। ਸੰਸਾਰਕ ਗਿਆਨ ਦਾ ਤਰਕ, ਗਣਿਤ, ਫਲਸਫਾ, ਵਿਚਾਰਾਂ ਵਿਚ ਅਸੰਗਤੀ ਆਦਿ ਗੁਰਬਾਣੀ ਤੇ ਲਾਗੂ ਨਹੀਂ ਹੁੰਦੇ। ਜਿਵੇਂ ਵਿਗਿਆਨ ਨੂੰ ਸਮਝਣ ਲਈ ਗਣਿਤ, ਵਿਸ਼ੇਸ਼ ਸ਼ਬਦਾਵਲੀ ਦੀ ਜਾਣਕਾਰੀ ਅਤੇ ਖਾਸ ਮਨੋਬਿਰਤੀ ਦੀ ਲੋੜ ਹੁੰਦੀ ਹੈ ਉਸੇ ਤਰ੍ਹਾਂ ਗੁਰਬਾਣੀ ਨੂੰ ਸਮਝਣ ਲਈ ਵੀ ਮਨੁੱਖ ਨੂੰ ਸਾਧ ਭਾਸ਼ਾ ਦਾ ਗਿਆਨ ਹੋਣਾ ਅਤੇ ਧਾਰਮਕ ਜੀਵਨ ਅਪਨਾਉਣਾ ਜ਼ਰੂਰੀ ਹੁੰਦਾ ਹੈ।

ਗੁਰਬਾਣੀ ਰੱਬ ਨੂੰ ਬੇਅੰਤ ਅਤੇ “ਨਾਨਕ ਵਡਾ ਆਖੀਐ ਆਪੇ ਜਾਣੈ ਆਪੁ” ਆਖਦੀ ਹੈ ਪਰ ਇਸ ਦੇ ਮੰਗਲਾਚਰਨ ਜਾਂ ਮੂ਼ਲ ਮੰਤਰ ਵਿਚ ਮਨੁੱਖ ਨੂੰ ਸਮਝ ਆਉਣ ਵਾਲੇ ਰੱਬ ਦੇ ਕੁੱਝ ਗੁਣਾਂ ਦਾ ਵਰਨਨ ਵੀ ਕਰਦੀ ਹੈ। ਗੁਰਬਾਣੀ ਅਨੁਸਾਰ ਹੋਂਦ ਕੇਵਲ ਰੱਬ ਦੀ ਹੀ ਹੈ, ਹੋਰ ਕਿਸੇ ਦੀ ਹੋਂਦ ਨਹੀਂ ਹੈ। ਸਾਰੀ ਸ੍ਰਿਸ਼ਟੀ ਉਸ ਦੀ ਕਿਰਤ ਹੈ ਜਿਸ ਨੂੰ ਗੁਰਬਾਣੀ ਦੂਜਾ, ਰੱਬ ਨਾਲੋਂ ਵਖਰਾ ਜਮਣ-ਮਰਨ ਦੇ ਗੇੜ ਵਿਚ ਪਿਆ ਪਦਾਰਥਕ ਜਗਤ ਅਤੇ ਮਾਇਆ ਦੀ ਖੇਡ ਆਖਦੀ ਹੈ। ਗੁਰਫੁਰਮਾਨ ਹੈ: “ਏਕਮ ਏਕੈ ਆਪ ਉਪਾਇਆ॥ ਦੁਬਿਧਾ ਦੂਜਾ ਤ੍ਰਿਬਿਧ ਮਾਇਆ॥ ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ॥” (ਪੰਨਾ ੧੧੩)। ਪਰ ਰੱਬ ਆਪਣੀ ਕਿਰਤ ਵਿਚ ਆਪ ਨਿਸ਼ਕਿਰਿਆ ਵਿਆਪਕ ਹੈ, ਕੁਦਰਤ ਉਸ ਦੇ ਬਣਾਏ ਨਿਯਮਾਂ ਦੀ ਪਾਲਣਾ ਕਰਦੀ ਹੈ ਅਤੇ ਸਾਰੀ ਸ੍ਰਿਸ਼ਟੀ ਨੂੰ ਉਸ ਦੇ ਹੁਕਮ ਅਨੁਸਾਰ ਚਲਾਉਂਦੀ ਹੈ। ਗੁਰਬਾਣੀ ਵਿਚ ਸ੍ਰਿਸ਼ਟੀ ਦਾ ਵਿਗਿਆਨ ਅਤੇ ਸੰਸਾਰਕ ਜਾਣਕਾਰੀ ਨਾਲੋਂ ਵਖਰਾ ਅਤੇ ਬਦਲਵਾਂ ਵਰਨਨ ਹੈ ਪਰ ਕਿਉਂਕੇ ਮਨੁੱਖ ਦਾ ਅੱਨੁਭਵ

ਅਤੇ ਸੋਚ ਪਦਾਰਥਕ ਜਗਤ ਤਕ ਸੀਮਤ ਹੁੰਦੇ ਹਨ ਉਸ ਲਈ ਗੁਰਬਾਣੀ ਨੂੰ ਸਮਝਣਾ ਅਤੇ ਮੰਨਣਾ ਔਖਾ ਹੁੰਦਾ ਹੈ।

ਰੱਬ ਅਦ੍ਰਿਸ਼ਟ ਹੈ ਉਸ ਨੂੰ ਦੇਖਣਾ ਸੰਭਵ ਨਹੀਂ। ਇਸ ਲਈ ਗੁਰਬਾਣੀ ਅਨੁਸਾਰ ਉਸ ਦਾ ਗਿਆਨ ਹੀ ਰੱਬੀ ਦਰਸ਼ਨ ਦੇ ਅਨੰਦ ਦੀ ਮਾਨਸਕ ਅਵਸਥਾ ਪਰਦਾਨ ਕਰ ਦਿੰਦਾ ਹੈ। ਇਹ ਵਿਚਾਰ ਗੁਰੂ ਨਾਨਕ ਸਾਹਿਬ ਨੇ "ਜਪੁ" ਬਾਣੀ ਦੀਆਂ ਅਖਰਿਲੀਆਂ ਪੰਜ ਪੌੜੀਆਂ ਵਿਚ ਸਪਸ਼ਟ ਕੀਤਾ ਹੈ। ਇਨ੍ਹਾਂ ਪੌੜੀਆਂ ਵਿਚ ਰੱਬ ਦਾ ਗਿਆਨ ਪ੍ਰਾਪਤ ਕਰਨ ਦੀ ਵਿਧੀ ਬਿਆਨ ਕੀਤੀ ਗਈ ਹੈ। ਰੱਬ ਦਾ ਗਿਆਨ ਪ੍ਰਾਪਤ ਹੋਣ ਅਤੇ ਉਸ ਗਿਆਨ ਅਨੁਸਾਰੀ ਜੀਵਨ ਰਹਿਣ ਤੇ ਮਨੁੱਖ ਵਿਚ ਤਬਦੀਲੀ ਆ ਜਾਂਦੀ ਹੈ ਅਤੇ ਰੱਬ ਦੀ ਕਿਰਪਾ ਹੋਣ ਤੇ ਮਨੁੱਖ ਸੰਪੂਰਨ ਗਿਆਨ ਦਾ ਅਨੰਦ ਮਾਨਣ ਲੱਗ ਪੈਂਦਾ ਹੈ, ਪਰ ਉਹ ਉਸ ਗਿਆਨ ਨੂੰ ਹੋਰਨਾਂ ਨਾਲ ਸਾਂਝਾ ਨਹੀਂ ਕਰ ਸਕਦਾ ਕਿਉਂਕੇ ਉਸ ਦੀ ਗੂੰਗੇ ਦੇ ਗੁੜ ਵਾਲੀ ਹਾਲਤ ਬਣ ਜਾਂਦੀ ਹੈ।

ਰੱਬ ਦਾ ਗਿਆਨ ਪ੍ਰਾਪਤ ਕਰਨ ਲਈ ਮਨੁੱਖ ਨੂੰ ਧਾਰਮਕ ਜੀਵਨ ਧਾਰਨ ਕਰਨਾ ਪੈਂਦਾ ਹੈ। ਧਾਰਮਕ ਜੀਵਨ ਦੇ ਕੁੱਝ ਗੁਣ ਹੁੰਦੇ ਹਨ ਜਿਨ੍ਹਾਂ ਨੂੰ ਗੁਰਬਾਣੀ "ਸਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ॥" (ਪੰਨਾ ੩੫੧) ਅਤੇ "ਦਇਆ ਕਪਾਹੁ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤਾ ਪਾਡੇ ਘਤੁ॥" (ਪੰਨਾ ੪੭੧) ਆਖਦੀ ਹੈ। ਉਹ ਧਰਮ ਨੂੰ ਕਰਮ ਦੇ ਪੇੜ ਤੇ ਲੱਗੇ ਫੁੱਲ ਆਖਦੀ ਹੈ, ਜੋ ਗਿਆਨ ਦੇ ਫਲ ਦਾ ਸੰਕੇਤ ਕਰਦੇ ਹਨ। "ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨ॥" (ਪੰਨਾ ੧੧੬੮) ਅਤੇ "ਨਾਨਕ ਸੰਤੋਖ ਰੁਖ ਧਰਮੁ ਫੁਲੁ ਫਲ ਗਿਆਨੁ॥" (ਪੰਨਾ ੧੪੭)। ਗੁਰਬਾਣੀ ਅਨੁਸਾਰ ਧਰਮ ਕੋਈ ਸਮਾਜਕ ਸਮੂਹ, ਸੰਸਥਾ ਜਾਂ ਅਨੁਸਾਸ਼ਨ ਨਹੀਂ ਹੈ। ਕਿਸੇ ਸਮੂਹ ਜਾਂ ਪੰਥ ਵਿਚ ਜੰਮਣ ਜਾਂ ਉਸ ਦਾ ਭਾਗ ਬਨਣ ਨਾਲ ਬੰਦਾ ਧਰਮੀ ਨਹੀਂ ਬਣ ਜਾਂਦਾ। ਧਰਮੀ ਬਨਣ ਲਈ ਉਸ ਨੂੰ ਸੱਚਾ ਕੰਮ, ਜਤ, ਸੱਚ, ਸੰਤੋਖ ਅਤੇ ਦਇਆ ਦੇ ਗੁਣ ਧਾਰਨ ਕਰਨੇ ਪੈਂਦੇ ਹਨ। ਧਰਮ ਦੇ ਜੀਵਨ ਮਾਰਗ ਤੇ ਚਲਣ ਨਾਲ ਹੀ ਰੱਬ ਦੇ ਗਿਆਨ ਦੀ ਪ੍ਰਾਪਤੀ ਸੰਭਵ ਹੁੰਦੀ ਹੈ। ਗਿਆਨ ਪ੍ਰਾਤਪ ਕਰਕੇ ਉਸ ਅਨੁਸਾਰੀ ਜੀਵਨ ਢਾਲਣ ਨਾਲ ਮਨੁੱਖ ਰੱਬ ਦੀ ਮਿਹਰ ਦਾ ਪਾਤਰ ਬਣ ਜਾਂਦਾ ਹੈ। ਰੱਬ ਦੀ ਮਿਹਰ ਹੋਣ ਤੇ ਉਸ ਦੇ ਜੀਵਨ ਵਿਚ ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਜਿਸ ਨੂੰ ਰੱਬ ਨਾਲ ਮਿਲਾਪ ਜਾਂ ਉਸ ਦੇ

ਦਰਸ਼ਨ ਆਖਿਆ ਜਾਂਦਾ ਹੈ।

ਗੁਰਬਾਣੀ ਅਨੁਸਾਰ ਮਨੁੱਖ ਵਿਚ ਜਤ, ਧੀਰਜ, ਸਿਆਣਪ, ਗਿਆਨ, ਭੈ, ਕੋਸ਼ਿਸ਼ ਅਤੇ ਪ੍ਰੇਮ ਦੇ ਗੁਣ ਹੋਣ ਨਾਲ ਉਸ ਵਿਚ ਸ਼ਬਦ ਘੜਣ ਦੀ ਯੋਗਤਾ ਵੀ ਆ ਜਾਂਦੀ ਹੈ। ਸ਼ਬਦ ਗਿਆਨ ਪ੍ਰਾਪਤੀ ਦਾ ਸਾਧਨ ਹੁੰਦੇ ਹਨ ਅਤੇ ਗਿਆਨ ਪ੍ਰਾਪਤੀ ਦੀ ਸਚਾਈ ਨੂੰ ਹੀ ਰੱਬ ਦੇ ਦਰਸ਼ਨ ਆਖਿਆ ਗਿਆ ਹੈ। ਰੱਬ ਦਾ ਦਿਖਾਈ ਦੇਣ ਵਾਲਾ ਕੋਈ ਰੂਪ, ਰੇਖ ਜਾਂ ਰੰਗ ਨਹੀਂ ਹੈ ਇਸ ਲਈ ਉਸ ਦੇ ਦਰਸ਼ਨ ਇੱਕ ਭਾਵਨਾ ਹੀ ਹੁੰਦੀ ਹੈ। ਅਸਲ ਵਿਚ ਰੱਬ ਦੇ ਦਰਸ਼ਨ ਕਿਸੇ ਵਿਸ਼ੇਸ਼ ਅਸਤਿੱਤਵ ਦੇ ਦਰਸ਼ਨ ਜਾਂ ਮਿਲਾਪ ਨਹੀਂ ਹੁੰਦੇ ਅਤੇ ਨਾ ਹੀ ਕਿਸੇ ਸੁਰਗ ਜਾਂ ਬਹਿਸ਼ਤ ਦੀ ਪ੍ਰਾਪਤੀ ਹੁੰਦੇ ਹਨ। ਇਹ ਤੇ ਕੇਵਲ ਮਨੁੱਖ ਵਲੋਂ ਇਨ੍ਹਾਂ ਗੁਣਾਂ ਨੂੰ ਧਾਰਨ ਕਰਨ ਨਾਲ ਗਿਆਨ ਤੋਂ ਉਪਜੇ ਅਨੰਦ ਦੀ ਅਵਸਥਾ ਦਾ ਹੀ ਨਾਂ ਹੈ। ਗੁਰਬਾਣੀ ਦਾ ਕਥਨ ਹੈ: "ਭੋਜਨ ਗਿਆਨੁ ਮਹਾ ਰਸ ਮੀਠਾ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ॥" (ਪੰਨਾ ੧੦੩੨)।

ਗੁਰਬਾਣੀ ਵਿਚ ਰੱਬ ਦੇ ਗਿਆਨ ਨੂੰ ਹੀ ਰੱਬ ਮੰਨਿਆ ਗਿਆ ਹੈ। ਅਦ੍ਰਿਸ਼ਟ ਦਾ ਗਿਆਨ ਹੋਣ ਕਾਰਨ ਇਸ ਦਾ ਸਬੂਤ ਪੇਸ਼ ਕਰਨਾ ਸੰਭਵ ਨਹੀਂ। ਇਸ ਤੇ ਵਿਸ਼ਵਾਸ ਕਰਨਾ ਪੈਂਦਾ ਹੈ। ਹਰ ਵਿਅਕਤੀ ਨੂੰ ਇਹ ਵਿਚਾਰ ਮੰਨਣ ਜਾਂ ਨਾ ਮੰਨਣ ਦੀ ਆਜ਼ਾਦੀ ਹੈ। ਰੱਬੀ ਗਿਆਨ ਪ੍ਰਾਪਤੀ ਦਾ ਮਨੋਰਥ ਰੱਬ ਦੀ ਕਿਰਤ, ਸ੍ਰਿਸ਼ਟੀ ਅਤੇ ਮਾਨਵਤਾ ਦਾ ਸਨਮਾਨ, ਉਸ ਨਾਲ ਪ੍ਰੇਮ ਅਤੇ ਉਸ ਦੀ ਸੇਵਾ ਕਰਨਾ ਹੈ। ਲੋਕਾਂ ਦੀ ਬੁਹਗਿਣਤੀ ਲਈ ਐਸਾ ਜੀਵਨ ਢੰਗ ਅਪਨਾਉਣਾ ਸੰਭਵ ਨਹੀਂ ਹੁੰਦਾ ਕਿਉਂਕੇ ਉਹ ਜਨਮ ਤੋਂ ਹੀ ਸੰਸਾਰਕ ਅਤੇ ਪ੍ਰਵਾਰਕ ਬੰਧਨਂਾਂ ਵਿਚ ਗ੍ਰੱਸੇ ਹੁੰਦੇ ਹਨ ਜਿਨ੍ਹਾਂ ਤੋਂ ਮੁਕਤ ਹੋਣਾ ਉਨ੍ਹਾਂ ਲਈ ਨਾਮੁਮਕਿਨ ਹੁੰਦਾ ਹੈ।

ਜਿਵੇਂ ਉਪਰ ਜ਼ਿਕਰ ਕੀਤਾ ਗਿਆ ਹੈ ਮਨੁੱਖ ਨੂੰ ਅਦ੍ਰਿਸ਼ਟ ਦਾ ਡਰ ਲਗਾ ਰਹਿੰਦਾ ਹੈ। ਇਸ ਲਈ ਉਹ ਕਿਸੇ ਵੱਡੀ ਸ਼ਕਤੀ ਦੀ ਰਖਿਆ ਦੇ ਵਿਸ਼ਵਾਸ ਦੇ ਨਿੱਘ ਵਿਚ ਖੁਸ਼ੀ ਮੈਹਸੂਸ ਕਰਨ ਦਾ ਚਾਹਵਾਨ ਹੁੰਦਾ ਹੈ। ਮਨੁੱਖ ਦੀ ਇਹ ਮੂ਼ਲ ਮਾਨਸਿਕ ਲੋੜ ਹੈ। ਸਮਾਜਕ ਧਰਮ ਅਤੇ ਪੁਜਾਰੀ ਵਰਗ ਮਨੁੱਖ ਦੀ ਇਸ ਮਾਨਸਿਕ ਲੋੜ ਨੂੰ ਪੂਰਾ ਕਰਦੇ ਹਨ। ਇਸ ਪੱਖੋਂ ਧਰਮ ਅਤੇ ਪੁਜਾਰੀ ਇੱਕ ਜ਼ਰੂਰੀ ਸਮਾਜਕ ਲੋੜ ਪੂਰੀ ਕਰ ਰਹੇ ਹਨ ਅਤੇ ਉਨ੍ਹਾਂ ਦਾ ਖੰਡਨ ਕਰਨਾ ਬੇਅਰਥ ਹੈ। ਜਦੋਂ ਤਕ ਮਨੁੱਖ ਡਰ ਦਾ ਸ਼ਿਕਾਰ ਹੋ ਕੇ ਰਖਿਆ ਅਤੇ ਜੀਵਨ ਵਿਚ ਸਫਲਤਾ ਦੀ ਮੰਗ ਕਰਦਾ ਰਹੇਗਾ ਉਦੋਂ ਤਕ ਧਰਮ ਅਤੇ ਪੁਜਰੀ ਵਰਗ ਦਾ ਉਸ ਦੀ

ਲੋੜ ਪੂਰੀ ਕਰਨ ਦਾ ਵਪਾਰ ਪ੍ਰਫੁਲਤ ਹੁੰਦਾ ਰਹੇਗਾ ਕਿਉਂਕੇ ਵਪਾਰ ਮੰਗ ਤੇ ਨਿਰਭਰ ਕਰਦਾ ਹੈ। ਲੋਕਾਂ ਦਾ ਡਰ ਅਤੇ ਇੱਛਾਵਾਂ ਦੀ ਮੰਗ ਖਤਮ ਹੋਣ ਤੇ ਪੁਜਾਰੀ ਵਰਗ ਅਤੇ ਉਨ੍ਹਾਂ ਦਾ ਧਰਮ ਵੀ ਖਤਮ ਹੋ ਜਾਵੇਗਾ।

04/26/2020 at 9:10pm 2 Likes

**Iqbal Singh Dhillon** In reply to Hakam Singh

ਸ. ਹਾਕਮ ਸਿੰਘ ਜੀ,

'ਜਪੁ ਬਾਣੀ" (ਸਮੁੱਚੀ ਗੁਰਬਾਣੀ ਵਿੱਚੋਂ ਸਭ ਤੋਂ ਪਹਿਲੀ ਰਚਨਾ) ਵਿਚ ਕਿਧਰੇ ਵੀ 'ਰੱਬ' ਸ਼ਬਦ ਜਾਂ ਇਸ ਦੇ ਕਿਸੇ ਪਰਿਆਇਵਾਚੀ ਸ਼ਬਦ ਦੀ ਵਰਤੋਂ ਕੀਤੀ ਹੋਈ ਨਹੀਂ ਮਿਲਦੀ। ਫਿਰ ਤੁਸੀਂ ਇਹ ਕਿਵੇਂ ਕਹਿ ਸਕਦੇ ਹੋ ਕਿ ਇਸ ਰਚਨਾ ਵਿਚ ਪਰੰਪਰਾਗਤ 'ਰੱਬ' ਦੀ ਗੱਲ ਕੀਤੀ ਗਈ ਹੈ ?

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/04/2020 at 2:53pm 1 Like

**Hakam Singh**

ਡਾ. ਇਕਬਾਲ ਸਿੰਘ ਢਿਲੋਂ ਜੀ,

ਜਪੁ ਬਾਣੀ ਵਿਚ ਰੱਬ ਸ਼ਬਦ ਨਹੀਂ ਵਰਤਿਆ ਗਿਆ ਹੈ ਪਰ ਉਸ ਦੇ ਪਰਿਆਵਾਚੀ ਸ਼ਬਦ ਵਰਤੇ ਗਏ ਹਨ। ਬਾਣੀ ਦੇ ਸ਼ੁਰੂ ਵਿਚ ਦਿੱਤੇ ਮੰਗਲਾਚਰਨ ਜਾਂ ਮੂਲ ਮੰਤਰ ਵਿਚ ਅਣਕਥੇ ਅਸਤਿੱਤਵ ਦੇ ਗੁਣਾਂ ਦਾ ਵਰਨਨ ਹੈ। ਉਸ ਅਸਤਿੱਤਵ ਨੂੰ ਇੱਕ ਸੱਚੇ ਨਾਮ ਵਾਲਾ ਕਰਤਾ ਆਖਿਆ ਗਿਆ ਹੈ। ਰੱਬ ਦੇ ਬਹੁਤੇ ਪਰਿਆਇਵਾਚੀ ਨਾਂ ਗੁਣਵਾਚਕ ਹਨ। ਜਪੁ ਬਾਣੀ ਵਿਚ ਰੱਬ ਲਈ ਵਰਤੇ ਪਰਿਆਇਵਾਚੀ ਸ਼ਬਦ ਇਹ ਹਨ: "ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥" (ਸਾਹਿਬੁ ਅਤੇ ਦਾਤਾਰੁ)। "ਸਭਨਾ ਜੀਆ ਕਾ ਇਕੁ ਦਾਤਾ" (ਦਾਤਾ)। "ਆਪੇ ਆਪਿ ਨਿਰੰਜਨੁ

ਸੋਇ॥" (ਨਿਰੰਜਨੁ)। "ਕਰਤੇ ਕੇ ਕਰਣੈ ਨਾਹੀ ਸੁਮਾਰ॥" (ਕਰਤਾ)। "ਤੂ ਸਦਾ ਸਲਾਮਤਿ ਨਿਰੰਕਾਰ॥" (ਨਿਰੰਕਾਰ)। "ਨਾਨਕ ਪਾਤਿਸਾਹੀ ਪਾਤਿਸਾਹੁ॥" (ਪਾਤਿਸਾਹ)। "ਨਾਨਕ ਜਾਣੈ ਸਾਚਾ ਸੋਇ" (ਸਾਚਾ)। "ਕਰਿ ਕਰਿ ਵੇਖੈ ਸਿਰਜਣਹਾਰੁ॥" (ਸਿਰਜਣਹਾਰ)। "ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥" (ਜਗਦੀਸ)। "ਜਿਨ ਕੈ ਰਾਮੁ ਵਸੈ ਮਨਿ ਮਾਹਿ॥" (ਰਾਮੁ)।

ਗੁਰਬਾਣੀ ਵਿਚ ਰੱਬ ਲਈ ਰਾਮ ਅਤੇ ਹਰੀ ਸ਼ਬਦ ਸਭ ਤੋਂ ਵਧ ਵਰਤੇ ਗਏ ਹਨ। ਕੁੱਝ ਹੋਰ ਸ਼ਬਦ ਹਨ: ਸਾਰੰਗਪਾਣੀ, ਪ੍ਰਭੂ, ਪਰਮੇਸਰ, ਓਅੰਕਾਰ, ਬੀਠਲ, ਗੋਪਾਲ, ਅਲਾ, ਰਾਇਆ ਆਦਿ।

05/06/2020 at 6:53am

**Iqbal Singh Dhillon**

ਸ. ਹਾਕਮ ਸਿੰਘ ਜੀ,

ਮੇਰਾ ਸਵਾਲ ਕੇਵਲ 'ਜਪੁ ਬਾਣੀ' ਦੇ ਬਾਰੇ ਵਿਚ ਸੀ ਕਿਉਂਕਿ ਤੁਸੀਂ ਆਪਣੀ ਲਿਖਤ ਦੇ ਤੀਜੇ ਪੈਰੇ ਦੇ ਅਰੰਭ ਵਿਚ ਇਹ ਦਾਵਾ ਕੀਤਾ ਹੈ ਕਿ "ਗੁਰਬਾਣੀ ...........ਮੰਗਲਾਚਰਨ ਜਾਂ ਮੂਲ ਮੰਤਰ ਵਿਚ ਮਨੁੱਖ ਨੂੰ ਸਮਝ ਆਉਣ ਵਾਲੇ ਰੱਬ ਦੇ ਕੁੱਝ ਗੁਣਾਂ ਦਾ ਵਰਨਨ ਵੀ ਕਰਦੀ ਹੈ"। ਤੁਸੀਂ ਇਹ ਵੀ ਮੰਨ ਰਹੇ ਹੋ ਕਿ "ਮੰਗਲਾਚਰਨ ਜਾਂ ਮੂਲ ਮੰਤਰ ਵਿਚ ਅਣਕਥੇ ਅਸਤਿੱਤਵ ਦੇ ਗੁਣਾਂ ਦਾ ਵਰਨਨ ਹੈ"। ਹੁਣ, ਤੁਹਾਡਾ ਇਹ ਕਹਿਣਾ ਸਹੀ ਨਹੀਂ ਕਿ 'ਜਪੁ ਬਾਣੀ' ਵਿਚ 'ਰੱਬ' ਸ਼ਬਦ ਦੇ ਪਰਿਆਇਵਾਚੀ ਸ਼ਬਦ ਵਰਤੇ ਗਏ ਹਨ। ਕਿਉਂਕਿ 'ਰੱਬ' ਇਕ ਨਾਂਵ-ਰੂਪ (noun) ਹੈ, ਵਿਆਕਰਨ ਦੇ ਨਿਯਮਾਂ ਅਨੁਸਾਰ ਇਸ ਦਾ ਪਰਿਆਇਵਾਚੀ ਇਕ ਨਾਂਵ-ਰੂਪ ਸ਼ਬਦ ਹੀ ਹੋ ਸਕਦਾ ਹੈ। ਤੁਹਾਡੇ ਵੱਲੋਂ 'ਪਰਿਆਇਵਾਚੀ' ਦੇ ਤੌਰ ਤੇ ਸੁਝਾਏ ਗਏ ਸਾਰੇ ਦੇ ਸਾਰੇ ਸ਼ਬਦ

ਗੁਣਾਤਮਕ ਭਾਵ ਵਿਸ਼ੇਸ਼ਣੀ (adjective) ਰੂਪ ਹਨ। ਇਹ ਗੁਣਾਤਮਕ ਸ਼ਬਦ ਤਾਂ ਮੰਨੇਂ ਜਾਂਦੇ 'ਰੱਬ' ਨੂੰ ਛੱਡ ਕੇ ਕਿਸੇ ਹੋਰ ਹਸਤੀ/ਅਸਤਿੱਤਵ ਦੇ ਵੀ ਹੋ ਸਕਦੇ ਹਨ। ਸੋ ਇਹਨਾਂ ਗੁਣਾਤਮਕ ਸ਼ਬਦਾਂ ਦੇ ਅਧਾਰ ਤੇ ਇਹ ਨਹੀਂ ਕਿਹਾ ਜਾ ਸਕਦਾ ਕਿ 'ਜਪੁ ਬਾਣੀ' ਵਿਚ ਕਿਸੇ ਮੰਨੇਂ ਜਾਂਦੇ 'ਰੱਬ' ਦੀ ਗੱਲ ਕੀਤੀ ਗਈ ਹੈ ਕਿਉਂਕਿ 'ਅਣਕੱਥਿਆ ਅਸਤਿੱਤਵ' ਇਸ 'ਰੱਬ' ਤੋਂ ਇਲਾਵਾ ਕੋਈ ਹੋਰ ਵੀ ਹੋ ਸਕਦਾ ਹੈ। (ਬਾਦ ਵਿਚ ਗੁਰਬਾਣੀ ਵਿਚ 'ਰੱਬ' ਸ਼ਬਦ ਅਤੇ ਇਸਦੇ ਪਰਿਆਇਵਾਚੀ ਨਾਂਵ-ਰੂਪਾਂ ਦੀ ਵੀ ਵਰਤੋਂ ਕੀਤੀ ਗਈ ਹੈ ਪਰੰਤੂ ਓਥੇ ਉਹ 'ਕਿਰਤਮ ਨਾਮ' ਹਨ ਜੋ ਅਲੰਕਾਰੀ ਸ਼ਬਦਾਂ ਜਿਵੇਂ ਰੂਪਕ, ਮਾਨਵੀਕਰਨ, ਮਿੱਥ ਆਦਿਕ ਦੇ ਤੌਰ ਤੇ ਵਰਤੇ ਗਏ ਹਨ ਅਤੇ ਇਹ ਵਰਤੋਂ ਗੁਰਬਾਣੀ ਦੇ ਕਾਵਿ-ਰੂਪ ਵਿਚ ਹੋਣ ਕਰਕੇ ਹੋਈ ਹੈ ਨਾ ਕਿ 'ਰੱਬ' ਵਿਚ ਵਿਸ਼ਵਾਸ ਪਰਗਟ ਕਰਨ ਲਈ)। ਮੇਰਾ ਇਹ ਮੰਨਣਾਂ ਹੈ ਕਿ 'ਜਪੁ ਬਾਣੀ' ਵਿਚ ਕਿਸੇ ਮੰਨੇਂ ਜਾਂਦੇ ਕਾਲਪਨਿਕ 'ਰੱਬ' ਦੀ ਗੱਲ ਨਹੀਂ ਕੀਤੀ ਗਈ ਸਗੋਂ ਬ੍ਰਹਮੰਡੀ ਨਿਯਮ-ਤੰਤਰ (cosmic system ਜਾਂ cosmic order) ਦੀ ਗੱਲ ਕੀਤੀ ਗਈ ਹੈ ਅਤੇ 'ਜਪੁ ਬਾਣੀ' ਵਿਚ ਹੀ ਉਸ ਨੂੰ 'ਹੁਕਮ' ਦਾ ਨਾਮ ਦਿੱਤਾ ਗਿਆ ਹੋਇਆ ਹੈ (ਉਂਜ ਇਹ ਗੱਲ ਸਾਰੀ ਗੁਰਬਾਣੀ ਉੱਤੇ ਵੀ ਢੁੱਕਦੀ ਹੈ)।

ਇਕਬਾਲ ਸਿੰਘ ਢਿੱਲੋਂ

05/06/2020 at 3:17pm 1 Like

**Baldev singh toronto**

ਰਬ ਜੀ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ

ਪ੍ਰਸਾਦਿ।।

ਪਦ ਅਰਥ: - ੴ - ਸਮੁੱਚਾ ਬ੍ਰਹਮੰਡ (universe) ਇਕੁ ਤੋਂ ਹੈ। ਸਤਿ – ਸਦੀਵੀ ਸਥਿਰ, ਮਿਥ ਦੇ ਉੱਲਟ ਸੱਚ। ਨਾਮੁ – ਨਾਮਿ ਰਤਾ ਸੋਈ ਨਿਰਬਾਣੁ।। (ਆਸਾ ਮਹਲਾ ੫) ਸੱਚ। ਕਰਤਾ – ਰਚੇਤਾ, ਰਚਨ (creater)। ਪੁਰਖੁ – ਪੂਰਣ ਰੂਪ ਕਰਤਾਰ, ਸਰਬਵਿਯਾਪੀ, ਪਾਰਬ੍ਰਹਮ। ਮ: ਕੋਸ਼। omnipressent) (Independent form (not created by some one) ਸਮੁੱਚੇ ਬ੍ਰਹਮੰਡ ਵਿੱਚ ਵਰਤ ਰਿਹਾ ਨਿਯਮ। ਨਿਰਭਉ – ਭੈ ਰਹਿਤ ਹੈ, ਕਿਸੇ ਵੱਖਰੀ ਸਕਤੀ ਦੇ ਭੈ ਅਧੀਨ ਨਹੀਂ ਚਲਦਾ। ਨਿਰਵੈਰੁ – ਪੱਖਪਾਤੀ ਨਹੀਂ, ਕਿਸੇ ਨਾਲ ਉਸਦਾ ਵੈਰ ਨਹੀਂ, ਭਾਵ ਬ੍ਰਹਮੰਡੀ ਨਿਯਮ ਕਿਸੇ ਨਾਲ ਪੱਖਪਾਤ ਨਹੀਂ ਕਰਦਾ। ਅਕਾਲ – ਸਮੇਂ, ਕਾਲ ਦੀ ਸੀਮਾਂ ਤੋਂ ਰਹਿਤ। ਮੂਰਤਿ – ਹੋਂਦ। ਅਕਾਲ ਮੂਰਤਿ – ਹੋਂਦ ਖਤਮ ਹੋਣ ਵਾਲੀ ਨਹੀਂ, ਕਾਲ ਤੋਂ ਰਹਿਤ ਅਕਾਲ ਹੈ। ਨਿਯਮ (system) ਦੀ ਹੋਂਦ ਦਾ ਕਾਲ ਨਹੀਂ ਨਿਯਮ ਅਨੁਸਾਰ ਬਣੀਆਂ ਚੀਜਾਂ, ਵਸਤਾ ਭੱਜਦੀਆਂ, ਟੁੱਟਦੀਆ ਰਹਿੰਦੀਆ ਹਨ ਪਰ ਨਿਯਮ ਹਮੇਸਾਂ ਲਈ ਅਟੱਲ ਹੈ))। ਅਜੂਨੀ – ਜਨਮ ਤੋਂ ਰਹਿਤ ਹੈ, (never born never die)। ਭਾਵ ਜੰਮਕੇ ਮਰ ਜਾਣ ਵਾਲਾ ਕੋਈ ਰੱਬ ਨਹੀਂ। "ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।। " ਸੈਭੰ – ਉਹ ਨਿਯਮ ਆਪਣੇ ਆਪ ਤੋਂ ਆਪ, ਸੁਤੇ ਸਿਧ ਪ੍ਰਕਾਸ਼ਮਾਨ ਹੈ। (ਭਾਵ ਇਸ ਬ੍ਰਹਮੰਡ (universe) ਪਿਛੇ ਕੋਈ ਵੱਖਰੀ ਸਕਤੀ ਨਹੀਂ ਹੈ ਆਪਣੇ ਆਪ ਤੋਂ ਆਪ ਹੀ ਉਤਪਨ ਹੈ। ਇਹ ਗੱਲ ਸਮਝਣ ਦੀ ਲੋੜ ਹੈ ਕੁਦਰਿਤ ਅੰਦਰ ਵਰਤ ਰਿਹਾਂ ਨਿਯਮ (system) ਆਪਣੇ ਆਪ ਤੋਂ ਆਪ ਹੈ, ਕਿਸੇ ਅਵਤਾਰਵਾਦੀ ਦਾ ਵੀ ਬਣਾਇਆ ਹੋਇਆ ਨਹੀਂ)। ਗੁਰ – ਉੱਦਮ, ਯਤਨ ਕਰਨਾ, ਉੱਚਾ ਕਰਨਾ। ਮ: ਕੋਸ਼। ਪ੍ਰਸਾਦਿ – ਕ੍ਰਿਪਾ, ਕ੍ਰਿਪਾ ਕਰਕੇ, ਮਿਹਰਬਾਨੀ ਸੇ। ਮ: ਕੋਸ਼। ਗੁਰ ਪ੍ਰਸਾਦਿ – ਮਿਹਰਬਾਨੀ ਕਰਕੇ ਇਹ ਸਮਝਣ ਦਾ ਯਤਨ ਕਈਏ।

ਅਰਥ: – ਇਹ ਸਦੀਵੀਕਾਲ ਸੱਚ ਹੈ ਕਿ ਸਮੁੱਚੇ ਬ੍ਰਹਮੰਡ (universe) ਦਾ ਪਸਾਰਾ ਇਕੁ (ਨਿਯਮ) ਤੋਂ ਹੈ ਅਤੇ ਸਮੁੱਚੇ ਬ੍ਰਹਿਮੰਡ ਦਾ ਨਿਯਮ/ਕਰਤਾ ਇਕੁ ਹੈ। ਉਹ ਇਕੁ ਨਿਯਮ ਸਮੁੱਚੇ ਬ੍ਰਹਮੰਡ (universe) ਵਿੱਚ ਪੂਰਨ ਤੌਰ ਤੇ ਫੈਲਿਆ/ਵਿਆਪਕ ਹੈ। ਉਹ (ਨਿਯਮ) (system) ਕਿਸੇ ਭੈ ਅਧੀਨ ਨਹੀਂ ਚਲਦਾ ਨਿਰਭਉ ਹੈ। (ਕਿਸੇ ਵੱਖਰੀ ਸ਼ਕਤੀ ਅਧੀਨ ਨਹੀਂ ਕੰਮ ਕਰਦਾ ਭਾਵ (independent form) ਹੈ। ਨਿਰਵੈਰ ਹੈ, ਪੱਖਪਾਤੀ

ਨਹੀਂ ਹੈ। (ਕੁਦਰਿਤ ਦਾ ਨਿਯਮ ਕਿਸੇ ਨਾਲ ਰੰਗ ਨਸਲ ਜਾਤਿ ਪਾਤਿ ਲਿੰਗ ਅਧਾਰਤ ਪੱਖਪਾਤ ਨਹੀਂ ਕਰਦਾ)। ਅਕਾਲ ਮੂਰਤਿ, ਉਸ ਨਿਯਮ ਦੀ ਹੋਂਦ ਸਦੀਵੀ ਹੈ, ਕਾਲ ਤੋਂ ਰਹਿਤ ਹੈ। (ਇਸ ਤਰ੍ਹਾਂ ਨਹੀਂ ਕਿ ਅੱਜ ਹੈਗਾ ਅਤੇ ਕਲ ਨੂੰ ਨਹੀਂ ਹੋਇਗਾ ਨਿਯਮ ਅਨੁਸਾਰ ਬਣੀਆਂ ਵਸਤਾ ਭਜਦੀਆਂ ਟੁੱਟਦੀਆਂ ਰਹਿੰਦੀਆਂ ਹਨ)। ਅਜੂਨੀ ਹੈ, ਜੂਨ ਵਿੱਚ ਨਹੀਂ ਆਂਉਦਾ, (never born never die) “ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।। “ ਕਿਸੇ ਮਾਂ ਦੇ ਪੇਟੋ ਜਨਮ ਲੈਣ ਤੋਂ ਵੀ ਬਾਹਰ ਹੈ। ਸਭੰ – ਇਹ ਨਿਯਮ ਆਪਣੇ ਆਪ ਤੋਂ ਆਪ ਸੁਤੇ ਸਿਧ ਪ੍ਰਕਾਸ਼ਮਾਨ ਹੈ ਕਿਸੇ ਦਾ ਬਣਾਇਆ ਹੋਇਆ ਨਹੀਂ। ਗੁਰ ਪ੍ਰਸਾਦਿ, ਆਉ ਮਿਹਰਬਾਨੀ ਕਰਕੇ ਸਮਝਣ ਦਾ ਯਤਨ, ਉੱਦਮ ਕਰੀਏ।

ਨੋਟ: – ਇਹ ਗੱਲ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਕਹੇ ਜਾਂਦੇ ਪਰਚਲਤ ਧਰਮਾਂ ਦੇ ਨਾਂਅ ਤੇ ਬਣੇ ਵੱਖ ਵੱਖ ਫਿਰਕਿਆਂ ਦੀਆਂ ਮਾਨਤਾਵਾਂ ਅਨੁਸਾਰ ਇੱਕ ਰੱਬ ਜੀ ਹਨ ਕੋਈ ਉਸ ਰੱਬ ਜੀ ਨੂੰ ਸਤਵੇਂ ਅਸਮਾਨ ਤੇ ਬਿਠਾਈ ਬੈਠਾ ਹੈ, ਕੋਈ ਇਹ ਕਹਿੰਦਾ ਹੈ ਪਤਾ ਨਹੀਂ ਕਿਥੇ ਬੈਠਾ ਹੈ, ਕਿਥੇ ਬੈਠਕੇ ਸੇਵਾ ਸੰਭਾਲ ਕਰ ਰਿਹਾ ਹੈ। ਕੋਈ ਰੱਬ ਜੀ ਨੂੰ ਪੱਖਪਾਤੀ ਸਾਬਤ ਕਰਦਾ। ਕੋਈ ਰੱਬ ਜੀ ਨੂੰ ਇਕੁ ਤਾਂ ਮੰਨਦਾ ਹੈ ਪਰ ਉਸ ਲਈ ਇੱਕ ਨਿਸਚਤ ਸੀਮਾਂ ਵੀ ਨਿਰਧਾਰਤ ਕਰੀ ਬੈਠਾ ਹੋਇਆ ਹੈ, ਰੱਬ ਜੀ ਦੇ ਬਰਾਬਰ ਉਸਦਾ ਇੱਕ ਸਾਨੀ, ਸੈਤਾਨ ਵੀ ਖੜਾ ਕੀਤਾ ਹੋਇਆ ਹੈ। ਕੋਈ ਰੱਬ ਜੀ ਨੂੰ ਅਵਤਾਰਵਾਦੀ ਭੇਖ ਵਿੱਚ ਜੂਨੀ ਸਾਬਤ ਕਰਦਾ ਹੋਇਆ ਪੱਥਰ ਦੀਆਂ ਮੂਰਤੀਆਂ ਵਿੱਚ ਜਾ ਫਿਟ ਕਰਦਾ ਹੈ। ਪਰ ਗੁਰਮਤਿ ਦੇ ਮੁੱਢਲੇ ਸਿਧਾਂਤ ਅਨੁਸਾਰ ਇਕੁ ਨਿਯਮ ਜੋ ਸਮੁੱਚੀ ਸ੍ਰਿਸਟੀ ਵਿੱਚ ਵਿਆਪਕ/ਫੈਲਿਆ ਹੈ, ਉਸ ਦਾ ਕੋਈ ਸਾਨੀ ਨਹੀਂ, ਕਿਸੇ ਦਾ ਚਲਾਇਆ ਨਹੀਂ ਚਲਦਾ। ਨਾ ਹੀ ਉਹ ਨਿਯਮ, ਨਿਜਾਮ ਨਾਲ ਕੋਈ ਪੱਖਪਾਤ ਹੀ ਕਰਦਾ ਹੈ। ਇਹ ਗੁਰਮਤਿ ਦਾ ਰੱਬ ਹੈ। ਅਜੂਨੀ ਹੈ – ਜੂਨ ਵਿੱਚ ਆਉਣ ਵਾਲਾ ਕੋਈ ਅਵਤਾਰਵਾਦੀ ਰੱਬ ਨਹੀਂ। ਸੈਭੰ – ਕਰਤਾਰ ਰੂਪ ਨਿਯਮ ਆਪਣੇ ਆਪ ਤੋਂ ਆਪ ਉਤਪਨ/ਪ੍ਰਕਾਸ਼ਮਾਨ ਹੈ। ਜਦੋਂ ਇਹ ਹੀ ਕਹਿ ਦਿੱਤਾ ਕਿ “ਸੈਭੰ”ਹੈ ਭਾਵ ਆਪਣੇ ਆਪ ਤੋਂ ਆਪ ਹੈ ਤਾਂ ਕੋਈ ਸੰਕਾ ਹੀ ਨਹੀ ਰਹਿ ਜਾਂਦਾ ਕਿ ਇਸ ਬ੍ਰਹਮੰਡ ਦੇ ਪਿਛੇ ਕੋਈ ਵੱਖਰੇ ਵੱਖਰੇ ਗਰੁੱਪਾਂ ਵਲੋਂ ਸਿਰਜੇ ਰੱਬ ਜੀ ਸਿਰਜਕ ਹਨ। ਸੋ ਸਪਸਟ ਹੈ ਕਿ ਗੁਰਮਤਿ ਅਨੁਸਾਰ ਬ੍ਰਹਮੰਡ, ਕੁਦਰਤਿ ਵਿੱਚ ਵਿਆਪਕ ਇਕੁ ਦਾ ਨਿਯਮ ਦਾ ਨਾਮ ਰੱਬ ਹੈ ਜੋ ਆਪਣੇ ਆਪ ਤੋਂ ਆਪ ਹੈ।

ਮੂਲ ਮੰਤ੍ਰ ਗੁਰਬਾਣੀ ਸਿਧਾਂਤ ਨੂੰ ਵੀਚਾਰਨ ਵੇਲੇ ਕਸਵੱਟੀ ਹੈ। ਇਹ ਮੂਲ ਸਿਧਾਂਤ ਜੰਮ ਕੇ ਮਰ ਜਾਣ ਵਾਲੇ ਸੱਤਵੇ ਅਸਮਾਨ, ਕਿਤੇ ਅਣਦੱਸੀ ਥਾਂ ਤੇ ਅਖਾੜਾ ਲਾਈ ਬੈਠੇ ਰੱਬ ਲਈ ਕੋਈ ਥਾਂ ਨਹੀਂ। ਸੋ ਗੁਰਮਤਿ ਦਾ ਮੂਲ ਸਿਧਾਂਤ ਅਖੌਤੀ ਅਵਤਾਰਵਾਦ ਦੇ ਰੱਬ ਹੋਣ ਦੇ ਭਰਮ ਉੱਤੇ ਕਾਲੀ ਲੀਕ ਫੇਰਦਾ ਹੋਇਆ ਦਰਸਾਉਦਾ ਹੈ ਕਿ ਰੱਬ ਅਜੂਨੀ ਹੈ। ਜੂਨ ਵਿੱਚ ਆਕੇ, ਜੰਮਕੇ ਮਰ ਜਾਣ ਵਾਲਾ ਕੋਈ ਅਖੌਤੀ, ਰੱਬ ਨਹੀਂ। ਕੁਦਰਤਿ ਵਿੱਚ ਵਿਆਪਕ ਨਿਯਮ ਕਿਸੇ ਭੈ ਅਧੀਨ ਨਹੀਂ ਨਿਰਭਉ ਹੈ। ਨਿਰਵੈਰ ਹੈ, ਪੱਖਪਾਤੀ ਨਹੀਂ। ਜਿਹੜੀ ਵਿਆਖਿਆ ਰੱਬ ਨੂੰ ਇਹ ਕਹਿਕੇ ਪੱਖਪਾਤੀ ਸਾਬਤ ਕਰਦੀ ਹੈ ਕਿ ਇਕਨਾ ਤੇ ਰੱਬ ਨੇ ਬਖਸ਼ਿਸ਼ਾਂ ਕੀਤੀਆ ਹੋਈਆ ਹਨ ਅਤੇ ਇਕਨਾਂ ਨੂੰ ਰੱਬ ਨੇ ਭਟਕਣਾ ਵਿੱਚ ਪਾਇਆ ਹੈ, ਉਹ ਗੁਰਮਤਿ ਦੇ ਮੁਢਲੇ ਸਿਧਾਂਤ ਅਨੁਸਾਰੀ ਨਹੀ। ਕਿਉਕਿ ਨਿਰਵੈਰਤਾ ਦੇ ਸਿਧਾਂਤ ਤੇ ਸਵਾਲੀਆ ਚਿੰਨ ਲਾਉਦੀ ਹੈ। ਗੁਰਬਾਣੀ ਨੂੰ ਵੀਚਾਰਨ ਵੇਲੇ ਇਹ ਗੱਲ ਯਾਦ ਰੱਖਣੀ ਹੈ ਕਿ ਵਿਆਖਿਆ ਕਰਨ ਵੇਲੇ ਰੱਬ ਨੂੰ ਪੱਖਪਾਤੀ, ਅਜੂਨੀ ਦੀ ਥਾਂ ਜੂਨੀ ਜਾਂ ਕਿਸੇ ਦਾ ਸਾਨੀ ਨਹੀਂ ਬਣਾਇਆ ਜਾ ਸਕਦਾ ਜੇਕਰ ਕਿਸੇ ਵਲੋਂ ਬਣਾਇਆ ਜਾਂਦਾ ਹੈ ਤਾਂ ਉਹ ਗੁਰਮਤਿ ਅਨੁਸਾਰੀ ਨਿਯਮ ਰੂਪ ਰੱਬ ਨਹੀਂ। ਇਹ ਗੱਲ ਸਮਝਣੀ ਕਿਵੇਂ ਹੈ: –

04/27/2020 at 6:24am 2 Likes

**Iqbal Singh Dhillon** In reply to Baldev singh toronto

ਸ. ਬਲਦੇਵ ਸਿੰਘ ਟੋਰਾਂਟੋ ਜੀ,

ਤੁਹਾਡਾ ਦਾਵਾ ਹੈ ਕਿ 'ਗੁਰਮਤਿ ਦੇ ਮੁੱਢਲੇ ਸਿਧਾਂਤ ਅਨੁਸਾਰ ਇਕੁ ਨਿਯਮ ਜੋ ਸਮੁੱਚੀ ਸ੍ਰਿਸਟੀ ਵਿੱਚ ਵਿਆਪਕ/ਫੈਲਿਆ ਹੈ,........... ਇਹ ਗੁਰਮਤਿ ਦਾ ਰੱਬ ਹੈ "। ਕੀ ਤੁਸੀਂ ਇਹ ਦੱਸਣ ਦੀ ਕਿਰਪਾਲਤਾ ਕਰੋਗੇ ਕਿ ਗੁਰਬਾਣੀ ਵਿਚ ਇਹ ਕਿੱਥੇ ਕਿਹਾ ਗਿਆ ਹੈ ਕਿ ਇਹ ਨਿਯਮ 'ਰੱਬ' ਹੈ ?

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/04/2020 at 3:08pm 2 Likes

**Baldev singh toronto**

ਸਰਦਾਰ ਇਕਬਾਲ ਸਿੰਘ ਜੀ ਆਪ ਜੀ ਦਾ ਮੇਰੇ ਲਈ ਸਵਾਲ ਹੈ : – ਕਿ ਤੁਹਾਡਾ ਦਾਵਾ ਹੈ ਕਿ ਗੁਰਮਤਿ ਦੇ ਮੁਢਲੇ ਸਿਧਾਂਤ ਅਨੁਸਾਰ ਇਕੁ ਨਿਯਮ ਜੋ ਸਮੁੱਚੀ ਸ੍ਰਿਸਟੀ ਵਿੱਚ ਵਿਆਪਕ/ਫੈਲਿਆ ਹੈ ....... ਕਿ ਇਹ ਗੁਰਮਤਿ ਦਾ ਰੱਬ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਸੰਪਾਦਕ ਜੀ ਦਾ ਸਵਾਲ ਸੀ ਕਿ ਰੱਬ ਦੀ ਹੌਂਦ ਬਾਰੇ ਤੁਹਾਡੇ ਕੀ ਵੀਚਾਰ ਹਨ। ਉਸ ਨੂੰ ਮੁਖ ਰੱਖਕੇ ਆਪਣੀ ਜਿਨੀ ਕੁ ਸਮਝ ਹੈ ਉਸਦੇ ਮੁਤਾਬਕ ਗੁਰਬਾਣੀ ਨੂੰ ਸਮਝਣ ਦੀ ਕੋਸ਼ਿਸ਼ ਕਰਕੇ ਆਪਣੇ ਵੀਚਾਰ ਪੇਸ ਕੀਤੇ ਹਨ ਨਾ ਕਿ ਕੋਈ ਦਾਵਾ ਕੀਤਾ ਹੈ।ਬਾਕੀ ਸੰਪਾਦਕ ਜੀ ਨੇ ਸਾਰਿਆ ਨੂੰ ਆਪਣੇ ਆਪਣੇ ਵੀਚਾਰ ਪੇਸ ਕਰਨ ਲਈ ਕਿਹਾ ਸੀ, ਜਿਸ ਨੂੰ ਮੁਖ ਰੱਖਕੇ ਮੈ ਵੀ ਤੁਹਾਡੇ ਵਾਂਗ ਆਪਣੇ ਵੀਚਾਰ ਹੀ ਪੇਸ ਕੀਤੇ ਹਨ ਕੋਈ ਦਾਵਾ ਨਹੀਂ ਕੀਤਾ ਅਤੇ ਨਾ ਹੀ ਸੰਪਾਦਕ ਜੀ ਨੇ ਆਪਣੇ ਆਪਣੇ ਦਾਵੇ ਹੀ ਪੇਸ ਕਰਨ ਲਈ ਹੀ ਕਿਹਾ ਸੀ।

ਅੱਗੇ ਆਪ ਜੀ ਦਾ ਸਵਾਲ ਹੈ ਕਿ, ਕੀ ਤੁਸੀ ਦੱਸਣ ਦੀ ਕ੍ਰਿਪਾਲਤਾ ਕਰੋਗੇ ਕਿ ਗੁਰਬਾਣੀ ਵਿੱਚ ਇਹ ਕਿਥੇ ਕਿਹਾ ਗਿਆ ਹੈ ਕਿ ਇਹ ਨਿਯਮ 'ਰੱਬ ਹੈ?

ਪਹਿਲੀ ਗੱਲ ਤਾਂ ਆਪ ਇਹ ਗੱਲ ਸਪਸਟ ਕਰੋ ਕਿ, ਕੀ ਗੁਰਬਾਣੀ ਸਮੁੱਚੇ ਬ੍ਰਹਮੰਡੀ ਨਿਯਮ-ਤੰਤਰ ਨੂੰ ਕਾਸਮਿਕ ਲਾਅ ਵਿੱਚ ਸਾਰਾ ਸਮਾਇਆ ਹੋਇਆ ਕਿਆਸਦੀ ਹੈ? ਕੀ ਤੁਹਾਡੇ ਮੁਤਾਬਕ ਕਿਆਸਦੀ ਜਾਨੀ ਕਿ ਅਟਕਲ ਪੱਚੂ ਲਾਉਦੀ ਹੈ? ਜਾ ਮੰਨਦੀ ਹੈ।

ਬਾਕੀ ਵੀਚਾਰ ਕਰਨ ਲਈ ਹਾਜਰ ਹਾਂ

ਬਲਦੇਵ ਸਿੰਘ ਟੌਰਾਂਟੋਂ

05/05/2020 at 12:18am

**Iqbal Singh Dhillon**

ਬਲਦੇਵ ਸਿੰਘ ਟੌਰਾਂਟੋਂ ਜੀ,

ਜੇਕਰ ਤੁਸੀਂ 'ਦਾਵਾ' ਦੀ ਜਗਹ ਤੇ 'ਵਿਚਾਰ' ਸ਼ਬਦ ਨੂੰ

ਤਰਜੀਹ ਦੇਂਦੇ ਹੋ ਤਾਂ ਕੋਈ ਗੱਲ ਨਹੀਂ, ਮੇਰਾ ਸਵਾਲ ਤਾਂ ਫਿਰ ਵੀ ਕਾਇਮ ਹੈ। ਜੇਕਰ ਕੋਈ ਵਿਅਕਤੀ ਸਾਨੂੰ ਸਵਾਲ ਕਰਦਾ ਹੈ ਤਾਂ ਸਾਡਾ ਫਰਜ਼ ਬਣ ਜਾਂਦਾ ਹੈ ਕਿ ਉਸ ਸਵਾਲ ਦਾ ਜਵਾਬ ਦਿੱਤਾ ਜਾਵੇ ਨਾ ਕਿ ਸਵਾਲ-ਕਰਤਾ ਨੂੰ ਉਲਟਾ ਕੋਈ ਸਵਾਲ ਕਰ ਦਿੱਤਾ ਜਾਵੇ। ਮੈਂ ਤਾਂ ਤੁਹਾਡੀ ਜਨਤਕ ਤੌਰ ਤੇ ਪੇਸ਼ ਕੀਤੀ ਲਿਖਤ ਵਿੱਚੋਂ ਹੂਬਹੂ ਹਵਾਲਾ ਦੇਂਦੇ ਹੋਏ ਤੁਹਾਨੂੰ ਇਕ ਸਵਾਲ ਕੀਤਾ ਹੈ ਜਿਸ ਦਾ ਸਿੱਧਾ ਉੱਤਰ ਦੇਣਾ ਤੁਹਾਡੀ ਜ਼ਿੰਮੇਵਾਰੀ ਬਣਦੀ ਹੈ। ਸੋ, ਕਿਰਪਾ ਕਰਕੇ ਪਹਿਲਾਂ ਤੁਸੀਂ ਮੇਰੇ ਸਵਾਲ ਦਾ ਆਪਣਾ ਉੱਤਰ ਪੇਸ਼ ਕਰੋ, ਬਾਕੀ ਗੱਲਾਂ ਫਿਰ ਵਿਚਾਰ ਲਵਾਂਗੇ। ਮੈਂ ਵੱਖਰੇ ਤੌਰ ਤੇ ਪੇਸ਼ ਕੀਤੇ ਤੁਹਾਡੇ ਹਰ ਸਵਾਲ/ਟਿੱਪਣੀ ਦਾ ਜਵਾਬ ਦੇਣ ਲਈ ਵਚਨਬੱਧ ਹਾਂ ਜੀ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/05/2020 at 1:12pm 1 Like

**Iqbal Singh Dhillon**

ਬਲਦੇਵ ਸਿੰਘ ਟੌਰਾਂਟੋਂ ਜੀ,

ਜੇਕਰ ਤੁਸੀਂ ‘ਦਾਵਾ’ ਦੀ ਜਗਹ ਤੇ ‘ਵਿਚਾਰ’ ਸ਼ਬਦ ਨੂੰ ਤਰਜੀਹ ਦੇਂਦੇ ਹੋ ਤਾਂ ਕੋਈ ਗੱਲ ਨਹੀਂ, ਮੇਰਾ ਸਵਾਲ ਤਾਂ ਫਿਰ ਵੀ ਕਾਇਮ ਹੈ। ਜੇਕਰ ਕੋਈ ਵਿਅਕਤੀ ਸਾਨੂੰ ਸਵਾਲ ਕਰਦਾ ਹੈ ਤਾਂ ਸਾਡਾ ਫਰਜ਼ ਬਣ ਜਾਂਦਾ ਹੈ ਕਿ ਉਸ ਸਵਾਲ ਦਾ ਜਵਾਬ ਦਿੱਤਾ ਜਾਵੇ ਨਾ ਕਿ ਸਵਾਲ-ਕਰਤਾ ਨੂੰ ਉਲਟਾ ਕੋਈ ਸਵਾਲ ਕਰ ਦਿੱਤਾ ਜਾਵੇ। ਮੈਂ ਤਾਂ ਤੁਹਾਡੀ ਜਨਤਕ ਤੌਰ ਤੇ ਪੇਸ਼ ਕੀਤੀ ਲਿਖਤ ਵਿੱਚੋਂ ਹੂਬਹੂ ਹਵਾਲਾ ਦੇਂਦੇ ਹੋਏ ਤੁਹਾਨੂੰ ਇਕ ਸਵਾਲ ਕੀਤਾ ਹੈ ਜਿਸ ਦਾ ਸਿੱਧਾ ਉੱਤਰ ਦੇਣਾ ਤੁਹਾਡੀ ਜ਼ਿੰਮੇਵਾਰੀ ਬਣਦੀ ਹੈ। ਸੋ, ਕਿਰਪਾ ਕਰਕੇ ਪਹਿਲਾਂ ਤੁਸੀਂ ਮੇਰੇ ਸਵਾਲ ਦਾ ਆਪਣਾ ਉੱਤਰ ਪੇਸ਼ ਕਰੋ, ਬਾਕੀ ਗੱਲਾਂ ਫਿਰ ਵਿਚਾਰ ਲਵਾਂਗੇ।

ਮੈਂ ਵੱਖਰੇ ਤੌਰ ਤੇ ਪੇਸ਼ ਕੀਤੇ ਤੁਹਾਡੇ ਹਰ ਸਵਾਲ/ਟਿੱਪਣੀ ਦਾ ਜਵਾਬ ਦੇਣ ਲਈ ਵਚਨਬੱਧ ਹਾਂ ਜੀ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/05/2020 at 1:52pm

**Makhan Singh Purewal**

ਵਿਦਵਾਨ ਸੱਜਣੋ ਕੀ ਹੋ ਗਿਆ, ਚੁੱਪ ਕਿਉਂ ਕਰ ਗਏ? ਕੀ ਸਵਾਲ ਸਮਝ ਨਹੀਂ ਆਇਆ ਜਾਂ ਨਿਯਮ ਸਮਝ ਨਹੀਂ ਆਏ? ਮੈਂ ਪੰਜਵੇਂ ਨਿਯਮ ਵਿੱਚ ਲਿਖਿਆ ਸੀ ਕਿ ਘੱਟ ਤੋਂ ਘੱਟ ਸ਼ਬਦਾਂ ਵਿੱਚ ਢੁਕਵਾਂ ਉੱਤਰ ਦੇਣ ਦੀ ਕੋਸ਼ਿਸ਼ ਕਰੋ। ਕੀ ਦੋ ਤਿੰਨ ਲਾਈਨਾ ਲਿਖਣ ਲਈ ਸਮਾ ਨਹੀਂ ਮਿਲ ਰਿਹਾ ਜਾਂ ਸੋਚ ਸਾਥ ਨਹੀਂ ਦੇ ਰਹੀ? ਬਹੁਤਿਆਂ ਨੇ ਤਾਂ ਇਸ ਸਵਾਲ ਦਾ ਜਵਾਬ ਪਹਿਲਾਂ ਹੀ ਆਪਣੇ ਕਿਸੇ ਨਾ ਕਿਸੇ ਲੇਖ ਵਿੱਚ ਲਿਖਿਆ ਹੋਇਆ ਹੋਵੇਗਾ। ਉਥੋਂ ਵੀ ਕਾਪੀ ਪੇਸਟ ਕਰਕੇ ਪਾ ਸਕਦੇ ਹੋ। ਕੀ ਕੁਦਰਤ ਹੀ ਰੱਬ ਹੈ? ਕੀ ਰੱਬ ਕੁਦਰਤ ਵਿੱਚ ਹੀ ਵਸਿਆ ਹੋਇਆ ਹੈ ਜਾਂ ਇਸ ਤੋਂ ਵੱਖਰਾ ਹੈ? ਜੇ ਵੱਖਰਾ ਹੈ ਤਾਂ ਕਿਸ ਤਰ੍ਹਾ ਦਾ ਹੈ? ਕੀ ਕਾਦਰ ਅਤੇ ਕੁਦਰਤ ਇਕੋ ਸਿੱਕੇ ਦੇ ਦੋ ਪਾਸੇ ਹਨ? ਕੀ ਰੱਬੀ ਨਿਯਮਾਵਲੀ ਦਾ ਨਾਮ ਹੀ ਰੱਬ ਹੈ? ਕੁਦਰਤ ਜਿਸ ਨਿਯਮ ਅਧੀਨ ਵਿਚਰਦੀ ਹੈ ਕੀ ਉਸ ਦਾ ਨਾਮ ਰੱਬ ਹੈ? ਜੇ ਕਰ ਹਰ ਕਿਰਤ ਦੇ ਪਿਛੇ ਕੋਈ ਕਰਤਾ ਹੁੰਦਾ ਹੈ ਅਤੇ ਕੁਦਰਤ ਦੇ ਪਿੱਛੇ ਕੋਈ ਕਾਦਰ ਹੈ ਫਿਰ ਕਾਦਰ ਦੇ ਪਿੱਛੇ ਹੋਰ ਕਿਹੜਾ ਕਾਦਰ ਹੈ? ਕੀ ਉਹ ਕਿਤੇ ਸੱਚ ਖੰਡ ਵਿੱਚ ਤਾਂ ਨਹੀਂ ਬੈਠਾ? ਇਸ ਤਰ੍ਹਾਂ ਦਾ ਕੋਈ ਵੀ ਜਵਾਬ ਆਪਣੀ ਸੋਚਣੀ ਮੁਤਾਬਕ ਸੋਚ ਕੇ ਦੇ ਸਕਦੇ ਹੋ। ਜਿਤਨਾ ਕਪਟ, ਬੇਈਮਾਨੀ, ਝੂਠ, ਫਰੇਬ ਅਤੇ ਗੁੰਡਾਗਰਦੀ ਖਾਸ ਕਰਕੇ ਭਿਡਰਾਂਵਾਲੇ ਸਾਧ ਦੀ ਅਤੇ ਉਸ ਦੇ ਚੇਲਿਆਂ ਦੀ ਸਿੱਖਾਂ ਵਿੱਚ ਵਾੜੀ ਹੋਈ ਹੈ ਉਸ ਤੋਂ ਤਾਂ ਮੈਂ ਪਹਿਲਾਂ ਹੀ ਬਹੁਤ ਖਫਾ ਹਾਂ ਅਤੇ ਸਾਰਿਆਂ ਤੋਂ ਕਿਨਾਰਾ ਕਰਨ ਦੀ ਸੋਚ ਰਿਹਾ ਹਾਂ। ਤੁਹਾਡੇ ਚੁੱਪ ਰਹਿਣ ਨਾਲ ਖਹਿੜਾ ਛੇਤੀਂ ਛੁੱਟ ਜਾਣਾ। ਇਸ ਲਈ ਤੁਹਾਡਾ ਸਾਰਿਆਂ ਦਾ ਆਖਰੀ ਧੰਨਵਾਦ ਸ਼ਾਇਦ ਬਹੁਤ ਛੇਤੀਂ ਹੀ ਕਰ ਦੇਵਾਂ।

04/28/2020 at 9:26pm 3 Likes

**Iqbal Singh Dhillon** In reply to Makhan Singh Purewal

ਸ. ਮੱਖਣ ਸਿੰਘ ਪੁਰੇਵਾਲ ਜੀ,

'ਰੱਬ' ਵਿਚ ਵਿਸ਼ਵਾਸ (ਅੰਧਵਿਸ਼ਵਾਸ) ਇਕ ਮਨੋਵਿਗਿਆਨਕ ਸਥਿਤੀ ਹੈ। ਹਜ਼ਾਰਾਂ ਸਾਲਾ ਤੋਂ ਪੀੜ੍ਹੀਓ-ਪੀੜ੍ਹੀ ਚੱਲਦਾ ਆ ਰਿਹਾ ਇਹ 'ਵਿਸ਼ਵਾਸ' ਮਨੁੱਖ ਦੇ ਅਵਚੇਤਨ (sub-conscious) ਮਨ ਵਿਚ ਘਰ ਕਰੀ ਬੈਠਾ ਹੋਣ ਕਰਕੇ ਮਨੁੱਖ ਸਦਾ ਆਤਮ-ਵਿਸ਼ਵਾਸ ਤੋਂ ਵਾਂਝਾ ਹੀ ਰਿਹਾ ਹੈ। ਵੀਹਵੀਂ ਸਦੀ ਵਿਚ ਵਿਗਿਆਨ ਦੇ ਉੱਥਾਨ ਨਾਲ ਸੰਸਾਰ ਭਰ ਵਿਚ ਕਈ ਲੋਕ ਇਸ ਗ੍ਰਹਿਣੀ ਹੋਈ ਮਾਨਸਿਕਤਾ ਤੋਂ ਅਜ਼ਾਦੀ ਪਰਾਪਤ ਕਰ ਗਏ ਹਨ ਪਰੰਤੂ ਬਹੁਤੇ ਲੋਕਾਂ ਦੀ ਮਨੋਬਿਰਤੀ ਅਜੇ ਵੀ ਇਸ 'ਵਿਸ਼ਵਾਸ' ਦੇ ਭਾਰ ਹੇਠ ਦੱਬੇ ਹੋਏ ਚੱਲੀ ਆ ਰਹੀ ਹੈ। ਹੁਣ, ਸਿਖ ਭਾਈਚਾਰੇ ਵਿਚਲੇ 'ਜਾਗਰੂਕ' ਸੱਜਣ ਭਾਰੀ ਭੰਬਲਭੂਸੇ ਦਾ ਸ਼ਿਕਾਰ ਹਨ ਅਤੇ ਦੋਚਿੱਤੀ ਦਾ ਸ਼ਿਕਾਰ ਹੋਣ ਕਰਕੇ ਉਹ ਖੁਲ੍ਹ ਕੇ ਵਿਚਾਰ ਦੇਣ ਦੀ ਸਥਿਤੀ ਵਿਚ ਨਹੀਂ। ਇਸ ਲਈ 'ਕੁਦਰਤੀ' ਬਣ ਚੁੱਕੇ ਇਸ ਵਰਤਾਰੇ ਬਾਰੇ ਬਹੁਤਾ ਗੰਭੀਰ ਹੋਣ ਦੀ ਲੋੜ ਨਹੀਂ। ਸਮਾਂ ਬੀਤਣ ਨਾਲ ਕਾਫੀ ਕੁਝ ਠੀਕ ਹੋ ਜਾਵੇਗਾ। ਪਰੰਤੂ ਇਸਦੇ ਲਈ ਤੁਹਾਨੂੰ ਖੁਦ ਨੂੰ ਵੀ ਹੋਰ ਸਪਸ਼ਟ ਹੋਣ ਦੀ ਲੋੜ ਹੈ। ਵਿਗਿਆਨ ਦੇ ਅਜੋਕੇ ਸਮੇਂ ਵਿਚ ਸੰਸਾਰ ਪੱਧਰ ਤੇ 'ਰੱਬ' ਦੇ ਮਸਲੇ ਉੱਤੇ ਜਿਤਨੀ ਜਾਗਰੂਕਤਾ ਆ ਚੁੱਕੀ ਹੈ ਉਸ ਮੁਤਾਬਿਕ ਜਿਹੜੇ ਸਵਾਲ ਤੁਸੀਂ ਆਪਣੀ ਇਸ ਪੋਸਟ ਵਿਚ ਪੁੱਛ ਰਹੇ ਹੋ ਉਹਨਾਂ ਦੇ ਜਵਾਬ ਲੱਭਣੇ ਜ਼ਿਆਦਾ ਮੁਸ਼ਕਿਲ ਨਹੀਂ। ਉਦਾਹਰਨ ਦੇ ਤੌਰ ਤੇ ਜੇਕਰ ਮੈਂ ਇਹਨਾਂ ਸਵਾਲਾਂ ਦੇ ਸਿੱਧੇ ਉੱਤਰ ਦੇਣੇ ਹੋਣ ਤਾਂ ਉਹ ਹੇਠਾਂ ਦਿੱਤੇ ਅਨੁਸਾਰ ਹੋਣਗੇ:

1. "ਕੀ ਕੁਦਰਤ ਹੀ ਰੱਬ ਹੈ?"

ਨਹੀਂ, ਰੱਬ ਤਾਂ ਕੇਵਲ ਕਲਪਨਾ ਮਾਤਰ ਹੈ ਅਤੇ ਕੁਦਰਤ ਅਸਲੀਅਤ ਹੈ। ਇਸ ਲਈ ਇਹ ਕਹਿਣਾ ਤਰਕਸੰਗਤ ਨਹੀਂ ਕਿ ਕੁਦਰਤ ਰੱਬ ਹੈ। (ਏਥੇ ਇਹ ਵੀ ਸੋਚਣਾ ਪਵੇਗਾ ਕਿ 'ਕੁਦਰਤ' ਵਿਚ ਕੀ-ਕੀ ਸ਼ਾਮਲ ਹੈ।)

2. "ਕੀ ਰੱਬ ਕੁਦਰਤ ਵਿੱਚ ਹੀ ਵਸਿਆ ਹੋਇਆ ਹੈ ਜਾਂ ਇਸ ਤੋਂ ਵੱਖਰਾ ਹੈ? ਜੇ

ਵੱਖਰਾ ਹੈ ਤਾਂ ਕਿਸ ਤਰ੍ਹਾ ਦਾ ਹੈ?"

ਜਦੋਂ 'ਰੱਬ' ਦੀ ਕੋਈ ਹੋਂਦ ਹੀ ਨਹੀਂ ਇਸਦੇ ਕੁਦਰਤ ਵਿਚ ਵੱਸੇ ਹੋਣ ਦਾ ਦਾਵਾ ਕਰਨਾ ਆਪਣੇ-ਆਪ ਵਿਚ ਤਰਕਹੀਣ ਗੱਲ ਹੈ। ਏਸੇ ਤਰ੍ਹਾਂ ਜਦੋਂ 'ਰੱਬ' ਦੀ ਕੋਈ ਹੋਂਦ ਹੀ ਨਹੀਂ ਇਸ ਦੇ ਕੁਦਰਤ ਤੋਂ ਵੱਖਰੇ ਤੌਰ ਤੇ ਕਿਸੇ ਰੂਪ ਵਿਚ ਮੌਜੂਦ ਹੋਣ ਦੀ ਕੋਈ ਸਥਿਤੀ ਵੀ ਨਹੀਂ ਉਪਜਦੀ।

3. "ਕੀ ਕਾਦਰ ਅਤੇ ਕੁਦਰਤ ਇਕੋ ਸਿੱਕੇ ਦੇ ਦੋ ਪਾਸੇ ਹਨ?"

ਜੇਕਰ ਏਥੇ 'ਕਾਦਰ' ਤੋਂ ਭਾਵ ਕਾਲਪਨਿਕ 'ਰੱਬ' ਲਿਆ ਜਾ ਰਿਹਾ ਹੈ ਤਾਂ ਉੱਤਰ 'ਨਾ' ਵਿਚ ਹੈ ਅਤੇ ਜੇਕਰ ਏਥੇ 'ਕਾਦਰ' ਤੋਂ ਭਾਵ ਬ੍ਰਹਮੰਡੀ ਊਰਜਾ-ਸ਼ਕਤੀ ਹੈ ਤਾਂ ਉੱਤਰ 'ਹਾਂ' ਵਿਚ ਹੈ ।

4. "ਕੀ ਰੱਬੀ ਨਿਯਮਾਵਲੀ ਦਾ ਨਾਮ ਹੀ ਰੱਬ ਹੈ?"

ਨਹੀਂ, ਜਦੋਂ 'ਰੱਬ' ਦੀ ਕੋਈ ਹੋਂਦ ਹੀ ਨਹੀਂ, ਕੋਈ 'ਰੱਬੀ ਨਿਯਮਾਵਲੀ' ਵੀ ਮੌਜੂਦ ਨਹੀਂ ਹੋ ਸਕਦੀ, 'ਨਾਮ' ਦੀ ਗੱਲ ਸੋਚਣਾ ਤਾਂ ਦੂਰ ਦੀ ਗੱਲ ਹੈ। ਦੂਸਰੇ ਪਾਸੇ ਵਿਗਿਆਨਕਾਂ ਨੇ ਬ੍ਰਹਮੰਡੀ ਨਿਯਮ-ਤੰਤਰ (cosmic system) ਦੇ ਅਧਾਰ ਤੇ ਬ੍ਰਹਮੰਡੀ-ਨਿਯਮਾਵਲੀ ਦੀ ਪਛਾਣ ਨਿਰਧਾਰਿਤ ਕਰਨ ਲਈ ਕਾਫੀ ਸ਼ਲਾਘਾਯੋਗ ਕੰਮ ਕਰ ਲਿਆ ਹੋਇਆ ਹੈ ਅਤੇ ਇਸ ਪਾਸੇ ਅਗਲੇਰੇ ਯਤਨ ਜਾਰੀ ਹਨ।

5. "ਕੁਦਰਤ ਜਿਸ ਨਿਯਮ ਅਧੀਨ ਵਿਚਰਦੀ ਹੈ ਕੀ ਉਸ ਦਾ ਨਾਮ ਰੱਬ ਹੈ?"

ਨਹੀਂ, ਕੁਦਰਤ ਇਕ ਹਕੀਕਤ ਹੈ ਅਤੇ 'ਰੱਬ' ਕੇਵਲ ਕਲਪਨਾ ਹੈ। ਕੁਦਰਤ ਦਾ ਨਿਯਮ-ਤੰਤਰ ਵੀ ਇਕ ਹਕੀਕਤ ਹੈ ਅਤੇ ਉਸ ਨੂੰ ਕਿਸੇ ਕਾਲਪਨਿਕ ਹੋਂਦ ਵਾਲਾ ਨਾਮ ਨਹੀਂ ਦਿੱਤਾ ਜਾ ਸਕਦਾ। ਕਈ 'ਜਾਗਰੂਕ' ਸੱਜਣ ਗੁਰਬਾਣੀ ਵਿੱਚੋਂ ਗਲਤ ਹਵਾਲੇ ਦੇਂਦੇ ਹੋਏ ਅਜਿਹਾ ਦਾਵਾ ਕਰਦੇ ਵੇਖੇ ਜਾ ਸਕਦੇ ਹਨ ਜਿਵੇਂ 'ਕੁਦਰਤ ਰੱਬ ਹੈ' ਜਾਂ 'ਕੁਦਰਤ ਦਾ ਨਿਯਮ ਰੱਬ ਹੈ' ਪਰੰਤੂ ਗੁਰਬਾਣੀ ਵਿਚ ਕੋਈ ਅਜਿਹਾ ਹਵਾਲਾ ਸ਼ਾਮਲ ਨਹੀਂ। ਗੁਰਬਾਣੀ ਵਿਚ ਆਉਂਦੀ ਪੰਕਤੀ "ਬਲਿਹਾਰੀ ਕੁਦਰਤ ਵਸਿਆ" ਵਿਚ 'ਰੱਬ' ਜਾਂ ਇਸਦੇ ਕਿਸੇ ਪਰਿਆਇਵਾਚੀ ਸ਼ਬਦ ਦੀ ਵਰਤੋਂ ਹੀ ਨਹੀਂ ਹੋਈ। ਇਸ ਪੰਕਤੀ ਦਾ ਅਰਥ ਹੈ ਕਿ "ਮੈਂ ਉਸ ਬ੍ਰਹਮੰਡੀ ਨਿਯਮ-ਤੰਤਰ

(cosmic system) ਤੋਂ ਬਲਿਹਾਰੀ ਜਾਂਦਾ ਹਾਂ ਜੋ ਕੁਦਰਤ ਵਿਚ ਵੀ ਸਮਾਇਆ ਹੋਇਆ ਹੈ"।

6. "ਜੇਕਰ ਹਰ ਕਿਰਤ ਦੇ ਪਿਛੇ ਕੋਈ ਕਰਤਾ ਹੁੰਦਾ ਹੈ ਅਤੇ ਕੁਦਰਤ ਦੇ ਪਿੱਛੇ ਕੋਈ ਕਾਦਰ ਹੈ ਫਿਰ ਕਾਦਰ ਦੇ ਪਿੱਛੇ ਹੋਰ ਕਿਹੜਾ ਕਾਦਰ ਹੈ?"

ਬ੍ਰਹਮੰਡੀ ਊਰਜਾ-ਸ਼ਕਤੀ ਕੁਦਰਤ ਦੀ ਸਿਰਜਣਹਾਰ ਹੈ ਅਤੇ ਹੁਣ ਤੱਕ ਦੀ ਵਿਗਿਆਨਕ ਖੋਜ ਮੁਤਾਬਿਕ ਉਸ ਬ੍ਰਹਮੰਡੀ ਊਰਜਾ-ਸ਼ਕਤੀ ਤੋਂ ਹੀ ਬ੍ਰਹਮੰਡ ਦੀ ਉਤਪੱਤੀ ਹੋਈ ਹੈ ਭਾਵੇਂ ਬਿਗ-ਬੈਂਗ ਰਾਹੀਂ ਜਾਂ ਕਿਸੇ ਹੋਰ ਤਰੀਕੇ ਨਾਲ। ਹੁਣ ਤੱਕ ਦੀ ਵਿਗਿਆਨਕ ਖੋਜ ਮੁਤਾਬਿਕ ਉਹ ਊਰਜਾ-ਸ਼ਕਤੀ ਆਪਣੇ-ਆਪ ਤੋਂ ਪੈਦਾ ਹੋਈ ਹੈ। ਗੁਰਬਾਣੀ ਵਿਚ ਵੀ ਬ੍ਰਹਮੰਡੀ ਕਰਤਾਰੀ ਸ਼ਕਤੀ ('ਕਰਤਾ ਪੁਰਖ') ਨੂੰ 'ਸੈਭੰ' ਕਿਹਾ ਗਿਆ ਹੈ। ਸੋ ਕੁਦਰਤ ਦੀ ਕਾਦਰ ਬ੍ਰਹਮੰਡੀ ਊਰਜਾ-ਸ਼ਕਤੀ ਹੈ ਅਤੇ ਇਸ ਦਾ ਕਾਦਰ (ਵਿਗਿਆਨ ਅਤੇ ਗੁਰਬਾਣੀ ਦੋਵ੍ਹਾਂ ਅਨੁਸਾਰ) ਕੋਈ ਹੋਰ ਬਾਹਰੀ ਸ਼ਕਤੀ ਨਹੀਂ, ਇਹ ਆਪਣੇ-ਆਪ ਤੋਂ ਹੈ।

7. "ਕੀ ਉਹ ਕਿਤੇ ਸੱਚ ਖੰਡ ਵਿੱਚ ਤਾਂ ਨਹੀਂ ਬੈਠਾ?"

ਨਹੀਂ, ਕਾਲਪਨਿਕ 'ਰੱਬ' ਤਾਂ ਫਰਜ਼ੀ ਹੈ ਇਸ ਲਈ ਉਸ ਨਾਲ ਸਬੰਧਤ ਕੀਤਾ ਜਾਂਦਾ 'ਸੱਚ ਖੰਡ' ਵੀ ਕਾਲਪਨਿਕ ਹੀ ਹੈ। ਜਦੋਂ ਕਾਲਪਨਿਕ 'ਰੱਬ' ਕੁਦਰਤ ਦਾ ਕਾਦਰ ਹੀ ਨਹੀਂ ਉਸ ਦੇ ਕਿਸੇ ਕਾਲਪਨਿਕ 'ਸੱਚ ਖੰਡ' ਵਿਚ ਬੈਠੇ ਹੋਣ ਦਾ ਵਿਚਾਰ ਵੀ ਅਰਥਹੀਣ ਹੀ ਹੈ।

ਇਸ ਲਈ ਬੇਨਤੀ ਹੈ ਕਿ ਤੁਸੀਂ ਪਹਿਲਾਂ ਵਾਲੇ ਹੌਸਲੇ, ਦ੍ਰਿੜਤਾ ਅਤੇ ਸੁਹਿਰਦਤਾ ਨਾਲ ਅੱਗੇ ਚੱਲਦੇ ਰਵ੍ਹੋ। ਇਸ ਅਤੀ ਮਹੱਤਵਪੂਰਨ ਵਿਸ਼ੇ ਉੱਤੇ ਖੁਲ੍ਹੀ ਵਿਚਾਰ-ਚਰਚਾ ਕਰਵਾਉਣ ਦਾ ਜੋ ਕਦਮ ਤੁਸੀਂ ਚੁੱਕਿਆ ਹੈ ਉਹ ਇਤਹਾਸਿਕ ਸਾਬਤ ਹੋਵੇਗਾ, ਮੈਨੂੰ ਇਸ ਦੀ ਪੂਰੀ ਉਮੀਦ ਹੈ। ਤੁਸੀਂ ਸਮੇਂ ਦੇ ਇਕ ਮਹੱਤਵਪੂਰਨ ਬਿੰਦੂ ਉੱਤੇ ਆ ਖੜ੍ਹੇ ਹੋਏ ਹੋ ਅਤੇ ਮਨੁੱਖਤਾ ਨੂੰ ਅੱਗੇ ਬਹੁਤ ਕੁਝ ਦੇ ਸਕਦੇ ਹੋ। ਇਸ ਲਈ ਆਪਣੇ ਯਤਨ ਜਾਰੀ ਰੱਖੋ ਜੀ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/02/2020 at 2:13pm 2 Likes

**ਦਰਸ਼ਨ ਸਿੰਘ**

ਰੱਬ ਦੀ ਹੋਂਦ

ਰੱਬ ਦੀ ਹੋਂਦ ਬਾਰੇ ਜੋ ਅਖੌਤੀ ਧਰਮ ਦੇ ਪੁਜਾਰੀਆਂ ਨੇ ਪ੍ਰਚਾਰਿਆ ਹੈ ਉਸ ਵਿੱਚ ਉਹਨਾਂ ਦਾ ਆਪਣਾ ਸੁਆਰਥ ਝਲਕਾਂ ਮਾਰਦਾ ਹੈ। ਜਿਨਾਂ ਕੁੱਝ ਵੀ ਰੱਬ ਦੀ ਹੋਂਦ ਦੇ ਪੱਖ ਵਿੱਚ ਕਿਹਾ ਜਾ ਸਕਦਾ ਹੈ ਉਨਾਂ ਹੀ ਉਸ ਦੀ ਅਣਹੋਂਦ ਬਾਰੇ ਕਿਹਾ ਜਾਂਦਾ ਹੈ ਤੇ ਇਹੀ ਕਾਰਨ ਹੈ ਕਿ ਉਸ ਦੀ ਹੋਂਦ ਜਾਂ ਅਣਹੋਂਦ ਬਾਰੇ ਕੋਈ ਠੋਸ ਫੈਸਲਾ ਨਹੀ ਹੋ ਸਕਿਆ, ਨਾ ਹੋ ਸਕੇਗਾ ਕਿਉਂਕਿ ਜੋ ਆਪ ਸੀਮਾ ਵਿੱਚ ਹੋਵੇ ਉਸ ਦਾ ਅਸੀਮ ਨੂੰ ਜਾਨਣਾ ਅਸੰਭਵ ਹੈ ਤੇ ਇਸੇ ਗਲ ਦਾ ਲਾਭ ਕੇਵਲ ਪੁਜਾਰੀ ਲਾਣਾ ਪੂਰੀ ਤਰਾਂ ਉਠਾ ਰਿਹਾ ਹੈ। ਮਨੁੱਖ ਦੀ ਵੱਡੀ ਉਲਝਣ ਦੁਐਤ ਹੈ ਜੋ ਇਸ ਨੂੰ ਇਕ ਦੀ ਹੋਂਦ ਬਾਰੇ ਜਾਨਣ ਵਿੱਚ ਅੜਚਨ ਹੈ। ਗੁਰਬਾਣੀ ਅਨੁਸਾਰ ਰੱਬ ਦ੍ਰਿਸ਼ਟ ਵੀ ਕਿਹਾ ਹੈ ਤੇ ਅਦ੍ਰਿਸ਼ਟ ਵੀ, ਅਦ੍ਰਿਸਟੋ ਕਰਤਾ ਦ੍ਰਿਸਟੋ ਕਰਤਾ ॥862 ਨਿਰਗੁਣ ਵੀ ਤੇ ਸਰਗੁਣ ਵੀ ਨਿਰਗੁਣੁ ਸਰਗੁਣੁ ਆਪੇ ਸੋਈ ॥128 , ਇਕ ਵੀ ਓਹੀ ਤੇ ਅਨੇਕ ਵੀ ਓਹੀ ਏਕ ਮਹਿ ਸਰਬ ਸਰਬ ਮਹਿ ਏਕਾ ਏਹ ਸਤਿਗੁਰਿ ਦੇਖਿ ਦਿਖਾਈ ॥ 905 ਪਰ ਜੋ ਦੋਨਾਂ ਨੂੰ ਇਕੋ ਜਾਣ ਲੈਂਦਾ ਹੈ ਉਸ ਨੂੰ ਹੀ ਗੁਰਗਿਆਨ ਦੁਆਰਾ ਇਕ ਦੀ ਹੋਂਦ ਦਾ ਅਨਭਵ ਹੁੰਦਾ ਹੈ। ਏਕਸੁ ਤੇ ਸਭੁ ਦੂਜਾ ਹੂਆ ॥ ਏਕੋ ਵਰਤੈ ਅਵਰੁ ਨ ਬੀਆ ॥ ਦੂਜੇ ਤੇ ਜੇ ਏਕੋ ਜਾਣੈ ॥ ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥842 ਕਹਿਣ ਤੋਂ ਭਾਵ ਇਹੀ ਹੈ ਕਿ ਇਕ ਦਾ ਹੀ ਸਭ ਫੈਲਾਉ ਹੈ, ਇਕ ਦੇ ਹੀ ਦੋ ਰੂਪ ਹਨ, (ਭਾਵੇਂ ਉਸ ਨੂੰ ਰੱਬ ਕਹੋ ਜਾਂ ਉਸ ਦਾ ਹੁਕਮ) ਦੂਜੇ ਕਿਸੇ ਦੀ ਕੋਈ ਹੋਂਦ ਹੀ ਨਹੀ। ਮਨੁੱਖ ਆਪਣੇ ਆਪ ਨੂੰ ਰੱਬ ਕੋਲੋਂ ਵੱਖਰੀ ਹਸਤੀ ਮੰਨ ਕੇ ਉਸ ਦੇ ਕਿਸੇ ਇੱਕ ਆਕਾਰ ਵਿੱਚ (ਉਸ ਅਸੀਮ ਦਾ) ਪ੍ਰਤੱਖ ਪ੍ਰਮਾਣ ਲੋਚਦਾ ਹੈ ਜੋ ਸੰਭਵ ਨਹੀ ਕਿਉਂਕਿ ਨਾਂ ਉਹ ਵੇਖਣ ਵਾਲੇ ਤੋਂ ਅਲੱਗ ਹੈ ਤੇ ਨਾਂ ਅਸੀਮ ਦਾ ਕੋਈ ਪ੍ਰਤੱਖ ਪ੍ਰਮਾਣ ਹੈ। ਬੁੱਧੀ ਦੁਆਰਾ ਉਸ ਦੀ ਅਨਭਵਤਾ ਹੀ ਉਸ ਦਾ ਪ੍ਰਤੱਖ ਪ੍ਰਮਾਣ ਹੈ। ਜੋ ਨਿਰਆਕਾਰ ਤੇ ਅਸੀਮ ਹੈ ਉਹ ਵੇਖਣ ਦਾ ਵਿਸ਼ਾ ਹੀ ਨਹੀ ਹੋ ਸਕਦਾ, ਉਸ ਨੂੰ ਕੇਵਲ ਬੁੱਧੀ ਅਨੁਸਾਰ ਜਾਣਿਆ ਜਾਂ ਬੁਝਿਆ ਹੀ ਜਾ ਸਕਦਾ ਹੈ ਇਸ ਲਈ ਮਨੁੱਖ ਨੂੰ (ਗੁਰਗਿਆਨ ਦੁਆਰਾ) ਰੱਬ ਦੇ ਅਨਭਵੀ ਦੀਦਾਰ ਤਾਂ ਹੋ ਸਕਦੇ ਹਨ ਪਰ ਉਸ ਅਸੀਮ ਨੂੰ ਕਿਸੇ ਇਕ ਖਾਸ ਰੂਪ ਵਿੱਚ ਵੇਖਣਾ ਅਸੰਭਵ ਹੈ। ਗੁਰਬਾਣੀ ਦਾ ਕਥਨ ਹੈ

ਕਿ ਰੱਬ ਦੀ ਹੋਂਦ ਨੂੰ ਜਾਨਣ, ਬੁਝਣ ਲਈ ਮਨੁੱਖ ਨੂੰ ਆਪਣੇ ਆਪ ਨੂੰ ਜਾਨਣਾ ਪਵੇਗਾ (1) ਆਪੁ ਪਛਾਨੈ ਤ ਬੂਝੈ ਸੋਇ॥25 (2) ਆਪੁ ਪਛਾਨੈ ਤ ਏਕੈ ਜਾਨੈ॥ 855 ਜੋ ਆਪਣੇ ਆਪ ਨੂੰ ਪਛਾਣ ਲੈਂਦਾ ਹੈ ਉਸ ਨੂੰ ਰੱਬ ਦੀ ਹੋਂਦ ਦਾ ਅਨਭਵ (ਗਿਆਨ) ਹੋ ਜਾਂਦਾ ਹੈ। ਜੋ ਇਹ ਜਾਣ ਲੈਂਦਾ ਹੈ ਕਿ ਉਹ ਰੱਬ ਨਾਲੋਂ ਵੱਖ ਨਹੀ, ਉਸ ਨੂੰ ਫਿਰ ਕਿਸੇ ਪ੍ਰਤੱਖ ਪ੍ਰਮਾਣ ਦੀ ਲੋੜ ਹੀ ਨਹੀ ਭਾਸਦੀ।

ਅਸੀਮ ਰੱਬ ਦੀ ਹੋਂਦ ਦਾ ਪ੍ਰਤੱਖ ਪ੍ਰਮਾਣ ਕੋਈ ਨਹੀ ਤੇ ਨਾ ਹੀ ਹੋ ਸਕਦਾ ਹੈ ਕਿਉਂਕਿ ਪਹਿਲਾ, ਵੇਖਣ ਵਾਲਾ ਸੀਮਾ ਵਿੱਚ ਹੈ ਤੇ ਰੱਬ ਅਸੀਮ ਹੈ, ਦੂਜਾ ਵੇਖਣ ਵਾਲਾ ਤੇ ਉਹ ਦੋ ਨਹੀ ਇਕੋ ਹੀ ਹਨ, ਤੀਜਾ ਕੇਵਲ ਇਕੋ ਦਾ ਹੀ ਪਸਾਰਾ (ਫੈਲਾਉ) ਹੈ ਕਿਸੇ ਦੂਜੇ ਦੀ ਕੋਈ ਹੋਂਦ ਹੀ ਨਹੀ, ਇਸ ਲਈ ਕੌਣ ਕਿਸ ਦਾ ਪ੍ਰਤੱਖ ਪ੍ਰਮਾਣ ਮੰਗਦਾ ਹੈ?

ਦਰਸ਼ਨ ਸਿੰਘ, ਵੁਲਵਰਹੈਂਪਟਨ।

04/29/2020 at 12:54am 2 Likes

**Iqbal Singh Dhillon** In reply to ਦਰਸ਼ਨ ਸਿੰਘ

ਸ. ਦਰਸ਼ਨ ਸਿੰਘ ਜੀ,

ਤੁਸੀਂ ਕਹਿੰਦੇ ਹੋ ਕਿ " ਅਸੀਮ ਰੱਬ ਦੀ ਹੋਂਦ ਦਾ ਪ੍ਰਤੱਖ ਪ੍ਰਮਾਣ ਕੋਈ ਨਹੀ ਤੇ ਨਾ ਹੀ ਹੋ ਸਕਦਾ ਹੈ" ਅਤੇ " ਉਸ ਅਸੀਮ ਨੂੰ ਕਿਸੇ ਇਕ ਖਾਸ ਰੂਪ ਵਿੱਚ ਵੇਖਣਾ ਅਸੰਭਵ ਹੈ" । ਕੀ ਤੁਸੀਂ ਇਹ ਦੱਸਣ ਦੀ ਕਿਰਪਾਲਤਾ ਕਰੋਗੇ ਕਿ 'ਰੱਬ' ਦੀ ਹੋਂਦ ਵਿਚ ਬਣੇ ਹੋਏ ਤੁਹਾਡੇ ਵਿਸ਼ਵਾਸ ਦਾ ਅਧਾਰ ਕੀ ਹੈ ?

05/04/2020 at 3:29pm 2 Likes

**ਦਰਸ਼ਨ ਸਿੰਘ**

ਵੀਰ ਇਕਬਾਲ ਸਿੰਘ ਜੀ,

ਰੱਬ (ਕਰਤਾ, ਕਾਦਰ, ਪਾਰਬ੍ਰਹਮ, ਪਰਮੇਸਰ, ਬੀਠਲ ...ਆਦਿ.) ਦੀ ਹੋਂਦ ਬਾਰੇ ਮੇਰੇ ਵਿਸ਼ਵਾਸ ਦਾ ਅਧਾਰ ਗੁਰਬਾਣੀ ਹੈ। ਗੁਰਬਾਣੀ ਵਿੱਚ ਹੀ

ਉਸ ਨੂੰ ਅਸੀਮ (ਬੇਅੰਤ) ਕਿਹਾ ਗਿਆ ਹੈ ਅਤੇ ਜੋ ਬੇਅੰਤ ਹੈ ਉਸ ਸਾਰੇ ਦਾ ਪ੍ਰਤੱਖ ਪਰਮਾਣ (ਦੁਨਿਆਵੀ ਅੱਖ ਲਈ) ਸੰਭਵ ਨਹੀ।

05/08/2020 at 2:07am

**ਡਾ. ਇਕਬਾਲ ਸਿੰਘ ਢਿੱਲੋਂ**

ਪਿਛਲੇ ਸਮੇਂ ਵਿਚ ਮੈਂ 'ਰੱਬ' ਦੀ ਹੋਂਦ ਸਬੰਧੀ ਆਪਣੇ ਵਿਚਾਰ ਆਪਣੀਆਂ ਵੱਖ-ਵੱਖ ਲਿਖਤਾਂ ਰਾਹੀਂ ਪੇਸ਼ ਕੀਤੇ ਹਨ ਅਤੇ ਇਹਨਾਂ ਲਿਖਤਾਂ ਵਿੱਚੋਂ ਕੁਝ ਕੁ ਲੇਖਾਂ ਦੇ ਰੂਪ ਵਿਚ ਵੈਬਸਾਈਟ sikhmarg.com ਉੱਤੇ ਉਪਲਭਦ ਹਨ ਜਿਹਨਾਂ ਵਿੱਚੋਂ 'ਰੱਬ ਅਤੇ ਉਸਦਾ ਵਿਕਲਪ', 'ਜਪੁ-ਬਾਣੀ ਅਤੇ ਰੱਬ ਦਾ ਸੰਕਲਪ' ਅਤੇ 'ਗੁਰਮੱਤ ਬਨਾਮ ਅਧਿਆਤਮਿਕਤਾ' ਵਿਸ਼ੇਸ਼ ਤੌਰ ਤੇ ਧਿਆਨ ਦੇਣ ਯੋਗ ਹਨ। ਇਸ ਸੰਦਰਭ ਵਿਚ ਮੇਰੇ ਵੱਲੋਂ ਉਭਾਰਿਆ ਗਿਆ 'ਰੱਬ ਦਾ ਵਿਕਲਪ' ਵਾਲਾ ਨੁਕਤਾ ਨਿਵੇਕਲਾ ਸਥਾਨ ਰੱਖਦਾ ਹੈ। ਏਥੇ ਮੈਂ ਏਸੇ ਵਿਸ਼ੇ ਉੱਤੇ ਆਪਣੇ ਵਿਚਾਰ ਮੁੜ ਤੋਂ ਸੰਖੇਪ-ਰੂਪ ਵਿਚ ਪੇਸ਼ ਕਰ ਰਿਹਾ ਹਾਂ।

ਰੱਬ ਦਾ ਸੰਕਲਪ

ਧਰਤੀ ਉੱਤੇ ਮਨੁੱਖ ਜਾਤੀ ਦੇ ਵਿਕਾਸ ਦੀ ਕਹਾਣੀ ਤਾਂ ਕਰੋੜਾਂ ਸਾਲ ਪੁਰਾਣੀ ਹੈ ਪਰੰਤੂ ਇਸ ਦੇ ਮੁਕਾਬਲੇ ਉੱਤੇ 'ਰੱਬ' ਦਾ ਸੰਕਲਪ ਲਗ-ਭਗ ਸੱਤ ਕੁ ਹਜ਼ਾਰ ਪਹਿਲਾਂ ਹੀ ਹੋਂਦ ਵਿਚ ਆਇਆ ਜਦੋਂ ਮਨੁੱਖ ਧਰਤੀ ਦੇ ਵੱਖ-ਵੱਖ ਖਿੱਤਿਆਂ ਵਿਚ ਪੂਰਵ-ਇਤਹਾਸਿਕ ਕਾਲ (ਲਗ-ਭਗ 40 ਹਜ਼ਾਰ ਸਾਲ ਪਹਿਲਾਂ ਤੋਂ ਲੈਕੇ) ਤੋਂ ਅੱਗੇ ਇਤਹਾਸਿਕ ਕਾਲ (ਲਗ-ਭਗ 20 ਹਜ਼ਾਰ ਸਾਲ ਪਹਿਲਾਂ ਤੋਂ ਲੈਕੇ) ਵਿੱਚੋਂ ਦੀ ਲੰਘਦਾ ਹੋਇਆ ਅਰਧ-ਸਭਿਅਕ ਯੁਗ (ਲਗ-ਭਗ 7 ਹਜ਼ਾਰ ਸਾਲ ਪਹਿਲਾਂ ਤੋਂ ਲੈਕੇ) ਤੱਕ ਪਹੁੰਚ ਚੁੱਕਾ ਸੀ। ਇਤਹਾਸਿਕ ਕਾਲ ਵਿਚ ਮਨੁੱਖ ਜਾਤੀ ਖੇਤੀ ਕਰਨ ਲੱਗ ਪਈ ਸੀ ਅਤੇ ਕਬੀਲੇ ਛੋਟੇ-ਛੋਟੇ ਪਿੰਡ ਬਣਾ ਕੇ ਰਹਿਣ ਲੱਗ ਪਏ ਸਨ। ਕੁਦਰਤੀ ਸ਼ਕਤੀਆਂ (ਜਿਵੇਂ ਅੱਗ, ਹਵਾ, ਪਾਣੀ, ਬੱਦਲ, ਸੂਰਜ , ਚੰਨ, ਤਾਰੇ ਆਦਿਕ) ਨਾਲ ਪਹਿਲਾਂ ਤੋਂ ਜੋੜੇ ਹੋਏ ਵੱਖ-ਵੱਖ ਦੇਵਤਿਆਂ ਦੇ ਨਾਮ ਘੜ ਲਏ ਗਏ ਸਨ ਅਤੇ ਨਾਲ ਹੀ ਉਹਨਾਂ ਦੇ ਨਿਵਾਸ ਅਸਥਾਨ ਧਰਤੀ ਉੱਤੇ ਦੂਰ ਪਹਾੜੀ ਅਸਥਾਨਾਂ ਉੱਤੇ ਕਿਆਸ ਲਏ ਗਏ ਸਨ। ਕਬੀਲਿਆਂ ਨੇ ਆਪਣੇ ਵੱਖਰੇ-ਵੱਖਰੇ ਦੇਵਤੇ ਕਾਇਮ ਕਰ ਲਏ ਸਨ ਅਤੇ ਕਬੀਲਿਆਂ ਦੇ 'ਸਿਆਣੇ' ਮੰਨੇਂ ਜਾਂਦੇ ਲੋਕਾਂ

ਵੱਲੋਂ ਸਵਾਰਥ ਅਧੀਨ ਕਾਲਪਨਿਕ ਦੇਵਤਿਆਂ ਨੂੰ ਰਿਝਾਉਣ ਹਿਤ ਕੁਝ ਪੂਜਾ-ਰਸਮਾਂ ਵੀ ਪਰਚਲਤ ਕਰ ਦਿੱਤੀਆਂ ਗਈਆਂ ਸਨ। ਅਰਧ-ਸਭਿਅਕ ਯੁਗ ਵਿਚ ਆ ਕੇ ਮਨੁੱਖੀ ਸਮਾਜ ਵਿਚ ਖੇਤੀ-ਯੋਗ ਭੂਮੀ ਦੀ ਮਾਲਕੀ ਨੂੰ ਲੈਕੇ ਵਿਚ ਕਬੀਲਿਆਂ ਦੀਆਂ ਆਪਸੀ ਲੜਾਈਆਂ ਅਰੰਭ ਹੋ ਗਈਆਂ ਅਤੇ ਕੁਝ ਕਬੀਲਾ-ਸਰਦਾਰ ਦੂਸਰੇ ਕਬੀਲਿਆਂ ਨੂੰ ਅਧੀਨ ਕਰ ਕੇ ਮੁੱਖ-ਸਰਦਾਰ ਭਾਵ ਰਾਜੇ ਬਣ ਗਏ। ਏਥੋਂ ਹੀ ਦੇਵਤਾ-ਪੁਜਾਰੀ 'ਸਿਆਣੇ' ਲੋਕਾਂ ਨੂੰ ਇਹ ਫੁਰਨਾ ਫੁਰ ਪਿਆ ਕਿ ਦੇਵਤਿਆਂ ਦੇ ਉੱਪਰ ਇਕ ਮੁੱਖ-ਦੇਵਤਾ ਵੀ ਪੈਦਾ ਕਰ ਲੈਣਾ ਚਾਹੀਦਾ ਹੈ। ਇਸ ਫਰਜ਼ੀ ਮੁੱਖ-ਦੇਵਤੇ ਦੇ ਨਿਵਾਸ ਲਈ ਵਿਸ਼ੇਸ਼-ਅਸਥਾਨ ਦੇ ਤੌਰ ਤੇ ਕਾਲਪਨਿਕ ਪਰਲੋਕ ਪੈਦਾ ਕਰ ਲਿਆ ਗਿਆ ਜਿੱਥੇ ਦੇਵਤੇ ਅਤੇ ਹੋਰ ਮੁਤਾਹਿਤ ਪ੍ਰਾਲੌਕਿਕ ਕਾਰਿੰਦੇ ਵੀ ਤਾਇਨਾਤ ਕਰ ਦਿੱਤੇ ਗਏ ਅਤੇ ਪਰਲੋਕ ਵਿਚ ਸਵਰਗ-ਨਰਕ ਵਰਗੀਆਂ ਥਾਵਾਂ ਕਿਆਸ ਲਈਆਂ ਗਈਆਂ। ਏਸੇ ਮੁੱਖ-ਦੇਵਤੇ ਭਾਵ ਦੇਵਤਿਆਂ ਦੇ ਮੁੱਖੀ ਨੂੰ 'ਰੱਬ' ਦਾ ਨਾਮ ਦਿੱਤਾ ਗਿਆ। ਇੰਜ ਹੋਇਆ ਸੀ ਲਗ-ਭਗ ਸੱਤ ਹਜ਼ਾਰ ਸਾਲ ਪਹਿਲਾਂ ਰੱਬ ਦਾ ਜਨਮ। ਇਸ ਦੇ ਨਾਲ ਹੀ ਰੱਬ ਦੇ ਸੰਕਲਪ ਦੇ ਦੁਆਲੇ ਮਜ਼ਹਬ (religion) ਦਾ ਤਾਣਾ-ਬਾਣਾ ਵੀ ਉਸਾਰ ਲਿਆ ਗਿਆ।

ਮਨੁੱਖ ਦਾ ਸ਼ੋਸ਼ਣ

ਹੁਣ ਰਾਜੇ ਅਤੇ 'ਸਿਆਣੇ' ਪੁਜਾਰੀ ਨੇ ਆਪਸ ਵਿਚ ਗੱਠ-ਜੋੜ ਕਰਦੇ ਹੋਏ ਆਪਣੇ-ਆਪ ਨੂੰ ਧਰਤੀ ਉਤਲੇ ਪ੍ਰਬੰਧ ਲਈ ਕਾਲਪਨਿਕ ਰੱਬ ਦੇ ਵਿਸ਼ੇਸ਼ ਏਲਚੀ ਘੋਸ਼ਿਤ ਕਰ ਲਿਆ ਅਤੇ ਆਮ ਲੋਕਾਂ ਦਾ ਸ਼ੋਸ਼ਣ ਅਰੰਭ ਕਰ ਦਿੱਤਾ ਗਿਆ। ਰਾਜ-ਤੰਤਰ ਨੇ ਮਨੁੱਖ ਨੂੰ ਆਰਥਿਕ ਤੌਰ ਤੇ ਨਿਚੋੜਨ ਦਾ ਕਾਰਜ ਤੋਰ ਲਿਆ ਅਤੇ ਧਰਮ-ਤੰਤਰ ਨੇ ਮਨੁੱਖ ਦੇ ਮਾਨਸਿਕ ਵਿਕਾਸ ਨੂੰ ਅੰਧ-ਵਿਸ਼ਵਾਸ ਦੇ ਰੱਸੇ ਨਾਲ ਨੂੜ ਲਿਆ। ਮਨੁੱਖ ਨੇ ਪਸ਼ੂ ਜੀਵਨ ਵਿਚ ਹੀ ਅਨੇਕ ਵਿਗਿਆਨਕ ਖੋਜਾਂ ਕਰ ਲਈਆਂ ਸਨ ਜਿਵੇਂ ਅੱਗ ਉੱਤੇ ਕਾਬੂ ਕਰਨਾ, ਭਾਸ਼ਾ ਦਾ ਵਿਕਾਸ ਕਰਨਾ, ਪੱਥਰ ਅਤੇ ਲੱਕੜੀ ਦੇ ਔਜ਼ਾਰ ਅਤੇ ਹਥਿਆਰ, ਕਿਰਸਾਨੀ ਦਾ ਧੰਦਾ, ਪਸ਼ੂਆਂ ਦਾ ਸ਼ਿਕਾਰ, ਖੇਤੀ ਅਤੇ ਸਵਾਰੀ ਲਈ ਉਪਯੋਗ, ਘਰਾਂ ਦੀ ਉਸਾਰੀ, ਕੱਪੜੇ ਦੀ ਬੁਣਤੀ ਆਦਿਕ (ਉਹਨਾਂ ਸਮਿਆਂ ਲਈ ਇਹ ਬਹੁਤ ਵੱਡੀਆਂ ਖੋਜਾਂ ਸਨ) ਪਰੰਤੂ ਆਮ ਜੀਵਨ ਵਿਚ ਰਾਜ-ਤੰਤਰ ਅਤੇ ਧਰਮ-ਤੰਤਰ ਵੱਲੋਂ ਕੀਤੀ ਜਾ ਰਹੀ ਦਖਲਅੰਦਾਜ਼ੀ ਨੇ ਵਿਗਿਆਨਕ ਖੋਜਾਂ ਦੀ ਰਫਤਾਰ ਨੂੰ ਬਹੁਤ ਮੱਧਮ ਕਰ ਦਿੱਤਾ ਅਤੇ

ਕੁਦਰਤੀ ਤੌਰ ਤੇ ਚੱਲਦੇ ਆ ਰਹੇ ਮਨੁੱਖਾਂ ਵਿਚਲੇ ਮਾਨਵਵਾਦੀ ਵਰਤਾਰੇ ਨੂੰ ਕੁਚਲ ਕੇ ਰੱਖ ਦਿੱਤਾ। ਇਹ ਸਿਲਸਿਲਾ ਸਭਿਅਕ ਯੁਗ (ਲਗ-ਭਗ 5 ਹਜ਼ਾਰ ਸਾਲ ਪਹਿਲਾਂ ਤੋਂ ਲੈਕੇ) ਵਿਚ ਵੀ ਜਾਰੀ ਰਿਹਾ ਅਤੇ ਅਜੋਕੇ ਸਮਿਆਂ ਤੱਕ ਚੱਲਦਾ ਆ ਰਿਹਾ ਹੈ। ਏਸੇ ਦੌਰਾਨ ਸਾਰੇ ਸੰਸਾਰ ਵਿਚ ਦੋ ਵਾਰ ਧਰਮ-ਤੰਤਰ ਨੂੰ ਨਕਾਰਨ ਵਾਲੀਆਂ ਵਿਗਿਆਨਕ ਸੋਚ ਅਧਾਰਿਤ ਮਾਨਵਵਾਦ ਦੀਆਂ ਲਹਿਰਾਂ ਚਾਲੂ ਹੋਈਆਂ, ਉਹ ਵੀ ਭਾਰਤ ਦੀ ਧਰਤੀ ਉੱਤੇ, ਪਹਿਲੀ ਗੌਤਮ ਬੁੱਧ (ਪੰਜਵੀਂ ਸਦੀ ਪੂਰਵ ਈਸਾ) ਦੀ ਅਗਵਾਈ ਵਿਚ ਅਤੇ ਦੂਸਰੀ ਗੁਰੂ ਨਾਨਕ (ਸੋਲ੍ਹਵੀਂ ਸਦੀ ਈਸਵੀ) ਦੀ ਅਗਵਾਈ ਵਿਚ। ਪਰੰਤੂ ਇਹਨਾਂ ਦੋਵਾਂ ਲਹਿਰਾਂ ਨੂੰ ਛੇਤੀ ਹੀ ਧਰਮ-ਤੰਤਰ ਦੇ ਅਜਗਰ ਨੇ ਨਿਗਲ ਲਿਆ। ਇਹ ਕੇਵਲ ਢਾਈ-ਤਿੰਨ ਸੌ ਸਾਲ ਪਹਿਲਾਂ ਤੋਂ ਹੋਇਆ ਹੈ ਕਿ ਵਿਗਿਆਨ ਨੂੰ ਵਿਗਸਣ ਦਾ ਮੌਕਾ ਮਿਲਿਆ ਹੈ ਅਤੇ ਇਤਨੇ ਥੋੜੇ ਸਮੇਂ ਵਿਚ ਵਿਗਿਆਨ ਨੇ ਅਜਿਹੀ ਤਰੱਕੀ ਕਰ ਲਈ ਹੈ ਕਿ ਹੁਣ ਇਹ ਧਰਮ-ਤੰਤਰ ਲਈ ਇਕ ਵੱਡੀ ਵੰਗਾਰ ਬਣ ਕੇ ਉੱਭਰਿਆ ਹੈ ਅਤੇ ਪ੍ਰੰਪਰਾਗਤ ਕਾਲਪਨਿਕ ਰੱਬ ਦੀ ਹੋਂਦ ਦੇ ਸਾਹਵੇਂ ਗੰਭੀਰ ਖਤਰਾ ਆਣ ਖੜ੍ਹਾ ਹੋਇਆ ਹੈ। ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਜੇਕਰ ਸੱਤ ਹਜ਼ਾਰ ਸਾਲ ਪਹਿਲਾਂ ਕਾਲਪਨਿਕ ਰੱਬ ਅਤੇ ਇਸ ਨਾਲ ਜੁੜਿਆ ਧਰਮ-ਤੰਤਰ ਹੋਂਦ ਵਿਚ ਨਾ ਆਉਂਦਾ ਤਾਂ ਸਭਿਅਕ-ਯੁਗ ਦੇ ਆਉਂਦੇ ਤੱਕ ਕਾਲਪਨਿਕ ਦੇਵਤਿਆਂ ਦਾ ਖਾਤਮਾ ਹੋ ਚੁੱਕਾ ਹੁੰਦਾ ਅਤੇ ਵਿਗਿਆਨ ਦੀ ਜਿਤਨੀ ਤਰੱਕੀ ਅਜੋਕੇ ਸਮੇਂ ਵਿਚ ਹੋ ਚੁੱਕੀ ਹੈ ਇਹ ਤਿੰਨ ਹਜ਼ਾਰ ਸਾਲ ਸਾਲ ਪਹਿਲਾਂ ਹੀ ਹੋ ਗਈ ਹੁੰਦੀ। ਨਾਲ ਹੀ ਓਸੇ ਸਮੇਂ ਤੱਕ ਮਨੁੱਖੀ ਸਮਾਜ ਵਿਚ ਮਾਨਵਵਾਦ ਵੀ ਪੂਰੀ ਤਰ੍ਹਾਂ ਸਥਾਪਤ ਹੋ ਗਿਆ ਹੁੰਦਾ ਅਤੇ ਧਰਤੀ ਕਲਪਿਤ ਸਵਰਗ ਨਾਲੋਂ ਵੀ ਵਧੇਰੇ ਸੁਹਾਵਣੀ ਥਾਂ ਬਣ ਚੁੱਕੀ ਹੁੰਦੀ।

ਰੱਬ ਦੀਆਂ ਵੰਨਗੀਆਂ

ਪ੍ਰੰਪਰਾਗਤ ਤੌਰ ਤੇ ਜੋ ਰੱਬ ਦੀ ਹੋਂਦ ਕਲਪਿਤ ਕੀਤੀ ਗਈ ਹੈ ਉਹ ਦੋ ਤਰ੍ਹਾਂ ਦੀ ਹੈ:

1.ਸ਼ਖਸੀ ਰੂਪ (anthropomorphic form): ਏਥੇ ਰੱਬ ਦੀ ਹੋਂਦ ਨੂੰ ਕੋਈ ਅਕਾਰ, ਆਕ੍ਰਿਤੀ, ਸ਼ਕਲ ਜਾਂ ਸ਼ਖਸੀਅਤ ਪਰਦਾਨ ਕਰਦੇ ਹੋਏ ਕਿਆਸਿਆ ਜਾਂਦਾ ਹੈ। ਰੱਬ, ਪਰਮੇਸ਼ਰ, ਅਕਾਲ-ਪੁਰਖ, ਅੱਲਾਹ/ਖੁਦਾ, ਗੌਡ (God) ਆਦਿਕ ਸ਼ਬਦ ਇਸ ਸ਼ਖਸੀ ਰੂਪ ਲਈ ਹੀ ਵਰਤੇ ਜਾਂਦੇ ਹਨ।

2.ਪਰਮਾਤਮਾ (ਪਰਮ+ਆਤਮਾ ਭਾਵ supreme soul): ਏਥੇ ਰੱਬ ਨੂੰ ਸਰਵਸ੍ਰੇਸ਼ਟ ਰੂਹ ਵਜੋਂ ਪੇਸ਼ ਕੀਤਾ ਜਾਂਦਾ ਹੈ ਜਿਸਦਾ ਕੋਈ ਵਿਸ਼ੇਸ਼ ਅਸਤਿੱਤਵ ਜ਼ਰੂਰ ਹੁੰਦਾ ਹੈ ਪਰੰਤੂ ਉਸਦਾ ਕੋਈ ਵਿਸ਼ੇਸ਼ ਸ਼ਖਸੀ ਰੂਪ ਨਹੀਂ ਹੁੰਦਾ। ਪਹਿਲਾਂ ਮਨੁੱਖ ਵਿਚ ਆਤਮਾ (ਰੂਹ/soul) ਦੀ ਮੌਜੂਦਗੀ ਕਿਆਸ ਲਈ ਜਾਂਦੀ ਹੈ ਜੋ ਇਸ ਸਰਵਸ੍ਰੇਸ਼ਟ ਆਤਮਾ ਦੇ ਅੰਸ਼ ਦੇ ਤੌਰ ਤੇ ਵਿਚਰਦੀ ਸਮਝੀ ਜਾਂਦੀ ਹੈ।

ਪਰੰਤੂ ਅਜ ਤਕ ਨਾ ਹੀ ਕਿਸੇ ਨੇ ਰੱਬ ਦੇ ਸ਼ਖਸੀ ਰੂਪ ਦੇ ਦਰਸ਼ਨ ਕੀਤੇ/ਕਰਵਾਏ ਹਨ ਜਾਂ ਉਸ ਦਾ ਕੋਈ ਪ੍ਰਤੀਬਿੰਬ/ਮਾਡਲ ਪੇਸ਼ ਕੀਤਾ ਹੈ ਅਤੇ ਨਾ ਹੀ ਕਿਸੇ ਨੇ ਆਤਮਾ ਜਾਂ ਪਰਮਾਤਮਾ ਦੀ ਹੋਂਦ ਬਾਰੇ ਕੋਈ ਵਿਗਿਆਨਕ ਅਧਾਰ ਵਾਲਾ ਸਬੂਤ ਪੇਸ਼ ਕੀਤਾ ਹੈ। ਵਿਗਿਆਨਕ ਸੋਚ ਦੇ ਅਧਾਰ ਤੇ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਵਾਲੇ ਤਰਕਸ਼ੀਲ ਲੋਕਾਂ ਨੂੰ 'ਨਾਸਤਿਕ' ਹੋਣ ਦਾ ਨਾਕਾਰਾਤਮਿਕ ਲਕਬ ਦੇ ਦਿੱਤਾ ਜਾਂਦਾ ਹੈ ਜਦੋਂ ਕਿ ਅਸਲ ਵਿਚ ਨਾਂਹਪੱਖੀ ਯੋਗਦਾਨ ਉਹਨਾਂ ਲੋਕਾਂ ਦਾ ਹੈ ਜੋ ਕੁਦਰਤੀ ਬ੍ਰਹਮੰਡੀ ਵਰਤਾਰੇ ਦੀ ਪਛਾਣ ਕਰਨ ਦੀ ਬਜਾਇ ਕਾਲਪਨਿਕ 'ਰੱਬ' ਵਿਚ ਵਿਸ਼ਵਾਸ ਬਣਾਈ ਬੈਠੇ ਆ ਰਹੇ ਹਨ।

ਗੁਰਬਾਣੀ ਦਾ ਪੱਖ

ਗੁਰਬਾਣੀ ਦੀ ਗੱਲ ਕਰੀਏ ਤਾਂ ਗੁਰਬਾਣੀ ਕਾਲਪਨਿਕ 'ਰੱਬ' ਦੇ ਉੱਪਰ ਦਰਸਾਏ ਦੋਵ੍ਹਾਂ ਰੂਪਾਂ ਵਿੱਚੋਂ ਕਿਸੇ ਨੂੰ ਵੀ ਮਾਨਤਾ ਨਹੀਂ ਦੇਂਦੀ। ਗੁਰੂ ਨਾਨਕ ਨੇ ਧਰਮ-ਤੰਤਰ ਸਥਾਪਤ ਕਰਨ ਦੀ ਬਜਾਇ ਮਾਨਵਵਾਦੀ ਵਿਚਾਰਧਾਰਾ ਪੇਸ਼ ਕੀਤੀ ਸੀ ਜੋ ਉਹਨਾਂ ਦੀ ਅਤੇ ਬਾਕੀ ਦੇ ਬਾਣੀਕਾਰਾਂ ਦੀ ਕਾਵਿਕ ਰਚਨਾ ਵਿੱਚੋਂ ਪਰਗਟ ਹੁੰਦੀ ਹੈ। ਅਸਲ ਵਿਚ 'ਗੁਰਬਾਣੀ-ਗ੍ਰੰਥ' ਵਿਚਲੀ ਸਾਰੀ ਰਚਨਾ ਗੁਰੂ ਨਾਨਕ ਦੀ ਮਾਨਵਵਾਦੀ ਵਿਚਾਰਧਾਰਾ ਦਾ ਹੀ ਵਿਸਥਾਰ ਹੈ। ਦੂਸਰੇ ਪਾਸੇ ਗੁਰਬਾਣੀ ਮਜ਼ਹਬਾਂ ਵੱਲੋਂ ਘੜੇ ਗਏ ਕਾਲਪਨਿਕ ਸ਼ਖਸੀ ਰੱਬ ਜਾਂ ਪਰਮਾਤਮਾ (ਬ੍ਰਹਮ) ਨੂੰ ਰਦ ਕਰਦੇ ਹੋਏ ਬ੍ਰਹਮੰਡੀ-ਪ੍ਰਬੰਧ ਨੂੰ ਰੱਬ ਅਤੇ ਪਰਮਾਤਮਾ ਦੇ ਵਿਕਲਪ (substitute) ਦੇ ਤੌਰ ਤੇ ਪੇਸ਼ ਕਰਦੀ ਹੈ। ਗੁਰਬਾਣੀ ਬ੍ਰਹਮੰਡੀ ਊਰਜਾ ਕੇਂਦਰ/ਸਰੋਤ ਨੂੰ ਬ੍ਰਹਮੰਡ ਦਾ 'ਸਿਰਜਣਹਾਰ' ਮੰਨਦੀ ਹੋਈ ਇਸ ਨੂੰ 'ਕਰਤਾ ਪੁਰਖ' ਅਤੇ 'ਕਰਤਾਰ' ਦਾ ਨਾਮ ਦਿੰਦੀ ਹੈ। ਇਸ ਤੋਂ ਅੱਗੇ ਗੁਰਬਾਣੀ ਏਸੇ ਬ੍ਰਹਮੰਡੀ ਊਰਜਾ ਦਾ ਸਮੁੱਚੇ ਬ੍ਰਹਮੰਡ ਦੇ ਸੰਚਾਲਕ ਅਤੇ ਵਿਕਾਸ-ਦਾਤਾ ਦੇ ਤੌਰ ਤੇ ਬ੍ਰਹਮੰਡੀ ਨਿਯਮ-ਤੰਤਰ (Cosmic System) ਦੇ ਵਿਚ ਸਮਾਇਆ ਹੋਣਾ ਕਿਆਸਦੀ ਹੈ। ਬ੍ਰਹਮੰਡੀ ਨਿਯਮ-

ਤੰਤਰ ਦੀ ਇਹ ਧਾਰਨਾ ਪ੍ਰਾਲੌਕਿਕ ਜਾਂ ਰਹੱਸਵਾਦੀ ਹੋਣ ਦੀ ਬਜਾਇ ਪੂਰੀ ਤਰ੍ਹਾਂ ਵਿਗਿਆਨਕ ਹੈ। ਸਪਸ਼ਟ ਤੌਰ ਤੇ ਮਨੁੱਖ ਜਾਤੀ ਧਰਤੀ ਉਤਲੀਆਂ ਬਾਕੀ ਪਰਜਾਤੀਆਂ ਅਤੇ ਨਿਰਜੀਵ ਵਸਤਾਂ ਨਾਲ ਮਿਲ ਕੇ ਇਕ ਛੋਟਾ ਜਿਹਾ ਪ੍ਰਬੰਧ ਬਣਾਉਂਦੀ ਹੈ ਜੋ ਬਹੁਤ ਵਿਸ਼ਾਲ ਪਸਾਰੇ ਵਾਲੇ 'ਵਡੇਰੇ ਸਵੈ' ਭਾਵ ਬ੍ਰਹਮੰਡੀ-ਪ੍ਰਬੰਧ ਦਾ ਨਿਗੂਣਾ ਜਿਹਾ ਹਿੱਸਾ ਹੈ ਜਿਸ ਵਿਚ ਮਨੁੱਖ ਸਹਿਜੀਵਤਾ (symbiosis) ਦੇ ਸਬੰਧ ਰਾਹੀਂ ਇਕ 'ਛੋਟੇ ਸਵੈ' ਦੇ ਤੌਰ ਤੇ ਸ਼ਾਮਲ ਹੈ ("ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥" --- ਗੁਰਬਾਣੀ-ਗ੍ਰੰਥ ਪੰਨਾਂ 695)। ਇਸ ਬ੍ਰਹਮੰਡੀ ਨਿਯਮ-ਤੰਤਰ ਦੇ ਵਰਤਾਰੇ ਨੂੰ ਗੁਰਬਾਣੀ ਵਿਚ 'ਹੁਕਮ' ਕਿਹਾ ਗਿਆ ਹੈ। ਗੁਰਬਾਣੀ ਦੇ ਇਸ ਬ੍ਰਹਮੰਡੀ-ਪ੍ਰਬੰਧ ਵਾਲੇ ਸਿਧਾਂਤ ਵਿਚ ਨਾ ਪ੍ਰਾਲੌਕਿਕਤਾ ਹੈ, ਨਾ ਹੀ ਆਤਮਿਕਤਾ ਅਤੇ ਨਾ ਹੀ ਦਿੱਵਤਾ। ਅਜੋਕਾ ਵਿਗਿਆਨ ਵੀ ਬ੍ਰਹਮੰਡ ਦੀ ਉਤਪੱਤੀ ਇੱਕੋ-ਇਕ ਊਰਜਾ ਕੇਂਦਰ/ਸਰੋਤ ਤੋਂ ਹੋਈ ਮੰਨਦਾ ਹੈ ਅਤੇ ਬ੍ਰਹਮੰਡੀ ਵਿਕਾਸ ਦੇ ਸਿਧਾਂਤ (Theory of Evolution) ਨੂੰ ਪੇਸ਼ ਕਰਦਾ ਹੈ।

ਕਿਰਤਮ ਨਾਮ

ਗੁਰਬਾਣੀ ਵਿਚ ਬ੍ਰਹਮੰਡੀ ਨਿਯਮ-ਤੰਤਰ ਲਈ 'ਸੱਚ' ਅਤੇ 'ਕਰਤਾਰ' ਤੋਂ ਇਲਾਵਾ ਹੋਰ ਵੀ ਕਈ ਸ਼ਬਦ ਵਰਤੇ ਗਏ ਹੋਏ ਹਨ ਜਿਵੇਂ ਕਿ ਗੁਰੂ, ਸਤਿਗੁਰੂ, ਪਰਮੇਸਰ, ਪਾਰਬ੍ਰਹਮ, ਪ੍ਰਭ/ਪ੍ਰਭੂ, ਵਾਹ ਗੁਰੂ, ਰਾਮ, ਹਰੀ, ਖਾਲਿਕ, ਕਾਦਰ, ਜਗਦੀਸ, ਪੀਤੰਬਰ ਆਦਿਕ। ਗੁਰਬਾਣੀ ਵਿਚ ਵਿਗਿਆਨਕ ਅਤੇ ਦਾਰਸ਼ਨਿਕ ਦਲੀਲਾਂ ਨੂੰ ਲੋਕਾਂ ਦੀ ਆਮ ਭਾਸ਼ਾ ਵਿਚ ਪੇਸ਼ ਕਰਨ ਦੇ ਯਤਨ ਵਜੋਂ ਕਾਵਿ-ਕਲਾ ਦੇ ਅਲੰਕਾਰ ਜਿਵੇਂ ਕਿ ਰੂਪਕ (metaphor) ਅਤੇ ਮਾਨਵੀਕਰਣ (personification) ਦੀ ਵਰਤੋਂ ਕਰਦੇ ਹੋਏ ਨਾਲ-ਨਾਲ ਕੁਝ ਵਿਸ਼ੇਸ਼ਣੀ ਸ਼ਬਦਾਂ ਦੀ ਵਰਤੋਂ ਵੀ ਕੀਤੀ ਗਈ ਹੈ। ਪਰੰਤੂ ਇਹਨਾਂ ਸ਼ਬਦਾਂ ਵਿੱਚੋਂ ਕੋਈ ਵੀ 'ਪਰਮਾਤਮਾ' ਜਾਂ ਸ਼ਖਸੀ 'ਰੱਬ' ਦੇ ਅਰਥਾਂ ਲਈ ਨਹੀਂ ਵਰਤਿਆ ਗਿਆ। ਇਸ ਪੱਖੋਂ ਸਥਿਤੀ ਸਪਸ਼ਟ ਕਰਨ ਲਈ ਗੁਰਬਾਣੀ ਦੇ ਵਿਚ ਹੀ ਬ੍ਰਹਮੰਡੀ ਨਿਯਮ-ਤੰਤਰ ਦੇ ਅਜਿਹੇ ਨਾਵਾਂ ਨੂੰ 'ਕਿਰਤਮ' (ਬਨਾਵਟੀ ਭਾਵ ਅਲੰਕਾਰੀ) ਨਾਮ ਕਿਹਾ ਗਿਆ ਹੈ ਅਤੇ ਕੇਵਲ 'ਸਤਿ' ਨੂੰ ਹੀ ਅਸਲੀ ਨਾਮ ਕਿਹਾ ਗਿਆ ਹੈ ਜਿਵੇਂ ਕਿ ਹੇਠਾਂ ਦਿੱਤੇ ਅਨੁਸਾਰ ਦਰਜ ਹੈ:

ਕਿਰਤਮ ਨਾਮੁ ਕਥੇ ਤੇਰੇ ਜਿਹਬਾ॥ ਸਤਿ ਨਾਮੁ ਤੇਰਾ ਪਰਾਪੂਰਬਲਾ॥ (ਗੁਰਬਾਣੀ-ਗ੍ਰੰਥ ਪੰਨਾਂ 1083)

ਸਿਖ ਭਾਈਚਾਰਾ

ਸਿਖ ਭਾਈਚਾਰੇ ਵਿਚ ਰੱਬ ਦੀ ਹੋਂਦ ਨੂੰ ਲੈਕੇ ਹਾਸੋਹੀਣੀ ਸਥਿਤੀ ਬਣੀ ਹੋਈ ਹੈ। ਇਸ ਭਾਈਚਾਰੇ ਦੀ ਪਰੰਪਰਾਵਾਦੀ ਧਿਰ ਕਾਲਪਨਿਕ 'ਰੱਬ' ਦੇ ਸਾਰੇ ਰੂਪਾਂ ਨੂੰ ਮਾਨਤਾ ਦੇਈ ਜਾ ਰਹੀ ਹੈ ਅਤੇ ਅਕਾਲ-ਪੁਰਖ, ਵਾਹਿਗੁਰੂ, ਪਰਮਾਤਮਾ ਵਰਗੇ ਸ਼ਬਦਾਂ ਨੂੰ 'ਰੱਬ' ਦੇ ਪਰਿਆਇਵਾਚੀ ਸ਼ਬਦਾਂ ਦੇ ਤੌਰ ਤੇ ਵਰਤਦੀ ਹੈ। ਰੱਬ ਦਾ ਇਹ ਸੰਕਲਪ ਬਿਲਕੁਲ ਹਿੰਦੂ ਮੱਤ ਵਾਲਾ ਹੀ ਹੈ। ਓਧਰ ਇਸ ਭਾਈਚਾਰੇ ਵਿਚਲੇ 'ਜਾਗਰੂਕ' ਸੱਜਣ ਜਿਹਨਾਂ ਵਿਚ ਕਾਫੀ ਪੜ੍ਹੇ-ਲਿਖੇ ਅਤੇ ਵਿਦਵਾਨ ਅਖਵਾਉਂਦੇ ਲੋਕ ਵੀ ਸ਼ਾਮਲ ਹਨ 'ਸਿਖ ਧਰਮ' ਸਬੰਧੀ ਧਾਰਨਾਵਾਂ/ ਮਾਨਤਾਵਾਂ ਨੂੰ ਤਰਕਸ਼ੀਲਤਾ ਦੇ ਅਧਾਰ ਤੇ ਪਰਖਦੇ ਹੋਏ ਇਸ 'ਧਰਮ' ਵਿਚ ਸੁਧਾਰ ਕਰਨ ਲਈ ਤੱਤਪਰਤਾ ਵਿਖਾਉਂਦੇ ਹਨ। ਉਹ ਆਪਣੇ 'ਰੱਬ' ਨੂੰ ਗੁਰਬਾਣੀ ਦਾ ਹਵਾਲੇ ਅਨੁਸਾਰ 'ਨਿਰੰਕਾਰ' ਤਾਂ ਕਹਿੰਦੇ ਹਨ ਪਰੰਤੂ ਖੜ੍ਹੇ ਉਹ ਪਰੰਪਰਾਵਾਦੀ ਧਿਰ ਦੇ ਪੱਧਰ ਉੱਤੇ ਹੀ ਵਿਖਾਈ ਦੇਂਦੇ ਹਨ। ਮਨ ਹੀ ਮਨ ਵਿਚ ਉਹ ਵੀ ਆਪਣੇ 'ਰੱਬ' ਨੂੰ ਦੁਨੀਆਂ ਤੋਂ ਵੱਖਰੀ ਕੋਈ ਦੈਵੀ ਸ਼ਕਤੀ ਦੇ ਤੌਰ ਤੇ ਕਿਆਸਦੇ ਹਨ ਜਿਸ ਅੱਗੇ ਉਹ ਆਪਣੀਆਂ ਮਨੋਕਾਮਨਾਵਾਂ ਦੀ ਪੂਰਤੀ ਲਈ ਅਰਦਾਸਾਂ ਕਰਦੇ ਰਹਿੰਦੇ ਹਨ ਅਤੇ ਜਿਸ ਦੇ ਚਰਨਾਂ ਵਿਚ 'ਵਿਛੜੀਆਂ ਰੂਹਾਂ' ਨੂੰ ਸ਼ਾਂਤੀ ਪਰਾਪਤ ਹੋਣ ਦਾ ਦਾਵਾ ਕਰਦੇ ਹਨ। ਅਜਿਹੇ ਲੋਕ 'ਸਿਖ ਧਰਮ' ਦੇ ਸਮਰਪਿਤ ਸ਼ਰਧਾਲੂ ਵੀ ਹਨ ਅਤੇ ਗੁਰੂ ਸਾਹਿਬਾਨ ਨੂੰ ਦੈਵੀ ਪੁਰਸ਼ਾਂ ਦੇ ਤੌਰ ਤੇ ਕਿਆਸਣ ਵੱਲ ਰੁਚਿਤ ਹੁੰਦੇ ਹਨ। ਉਹਨਾਂ ਵਿੱਚੋਂ ਕੁਝ ਸੱਜਣ ਕਾਲਪਨਿਕ ਰੱਬ ਨੂੰ ਨਕਾਰਦੇ ਹੋਏ ਉਸਦੀ ਜਗਹ ਤੇ ਕੁਦਰਤ ਜਾਂ ਬ੍ਰਹਮੰਡੀ ਨਿਯਮ-ਤੰਤਰ ਨੂੰ ਮਾਨਤਾ ਦੇਣ ਲਈ ਅੱਗੇ ਆਏ ਹਨ ਪਰੰਤੂ ਇਕ ਤਾਂ ਉਹ ਕੁਦਰਤ ਜਾਂ ਬ੍ਰਹਮੰਡੀ ਨਿਯਮ-ਤੰਤਰ ਨੂੰ ਵੀ 'ਰੱਬ' ਕਹਿ ਕੇ ਪੇਸ਼ ਕਰਦੇ ਹਨ ਭਾਵ ਉਹ 'ਰੱਬ' ਸ਼ਬਦ ਨਾਲ ਚੰਬੜੇ ਹੀ ਰਹਿਣਾ ਚਾਹੁੰਦੇ ਹਨ ਅਤੇ ਦੂਸਰਾ ਉਹ ਆਪ ਧਰਮ-ਤੰਤਰ ਨੂੰ ਨਕਾਰਨ ਦੀ ਬਜਾਇ ਕੇਵਲ 'ਪੁਜਾਰੀ' ਨੂੰ ਹੀ ਭੰਡਣ ਵਿਚ ਲੱਗੇ ਰਹਿੰਦੇ ਹਨ। ਸਪਸ਼ਟ ਹੈ ਕਿ ਇਹ 'ਜਾਗਰੂਕ' ਸੱਜਣ ਦੋ ਬੇੜੀਆਂ ਦੇ ਸਵਾਰ ਹੁੰਦੇ ਹੋਏ ਸੁਚੇਤ ਤੌਰ ਤੇ ਗੱਲ ਨੂੰ ਗੋਲ-ਮੋਲ ਕਰਨ ਦੀ ਨੀਤੀ ਉੱਤੇ ਚੱਲਦੇ ਹਨ। ਉਹਨਾਂ ਦੀ ਇਹ ਮਨੋਬਿਰਤੀ ਉਹਨਾਂ ਦੇ ਮਨਾਂ ਵਿਚਲੇ 'ਨਾਸਤਿਕ' ਗਰਦਾਨੇ ਜਾਣ ਅਤੇ 'ਛੇਕੇ' ਜਾਣ ਦੇ ਡਰ ਦੀ ਉਪਜ ਹੈ।

ਗੁਰਬਾਣੀ ਵਿਆਖਿਆ

ਉੱਪਰ ਆਏ ਵਿਸਥਾਰ ਦੇ ਅਧਾਰ ਨੂੰ ਸਾਹਮਣੇ ਰੱਖ ਕੇ ਵੇਖਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਹੁਣ ਤੱਕ ਦੇ ਵਿਦਵਾਨ ਵਿਆਖਿਆਕਾਰ ਗੁਰਬਾਣੀ ਵਿਚਲੇ 'ਰੱਬ ਦੇ ਵਿਕਲਪ' ਵਾਲੇ ਸੰਕਲਪ ਤੋਂ ਅਣਜਾਣ ਰਹੇ ਹਨ ਜਿਸ ਕਰਕੇ ਉਹ ਗੁਰਬਾਣੀ ਨੂੰ ਕਾਲਪਨਿਕ ਰੱਬ ਨੂੰ ਮਾਨਤਾ ਦੇਣ ਵਾਲੀ ਰਚਨਾ ਮੰਨ ਕੇ ਇਸ ਦੀ ਬ੍ਰਾਹਮਣਵਾਦੀ ਵਿਆਖਿਆ ਪੇਸ਼ ਕਰਦੇ ਆ ਰਹੇ ਹਨ। ਉਦਾਹਰਨ ਵਜੋਂ ਗੁਰਬਾਣੀ-ਗ੍ਰੰਥ ਦੀ ਪਹਿਲੀ ਰਚਨਾ ('ਜਪੁ-ਬਾਣੀ') ਨੂੰ ਹੀ ਲੈ ਲਵੋ। ਇਸ ਰਚਨਾ ਵਿਚ ਰੱਬ, ਪਰਮਾਤਮਾ, ਪਰਮੇਸ਼ਰ, ਬ੍ਰਹਮ, ਅਕਾਲ-ਪੁਰਖ, ਵਾਹਿਗੁਰੂ ਸ਼ਬਦਾਂ ਵਿੱਚੋਂ ਕਿਸੇ ਇਕ ਦੀ ਵੀ ਵਰਤੋਂ ਕੀਤੀ ਹੋਈ ਨਹੀਂ ਮਿਲਦੀ। ਨਾ ਹੀ ਇਸ ਰਚਨਾ ਵਿਚ ਮਨੁੱਖ ਲਈ ਉੱਪਰ 1. ਅਤੇ 2. ਉੱਤੇ ਦਰਸਾਈਆਂ 'ਰੱਬ' ਦੀਆਂ ਹਸਤੀਆਂ ਵਿੱਚੋਂ ਕਿਸੇ ਇਕ ਜਾਂ ਦੋਵ੍ਹਾਂ ਨਾਲ ਨੇੜਤਾ ਜਾਂ ਮੇਲ ਪਰਾਪਤ ਕਰਨ ਦੀ ਲੋੜ ਦਾ ਜ਼ਿਕਰ ਕੀਤਾ ਗਿਆ ਹੈ। ਰਚਨਾ 'ਜਪੁ-ਬਾਣੀ' ਦਾ ਮੁੱਖ ਨਿਸ਼ਾਨਾ ਮਨੁੱਖ ਨੂੰ 'ਸਚਿਆਰ' ਬਣਨ ਦਾ ਰਸਤਾ ਸਮਝਾਉਣ ਦਾ ਹੈ ਨਾ ਕਿ ਕਿਸੇ ਦੈਵੀ ਹਸਤੀ ਸਬੰਧੀ ਵਿਸਥਾਰ ਦੇਣ ਦਾ। ਪਰੰਤੂ ਬੜਾ ਅਚੰਭਾ ਹੁੰਦਾ ਹੈ ਜਦੋਂ ੧ਓ ਦੀ ਵਿਆਖਿਆ 'ਰੱਬ ਇਕ ਹੈ' ਦੇ ਤੌਰ ਤੇ ਕੀਤੀ ਹੋਈ ਮਿਲਦੀ ਹੈ ਜਦੋਂ ਕਿ ਪੂਰੀ 'ਜਪੁ-ਬਾਣੀ' ਵਿਚ 'ਰੱਬ' ਦਾ ਸ਼ਬਦ ਜਾਂ ਇਸਦਾ ਕੋਈ ਪਰਿਆਇਵਾਚੀ ਸ਼ਬਦ ਨਹੀਂ ਵਰਤਿਆ ਗਿਆ ਅਤੇ ਇਹ ਵਿਆਖਿਆ ਵਿਚਾਰਧਾਰਾ (doctrine), ਵਿਆਕਰਨ (grammar), ਲਿਪੀ-ਵਿਧਾਨ (orthography), ਨਿਰੁਕਤੀ (etymology), ਅਰਥ-ਵਿਗਿਆਨ (semantics) ਅਤੇ ਤਰਕ-ਵਿਗਿਆਨ (logic) ਦੇ ਮਾਪਦੰਡਾਂ ਤੇ ਬਿਲਕੁਲ ਵੀ ਪੂਰੀ ਨਹੀਂ ਉਤਰਦੀ। 'ਜਪੁ-ਬਾਣੀ' ਅਤੇ ਬਾਕੀ ਸਾਰੀ ਗੁਰਬਾਣੀ ਦੀ ਅਜ ਤਕ ਕੀਤੀ ਗਈ ਵਿਆਖਿਆ ਵਿੱਚੋਂ ਇਹ ਵਰਤਾਰਾ ਸਾਫ ਝਲਕਦਾ ਹੈ।

ਨਿਸ਼ਕਰਸ਼

ਉੱਪਰ ਆਏ ਵਿਸਥਾਰ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਪਰੰਪਰਾਗਤ 'ਰੱਬ' ਦੀ ਕਈ ਹੋਂਦ ਨਹੀਂ ਅਤੇ ਲੋੜ ਹੈ ਕਿ ਗੁਰੂ ਨਾਨਕ ਵੱਲੋਂ ਦਿੱਤੇ ਹੋਏ ਬ੍ਰਹਮੰਡੀ-ਪ੍ਰਬੰਧ ਨੂੰ ਕਾਲਪਨਿਕ ਰੱਬ ਦੇ ਵਿਕਲਪ ਦੇ ਤੌਰ ਤੇ ਪੇਸ਼ ਕਰਨ ਵਾਲੇ ਵਿਗਿਆਨਕ ਸਿਧਾਂਤ ਨੂੰ ਮਾਨਤਾ ਦਿੱਤੀ ਜਾਵੇ ਅਤੇ ਏਸੇ ਸਿਧਾਂਤ ਉੱਤੇ ਅਧਾਰਿਤ ਵਿਆਖਿਆ-ਵਿਧੀ (hermeneutics) ਰਾਹੀਂ ਗੁਰਬਾਣੀ ਦੀ ਨਵੇਂ ਸਿਰੇ ਤੋਂ ਵਿਆਖਿਆ ਸੁਨਿਸਚਤ ਕਰਵਾਈ ਜਾਵੇ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

04/29/2020 at 3:37pm 3 Likes

**ਸਰਵਜੀਤ ਸਿੰਘ ਸੈਕਰਾਮੈਂਟੋ**

ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ ।

04/29/2020 at 4:52pm

**Iqbal Singh Dhillon** In reply to ਸਰਵਜੀਤ ਸਿੰਘ ਸੈਕਰਾਮੈਂਟੋ

ਸ. ਸਰਵਜੀਤ ਸਿੰਘ ਜੀ ,

ਸਨਿਮਰ ਬੇਨਤੀ ਹੈ ਤੁਸੀਂ ਵਿਸ਼ੇ ਸਬੰਧੀ ਆਪਣੇ ਵਿਚਾਰ ਸਾਦੇ ਸ਼ਬਦਾਂ ਵਿਚ (ਭਾਵ ਗੁਰਬਾਣੀ ਵਿੱਚੋਂ ਹਵਾਲਾ ਦਿੱਤੇ ਬਗੈਰ) ਪੇਸ਼ ਕਰਨ ਦੀ ਖੇਚਲ ਕਰੋ। ਤੁਹਾਡੀ ਬਹੁਤ ਮਿਹਰਬਾਨੀ ਹੋਵੇਗੀ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/04/2020 at 3:36pm

**LACHMAN Narwal**

S Makhan Singh I sat Sri Akal Pawan HI Rub HI Because air is everywhere and do every action in the world May human or another and did not seen thanks

n

04/29/2020 at 6:36pm 1 Like

**Comment Deleted!**

This comment has been deleted.



**Manoj Malik**

ਰੱਬ ਦੀ ਹੋਂਦ ਬਾਰੇ ਕੁਝ ਵਿਚਾਰ-ਵਟਾਂਦਰਾ

ਇਨਸਾਨ ਨੇ ਜਦੋਂ ਤੋਂ ਹੋਸ਼ ਸੰਭਾਲਿਆ ਹੈ,ਉਸ ਵੇਲੇ ਤੋਂ ਲੈ ਕੇ ਅੱਜ ਤੱਕ "ਰੱਬ","ਈਸ਼ਵਰ","ਭਗਵਾਨ" ਇਹ ਉਸਦੇ ਲਈ ਇੱਕ ਰਹੱਸ ਬਣਿਆ ਹੋਇਆ ਹੈ। ਵਿਦਵਾਨਾਂ ਦੇ ਲਈ ਇਹ ਇੱਕ ਭਖਦਾ ਵਿਸ਼ਾ ਬਣਿਆ ਰਿਹਾ ਹੈ। ਕਿਹਾ ਜਾਂਦਾ ਹੈ ਕਿ "ਹਰਿ ਅਨੰਤ,ਹਰਿ ਕਥਾ ਅਨੰਤਾ" ਇਹ ਪੇਚੀਦਾ ਮਸਲਾ ਰਿਹਾ ਹੈ। ਪਰ ਇਹ ਇਨਾਂ ਵੀ ਮੁਸ਼ਕਲ ਨਹੀਂ, ਕਿ ਸਮਝਿਆ ਨਾ ਜਾ ਸਕੀਏ।

ਇਸ ਵਿਸ਼ੇ ਤੇ ਵੱਖ-2 ਫਲਸਫੇ ਘੜੇ ਗਏ ਹਨ, ਜਿਹੜੇ ਆਪਸ ਵਿੱਚ ਨਾ ਕੇਵਲ ਵਿਰੋਧਾਭਾਸੀ ਹਨ, ਸਗੋਂ ਇੱਕ-ਦੂਜੇ ਦੇ ਦੁਸ਼ਮਣ ਬਣ ਗਏ ਹਨ। ਰਿਲੀਜਨ (ਧਰਮ) ਦੇ ਨਾਂ ਤੇ ਲੱਖਾਂ ਬੇਕਸੂਰ ਲੋਕ ਮਾਰੇ ਜਾ ਚੁੱਕੇ ਹਨ। ਇਸ ਰਿਲੀਜਨ ਦੀ ਜੜ੍ਹ ਇਹ ਰੱਬ ਦਾ ਕਿਆਸ ਹੀ ਰਿਹਾ ਹੈ। ਕੁਝ ਰਿਲੀਜਨ ਉਸਨੂੰ "ਸਾਕਾਰ" ਭਾਵ ਦੇਹਧਾਰੀ ਮੰਨਦੇ ਹਨ, ਤਾਂ ਕੁਝ ਉਸਨੂੰ "ਨਿਰਾਕਾਰ" ਮੰਨਦੇ ਹਨ। ਸਾਰੇ ਮਜਹਬ ਆਪਣੇ-2 "ਰੱਬ" ਨੂੰ ਸੱਚਾ ਅਤੇ ਦੂਜਿਆਂ ਦੇ "ਰੱਬ" ਨੂੰ ਮਾੜਾ ਆਖਦੇ ਹਨ। ਰੱਬ ਬਾਰੇ ਪ੍ਰੋਫੈਸਰ ਮੋਹਨ ਸਿੰਘ ਜੀ ਦੀਆਂ ਮਸ਼ਹੂਰ ਸਤਰਾਂ ਹਨ:

"ਰੱਬ ਇੱਕ ਗੁੰਝਲਦਾਰ ਬੁਝਾਰਤ
ਰੱਬ ਇਕ ਗੋਰਖ-ਧੰਦਾ।
ਖੋਲ੍ਹਣ ਲੱਗਿਆਂ ਪੇਚ ਏਸ ਦੇ
ਕਾਫ਼ਰ ਹੋ ਜਾਏ ਬੰਦਾ।
ਕਾਫ਼ਰ ਹੋਣੋ ਡਰ ਕੇ ਜੀਵੇਂ
ਖੋਜੋਂ ਮੂਲ ਨਾ ਖੁੰਝੀ
ਲਾਈਲੱਗ ਮੋਮਨ ਦੇ ਕੋਲੋਂ
ਖੋਜੀ ਕਾਫ਼ਰ ਚੰਗਾ।"

ਉਹ ਅੱਗੇ ਲਿਖਦੇ ਹਨ:

"ਤੇਰੀ ਖੋਜ ਵਿਚ ਅਕਲ ਦੇ ਖੰਭ ਝੜ ਗਏ

ਤੇਰੀ ਭਾਲ ਵਿਚ ਥੋਥਾ ਖ਼ਿਆਲ ਹੋਇਆ।"

ਪ੍ਰੋਫੈਸਰ ਮੋਹਨ ਸਿੰਘ ਜੀ ਕਵਿਤਾ ਦੇ ਅਖੀਰ ਵਿੱਚ ਉਹ "ਰੱਬ" ਨੂੰ ਬੇਨਤੀ ਕਰਦੇ ਹਨ ਕਿ ਜੇਕਰ ਉਹ ਇੱਕ ਵਾਰ ਖੁਦ ਸਭ ਦੇ ਸਾਹਮਣੇ ਆ ਜਾਵੇ, ਤਾਂ ਸਾਰੇ ਝਗੜੇ ਹੀ ਮੁੱਕ ਜਾਣ। ਉਹ ਕਹਿੰਦੇ ਹਨ:

"ਜੇ ਤੂੰ ਮੂੰਹ ਤੋਂ ਜ਼ੁਲਫ਼ਾਂ ਹਟਾ ਦੇਵੇਂ,

ਬਿਟ ਬਿਟ ਤੱਕਦਾ ਕੁਲ ਸੰਸਾਰ ਰਹਿ ਜਾਏ ।

ਰਹਿ ਜਾਏ ਭਾਈ ਦੇ ਹੱਥ ਵਿਚ ਸੰਖ ਫੜਿਆ,

ਬਾਂਗ ਮੁੱਲਾਂ ਦੇ ਸੰਘ ਵਿਚਕਾਰ ਰਹਿ ਜਾਏ।

ਪੰਡਤ ਹੁਰਾਂ ਦਾ ਰਹਿ ਜਾਏ ਸੰਧੂਰ ਘੁਲਿਆ,

ਜਾਮ ਸੂਫ਼ੀ ਦਾ ਹੋਇਆ ਤਿਆਰ ਰਹਿ ਜਾਏ।

ਕਲਮ ਢਹਿ ਪਏ ਹੱਥੋਂ ਫ਼ਿਲਾਸਫ਼ਰ ਦੀ,

ਮੁਨਕਿਰ ਤੱਕਦਾ ਤੇਰੀ ਨੁਹਾਰ ਰਹਿ ਜਾਏ।

ਇਕ ਘੜੀ ਜੇ ਖੁਲ੍ਹਾ ਦੀਦਾਰ ਦੇ ਦਏਂ,

ਸਾਡਾ ਨਿੱਤ ਦਾ ਰੇੜਕਾ ਚੁੱਕ ਜਾਵੇ।

ਤੇਰੀ ਜ਼ੁਲਫ਼ ਦਾ ਸਾਂਝਾ ਪਿਆਰ ਹੋਵੇ,

ਝਗੜਾ ਮੰਦਰ ਮਸੀਤ ਦਾ ਮੁੱਕ ਜਾਵੇ।"

ਇਸੇ ਤਰ੍ਹਾਂ ਦੀ ਗੱਲ ਪਾਕਿਸਤਾਨ ਦੇ ਕਵੀ ਨਾਜ਼ ਖਿਆਲਵੀ ਆਪਣੀ ਕਵਿਤਾ "ਗੋਰਖਧੰਦਾ" ਵਿੱਚ ਉਸ ਰੱਬ ਕੋਲੋਂ ਪੁੱਛਦੇ ਹਨ:-

"ਕਭੀ ਯਹਾਂ ਤੁਮਹੇਂ ਢੂੰਢਾ, ਕਭੀ ਵਹਾਂ ਪਹੁੰਚਾ।

ਤੁਮਹਾਰੀ ਦੀਦ ਕੀ ਖਾਤਿਰ, ਕਹਾਂ-ਕਹਾਂ ਪਹੁੰਚਾ।

ਗਰੀਬ ਮਿਟ ਗਏ ਪਾਮਾਲ ਹੋ ਗਏ, ਲੇਕਿਨ,

ਕਿਸੀ ਤਲਕ ਨ ਤੇਰਾ ਨਿਸ਼ਾਂ ਪਹੁੰਚਾ।"

ਅਤੇ

"ਹੋ ਭੀ ਨਹੀਂ ਔਰ ਹਰ ਜਾ ਹੋ,

ਤੁਮ ਏਕ ਗੋਰਖਧੰਧਾ ਹੋ"

ਪਰ ਅਫਸੋਸ! ਖੁਲ੍ਹੇ ਦਰਸ਼ਨ-ਦੀਦਾਰ ਤਾਂ ਛੱਡੋ, ਅੱਜ ਤੀਕਰ ਉਸ ਰੱਬ ਦੀ ਕੋਈ ਚਿੱਠੀ-ਪੱਤਰ, ਜਾਂ ਈਮੇਲ ਵੀ ਕਿਸੇ ਨੂੰ ਨਹੀਂ ਮਿਲੀ। ਭਾਵੇਂ ਈਸਾ, ਮੂਸਾ, ਮੁਹੰਮਦ ਅਤੇ ਹੋਰ ਮਜਹਬਾਂ ਦੇ ਲੋਕਾਂ ਨੇ "ਰੱਬ" ਦੇ ਦੀਦਾਰ ਦੇ ਦਾਅਵੇ ਕੀਤੇ, ਪਰ ਅੱਜ ਸਾਨੂੰ ਪਤਾ ਹੈ ਕਿ ਇਹ ਉਨ੍ਹਾਂ ਦਾ ਵਹਿਮ ਸੀ, ਉਨ੍ਹਾਂ ਵਿਚੋਂ ਬਹੁਤ ਸਾਰੇ ਮਤੀ-ਭਰਮ (hallucinations) ਦੇ ਮਾਨਸਿਕ ਰੋਗ ਦੇ ਸ਼ਿਕਾਰ ਸੀ। ਕਹਿੰਦੇ ਹਨ ਕਿ ਮੂਸਾ ਤੂਰ ਦੇ ਪਹਾੜ ਤੇ ਚੜ੍ਹਿਆ ਅਤੇ ਰੱਬ ਨਾਲ ਸਿੱਧੀ ਗੱਲਬਾਤ ਕੀਤੀ ਤੇ 10 ਆਗਿਆਵਾਂ ਪਰਾਪਤ ਕੀਤੀਆਂ। ਇਸ ਦਾਅਵੇ ਦਾ ਮੂਸਾ ਨੂੰ ਛੱਡ ਕੇ ਕੋਈ ਦੂਸਰਾ ਗਵਾਹ ਨਹੀਂ ਸੀ। ਈਸਾਮਸੀਹ ਮਰਨ ਤੋਂ ਪਹਿਲਾਂ ਆਹ ਭਰਦਾ ਹੈ ਕਿ ਹੇ ਪ੍ਰਭੂ! ਤੂੰ ਮੈਨੂੰ ਕਿਉਂ ਭੁੱਲ ਗਿਆ। ਮੁਹੰਮਦ ਰੱਬ ਨੂੰ ਸਿਧੇ ਤੌਰ ਤੇ ਨਹੀਂ ਮਿਲਿਆ। ਕਹਿੰਦੇ ਹਨ ਕਿ ਜਿਬਰਾਈਲ ਉਸਨੂੰ ਰੱਬ ਦੇ ਸੰਦੇਸ਼ ਦਿੰਦਾ ਸੀ। ਉਸ ਜਿਬਰਾਈਲ ਨੂੰ ਵੀ ਮੁਹੰਮਦ ਨੂੰ ਛੱਡ ਕੇ ਕਿਸੇ ਹੋਰ ਨੇ ਨਹੀਂ ਵੇਖਿਆ।

"ਰੱਬ" ਦੀ ਕਹਾਣੀ "ਇਨਸਾਨ" ਦੀ ਕਹਾਣੀ ਨਾਲ ਜੁੜੀ ਹੋਈ ਹੈ। ਜਦੋਂ ਇਨਸਾਨ ਨੇ ਖਾਨਾਬਦੋਸ਼ ਜੀਵਨ ਛੱਡ ਕੇ ਸੱਭਿਅਕ ਜੀਵਨ ਜਿਊਣਾ ਸ਼ੁਰੂ ਕੀਤਾ, ਜਦੋਂ ਉਸਦੀ ਰੋਜੀ-ਰੋਟੀ ਦੀ ਸਮੱਸਿਆ ਬਹੁਤ ਹੱਦ ਤੱਕ ਹਲ ਹੋਈ, ਤਦ ਉਸ ਨੂੰ ਆਪਣੇ ਚੌਗਿਰਦੇ ਬਾਰੇ ਸੋਚਣ ਦੀ ਕੁਝ ਵਿਹਲ ਮਿਲੀ। ਉਸਨੇ ਵਗਦੇ ਦਰਿਆ ਵੇਖੇ, ਕੜਕਦੀ ਅਸਮਾਨੀ ਬਿਜਲੀ ਵੇਖੀ। ਉਸਨੇ ਡਰ ਦੇ ਮਾਰੇ ਇਨ੍ਹਾਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਵੱਖ-ਵੱਖ ਦੇਵੀ-ਦੇਵਤੇ ਬਣ ਗਏ:- ਪਾਣੀ ਦਾ ਦੇਵਤਾ,ਹਵਾ ਦਾ ਦੇਵਤਾ, ਵਿਦਿਆ ਦੀ ਦੇਵੀ, ਧਨ ਦੀ ਦੇਵੀ, ਇਥੋਂ ਤੱਕ ਕਿ ਲੜਾਈ ਦੇ ਵੀ ਦੇਵੀ-ਦੇਵਤੇ ਹੋਂਦ ਵਿੱਚ ਆ ਗਏ। ਹਰੇਕ ਕਬੀਲੇ ਦਾ ਆਪਣਾ-ਆਪਣਾ ਪ੍ਰਮੁੱਖ ਦੇਵਤਾ ਹੁੰਦਾ ਸੀ, ਜਿਵੇਂ ਬੇਬੀਲੋਨ ਦਾ ਦੇਵਤਾ "ਮਰਦੁਕ", ਯੁਨਾਨੀਆਂ ਦਾ "ਜਿਊਸ" ਆਦਿਕ। ਹਰੇਕ ਕਬੀਲਾ ਯੁੱਧ ਤੋਂ ਪਹਿਲਾਂ ਆਪਣੇ-ਆਪਣੇ ਦੇਵਤਿਆਂ ਦੀ ਪੂਜਾ ਕਰਦਾ ਸੀ ਤੇ ਉਹਨਾਂ ਕੋਲੋਂ ਜਿੱਤ ਦੀ ਮੁਰਾਦ ਮੰਗਦਾ ਸੀ। ਜਿਸ ਕਬੀਲੇ ਦੀ ਜਿੱਤ ਹੁੰਦੀ, ਉਸ ਦੇ ਦੇਵਤੇ ਨੂੰ ਵਧੇਰੇ ਤਾਕਤਵਰ ਮੰਨਿਆ ਜਾਂਦਾ। ਪੁਜਾਰੀ-ਵਰਗ ਆਪਣੇ ਸੁਆਰਥ ਲਈ ਇਸ ਵਿਸ਼ਵਾਸ ਨੂੰ ਹੁੰਗਾਰਾ ਦਿੰਦਾ ਰਿਹਾ। ਮਗਰੋਂ ਕਿਸੇ

ਵੇਲੇ ਉਹ ਕਬੀਲਾ ਵੀ ਹਾਰ ਜਾਂਦਾ ਸੀ। ਇਸ ਕਰਕੇ ਕੁਝ ਲੋਕਾਂ ਨੂੰ ਦੇਵਤਿਆਂ ਦੀਆਂ ਸ਼ਕਤੀਆਂ ਤੇ ਸ਼ਕ ਹੋਣਾ ਸ਼ੁਰੂ ਹੋਇਆ। ਉਸਨੇ ਪੁਜਾਰੀ-ਵਰਗ ਤੋਂ ਸਪਸ਼ਟੀਕਰਨ ਮੰਗਿਆ। ਪੁਜਾਰੀ ਨੇ ਕੁਝ ਨਾ ਕੁਝ ਜੁਆਬ ਤਾਂ ਦੇਣਾ ਹੀ ਸੀ, ਉਸ ਨੇ ਝੱਟ ਇੱਕ "ਨਿਰਾਕਾਰ" ਰੱਬ ਕਿਆਸ ਲਿਆ, ਜਿਹੜਾ ਕਿਸੇ ਨੂੰ ਨਜਰ ਨਹੀਂ ਆਉਂਦਾ ਸੀ, ਅਤੇ ਜਿਹੜਾ ਇਨ੍ਹਾਂ ਸਾਰੇ ਦੇਵੀ ਦੇਵਤਿਆਂ ਤੇ ਤਕੜਾ ਸੀ। ਇਸ ਤਰ੍ਹਾਂ ਬਹੁਦੇਵਵਾਦ (Polytheism) ਤੋਂ ਏਕੇਸ਼ਵਰਵਾਦ (Monotheism) ਦੀ ਸ਼ੁਰੂਆਤ ਹੋਈ। ਇਸ "ਅਦਿੱਖ" ਰੱਬ ਉੱਤੇ ਇਤਰਾਜ਼ ਕਰਨਾ ਇਨਾਂ ਸੌਖਾ ਕੰਮ ਨਹੀਂ ਸੀ। ਰੱਬ ਦੇ ਨਾਂ ਤੇ ਪੁਜਾਰੀ-ਵਰਗ ਫਲਦਾ-ਫੁਲਦਾ ਰਿਹਾ। ਆਮ ਤੌਰ ਤੇ ਹਰ ਦੇਸ਼, ਹਰ ਮਜਹਬ ਦੀ ਏਹਿਓ ਕਹਾਣੀ ਹੈ।

ਪਹਿਲਾਂ ਜਿੱਥੇ ਵੱਡੇ-ਵੱਡੇ ਚਮਤਕਾਰ, ਵੱਡੀਆਂ-ਵੱਡੀਆਂ ਕਰਾਮਾਤਾਂ ਹੁੰਦੀਆਂ ਸਨ, ਹਨੂੰਮਾਨ ਸੂਰਜ ਨੂੰ ਨਿਗਲ ਜਾਂਦੇ ਸੀ, ਰੱਬ ਅਜਾਬ ਭੇਜ ਕੇ ਸਾਰੀ ਦੁਨੀਆਂ ਵਿੱਚ ਹੜ੍ਹ ਲੈ ਆਉਂਦਾ ਸੀ, ਚੰਦ ਦੇ ਦੋ ਟੋਟੇ ਹੋ ਜਾਂਦੇ ਸੀ; ਉੱਥੇ ਅੱਜ ਦੇ ਚਮਤਕਾਰ ਬੜੇ ਮਾਮੂਲੀ ਜਿਹੇ ਹੁੰਦੇ ਹਨ ਜਿਵੇਂ ਗਣੇਸ਼ ਜੀ ਦੁੱਧ ਪੀਂਦੇ ਹਨ, ਈਸਾਮਸੀਹ ਦੀ ਮੂਰਤੀ ਤੋਂ ਪਾਣੀ ਚੋਂਦਾ ਹੈ ਜਾਂ ਕਿਸੇ ਬੱਕਰੇ ਦੇ ਸਰੀਰ ਤੇ "ਅੱਲਾ" ਲਿਖਿਆ ਹੁੰਦਾ ਹੈ। ਪਹਿਲਾਂ ਬੀਮਾਰੀਆਂ ਭਗਵਾਨ ਦੇ ਗੁੱਸੇ ਦੀ ਨਿਸ਼ਾਨੀ ਹੁੰਦੀ ਸੀ, ਅੱਜ ਅਸੀਂ ਜਾਣਦੇ ਹਾਂ ਕਿ ਇਹ ਕੁਝ ਨਿੱਕੇ-ਨਿੱਕੇ ਜੀਵਾਂ ਦੀ ਕਾਰਸਤਾਨੀ ਹੈ। ਰੱਬ ਦਾ ਅਧਿਕਾਰ-ਖੇਤਰ ਹੌਲੀ-ਹੌਲੀ ਸੁੰਗੜਦਾ ਜਾ ਰਿਹਾ ਹੈ, ਜਦ ਕਿ ਵਿਗਿਆਨ ਦਾ ਦਾਇਰਾ ਹੌਲੀ-ਹੌਲੀ ਵੱਧਦਾ ਜਾ ਰਿਹਾ ਹੈ।

ਹੁਣ ਕਈ ਲੋਕੀ ਕਹਿੰਦੇ ਹਨ ਕਿ ਮੇਰੇ ਲਈ "ਸੱਚ ਹੀ ਰੱਬ ਹੈ" ਜਾਂ ਮੇਰੇ ਲਈ "ਕੁਦਰਤ", "ਇਨਸਾਨੀਅਤ", "ਨੇਕੀ" ਜਾਂ "ਪਿਆਰ-ਮੁਹੱਬਤ" ਹੀ ਰੱਬ ਹੈ। ਤੇ ਇਸਦੇ ਨਾਲ ਕਿਹਨੂੰ ਇਤਰਾਜ਼ ਹੋ ਸਕਦਾ ਹੈ? ਅਮਰੀਕੀ ਚਿੰਤਕ ਰਾਬਰਟ ਇੰਗਰਸੋਲ ਨੇ ਢੁਕਵੀਂ ਗੱਲ ਕੀਤੀ ਹੈ ਕਿ "ਇਨਸਾਨ ਨੇ ਆਪਣੇ ਨਾਲ-ਨਾਲ ਆਪਣੇ ਰੱਬ ਨੂੰ ਵੀ ਸਭਿਅਕ ਬਣਾ ਲਿਆ ਹੈ।" ਹੁਣ ਲੋਕ ਕਹਿੰਦੇ ਹਨ ਕਿ:- "ਪਰਮਾਤਮਾ ਦਾ ਵਾਸਾ ਹਿਰਦੇ ਵਿੱਚ ਹੈ", "ਪਰਮਾਤਮਾ ਸਭ ਵਿੱਚ ਵੱਸਣ ਵਾਲਾ ਹੈ", "ਪਰਮਾਤਮਾ ਤੇਰੇ ਨਾਲ ਹੀ ਵੱਸਦਾ ਹੈ" ਆਦਿਕ।

ਸਾਨੂੰ ਇਸ ਭੰਬਲਭੂਸੇ ਤੋਂ ਬਾਹਰ ਆਉਣ ਦੀ ਲੋੜ ਹੈ। ਰੱਬ ਦੀ ਥਾਂ ਇਨਸਾਨ ਦੀ

ਬਿਹਤਰੀ ਬਾਰੇ ਸੋਚ-ਵਿਚਾਰ ਕਰਨ ਦੀ ਲੋੜ ਹੈ। ਪ੍ਰੋਫੈਸਰ ਮੋਹਨ ਸਿੰਘ ਜੀ ਦੇ ਸ਼ਬਦਾਂ ਅਨੁਸਾਰ:-

"ਬੁੱਧੀਮਾਨਾਂ ਨੂੰ ਇਹਸਾਸ ਹੋਇਆ-
ਕਿ ਮੰਦਰ ਤੇ ਮਸੀਤਾਂ ਕੋਠੇ ਹੀ ਹਨ
ਕਿ ਪੁਰਾਨ ਤੇ ਕੁਰਾਨ ਪੋਥੇ ਹੀ ਹਨ
ਕਿ ਸਭਿਤਾ ਦੇ ਦਾਹਵੇ ਥੋਥੇ ਹੀ ਹਨ ।
ਆਉ ਭੂਤ ਦੀ ਗੱਲ ਛੱਡੀਏ
ਭੂਤ ਨੇ ਜਾਣ ਲਗਿਆਂ
ਕੋਈ ਨਿਸ਼ਾਨੀ ਦੇਣੀ ਹੀ ਸੀ।"

ਮੁਕਦੀ ਗੱਲ ਇਹ ਹੈ ਕਿ ਇੱਕ ਨਿਆਣਾ ਵੀ ਇੱਕ ਦਿਨ ਖਿਡੌਣਿਆਂ ਨਾਲ ਖੇਡਣਾ ਛੱਡ ਦਿੰਦਾ ਹੈ ਤੇ ਜੀਵਨ ਦਾ ਮੂਹਰੇ ਹੋ ਕੇ ਸਾਹਮਣਾ ਕਰਦਾ ਹੈ। ਹੁਣ ਮਨੁੱਖ-ਜਾਤੀ ਨੂੰ ਵੀ ਰੱਬ ਦਾ ਸੰਕਲਪ ਛੱਡ ਦੇਣਾ ਚਾਹੀਦਾ ਹੈ। ਇਸ ਸੰਕਲਪ ਨਾਲ ਚੰਗਾ ਘੱਟ ਅਤੇ ਮਾੜਾ ਜਿਆਦਾ ਵਾਪਰਿਆ ਹੈ। ਅਸੀਂ "ਰੱਬ" ਦੇ ਕਿਆਸ ਦੇ ਬਗੈਰ ਵੀ "ਚੰਗੇ" ਹੋ ਸਕਦੇ ਹਾਂ, ਚੰਗਾ ਨੈਤਿਕ ਜੀਵਨ ਬਿਤਾ ਸਕਦੇ ਹਾਂ। ਅਸੀਂ ਧਰਮ-ਗ੍ਰੰਥਾਂ ਦੇ ਹਵਾਲੇ ਦੇਣ ਤੋਂ ਬਗੈਰ ਵੀ ਚੱਜਦੀ ਗੱਲ ਕਹਿ ਸਕਦੇ ਹਾਂ। ਬਗੈਰ ਰੱਬ ਤੋਂ ਅਤੇ ਬਗੈਰ ਨਰਕ ਦੀ ਅੱਗ ਤੋਂ ਡਰਦੇ ਹੋਏ ਚੋਰੀ, ਕਤਲ, ਲੁੱਟ-ਮਾਰ ਦੇ ਇਰਾਦੇ ਛੱਡ ਸਕਦੇ ਹਾਂ। ਅਸੀਂ ਸਵਰਗ ਦੇ ਲਾਲਚ ਤੋਂ ਬਿਨਾਂ ਵੀ ਆਪਣੇ ਗਵਾਂਢੀ ਦੀ ਮਦਦ ਕਰ ਸਕਦੇ ਹਾਂ। ਹਾਂ, ਇਹ ਮੁਮਕਿਨ ਹੈ।

- ਮਨੋਜ ਮਲਿਕ,ਚੰਡੀਗੜ੍ਹ

04/29/2020 at 7:27pm 4 Likes

**Iqbal Singh Dhillon** In reply to Manoj Malik

ਮਨੋਜ ਮਲਿਕ ਜੀ,

ਤੁਸੀਂ ਪਰੰਪਰਾਗਤ 'ਰੱਬ' ਸਬੰਧੀ ਬੜੇ ਹੀ ਮਹੱਤਵਪੂਰਨ ਨੁਕਤੇ ਪੇਸ਼ ਕੀਤੇ ਹਨ। ਨਿਸਚੇ ਹੀ 'ਸ਼ਰਧਾਲੂਆਂ' ਲਈ ਇਹਨਾਂ ਦੇ ਉੱਤਰ ਦੇਣਾ ਬਹੁਤ ਮੁਸ਼ਕਿਲ ਹੋਵੇਗਾ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/04/2020 at 3:40pm 3 Likes

**Gurindar Singh Paul**

ਜੋ ਮਨੁੱਖ ਗੁਰੂ (ਗ੍ਰੰਥ) ਦੇ ਫ਼ਲਸਫ਼ੇ ਨੂੰ ਮੰਨਦਾ ਹੈ, ਉਹ ਰੱਬ ਦੀ ਸੂਖਮ ਹੋਂਦ ਤੋਂ ਮੁਨਕਿਰ ਨਹੀਂ ਹੋ ਸਕਦਾ। ਰੱਬ ਦੀ ਅਭੌਤਿਕ, ਅਮੂਰਤ, ਅਗੰਮ, ਅਗੋਚਰ ਅਤੇ ਅਲਖ ਹੋਂਦ ਬਾਰੇ ਦਾਸ ਦੇ ਉਹੀ ਵਿਚਾਰ ਹਨ ਜੋ ਬ੍ਰਹਮਗਿਆਨੀ ਬਾਣੀਕਾਰਾਂ ਦੁਆਰਾ ਬਾਣੀ ਵਿੱਚ ਅੰਕਿਤ ਕੀਤੇ ਗਏ ਹਨ।

ਇਹ ਇਕ ਅਟੱਲ, ਸਦਾ ਸੱਚ ਸਿੱਧਾਂਤ ਹੈ ਕਿ ਕਰਤੇ ਬਿਨਾਂ ਕਿਸੇ ਵੀ ਕਿਰਤ ਦੀ ਹੋਂਦ ਸੰਭਵ ਨਹੀਂ ਹੈ! ਇਸ ਨਿਯਮ ਅਨੁਸਾਰ, ਖ਼ਾਲਿਕ ਬਗੈਰ ਖ਼ਲਕਤ, ਸ੍ਰਿਸ਼ਟਾ ਬਿਨਾਂ ਸ੍ਰਿਸ਼ਟੀ, ਸਿਰਜਣਹਾਰ ਬਿਨਾਂ ਸਿਰਜਣਾ, ਬ੍ਰਹਮ ਬਿਨਾਂ ਬ੍ਰਹਮਾਂਡ ਅਤੇ ਕਾਦਿਰ ਬਗ਼ੈਰ ਕੁਦਰਤ ਦੀ ਹੋਂਦ ਮੁਮਕਿਨ ਨਹੀਂ ਹੈ!

ਗੁਰ-ਫ਼ਲਸਫ਼ੇ ਅਨੁਸਾਰ, ਸਰਬ ਵਿਆਪਕ ਕਾਦਿਰ (ੴ, ਨਿਰੰਕਾਰ, ਪ੍ਰਭੂ, ਹਰਿ, ਰਾਮ, ਠਾਕੁਰ, ਰੱਬ, ਖ਼ੁਦਾ ਤੇ ਅੱਲਹ...ਆਦਿ) ਦੀ ਪਹਿਚਾਨ ਉਸ ਦੀ ਕੁਦਰਤ (ਨਾਮ, ਹੁਕਮ, ਭਾਣਾ, ਰਜ਼ਾ...) ਵਿੱਚੋਂ ਹੀ ਹੁੰਦੀ ਹੈ:-

ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ॥ ਮਾਝ ਕੀ ਵਾਰ ਮ:੧

ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥ ਸਲੋਕ ਮ:੧

...ਦੇਖਿ ਅਦਿਸਟ ਰਹਹੁ ਲਿਵ ਲਾਗੀ ਸਭੁ ਤ੍ਰਿਭਵਣਿ ਬ੍ਰਹਮੁ ਸਬਾਇਆ॥ ਮਾਰੂ ਸੋਲਹੇ ਮ:੧

ਸੋਧਤ ਸੋਧਤ ਸੋਧਤ ਸੀਝਿਆ॥ ਗੁਰ ਪ੍ਰਸਾਦਿ ਤਤੁ ਸਭੁ ਬੂਝਿਆ॥

ਜਬ ਦੇਖਉ ਤਬ ਸਭੁ ਕਿਛੁ ਮੂਲੁ॥ ਨਾਨਕ ਜੋ ਸੂਖਮ ਸੋਈ ਅਸਥੂਲੁ॥ ਗਉੜੀ ਸੁਖਮਨੀ ਮ:੫

ਸ: ਹਾਕਮ ਸਿੰਘ ਜੀ ਅਤੇ ਸ: ਦਰਸ਼ਨ ਸਿੰਘ ਜੀ ਦੇ, ਗੁਰਬਾਣੀ ਦੇ ਹਵਾਲਿਆਂ ਨਾਲ ਦਿੱਤੇ, ਵਿਚਾਰਾਂ ਨਾਲ ਮੈਂ ਪੂਰੀ ਤਰ੍ਹਾਂ ਸਹਿਮਤ ਹਾਂ।

04/30/2020 at 9:05am

**Iqbal Singh Dhillon** In reply to Gurindar Singh Paul

ਸ. ਗੁਰਿੰਦਰ ਸਿੰਘ ਪਾਲ ਜੀ,

ਤਹਸੀਂ ਇਹ ਕਹਿ ਰਹੇ ਹੋ ਕਿ " ਕਰਤੇ ਬਿਨਾਂ ਕਿਸੇ ਵੀ ਕਿਰਤ ਦੀ ਹੋਂਦ ਸੰਭਵ ਨਹੀਂ ਹੈ "। ਕੀ ਤੁਸੀਂ ਦੱਸਣ ਦੀ ਕਿਰਪਾਲਤਾ ਕਰੋਗੇ ਕਿ ਮੰਨੇਂ ਜਾਂਦੇ 'ਰੱਬ' ਦਾ ਕਰਤਾ ਕੋਣ ਹੈ ?

ਇਕਬਾਲ ਸਿੰਘ ਢਿੱਲੋਂ

05/04/2020 at 3:45pm 1 Like

**Gurindar Singh Paul**

ਡਾ:ਇਕਬਾਲ ਸਿੰਘ ਢਿੱਲੋਂ ਜੀ,

ਆਪ ਦਾ ਸਵਾਲ ਹੈ: "...ਮੰਨੇ ਜਾਂਦੇ ਰੱਬ ਦਾ ਕਰਤਾ ਕੌਣ ਹੈ?" ਇਸ ਦਾ ਜਵਾਬ ਮੂਲਮੰਤ੍ਰ ਵਿੱਚ ਹੀ ਹੈ। ੴ... ਕਰਤਾ ਪੁਰਖ... ਸੈਭੰ (ਆਪਣੇ ਆਪ ਤੋਂ ਹੋਣ ਵਾਲਾ) ਹੈ, ਉਸ ਦਾ ਕਰਤਾ ਕੋਈ ਨਹੀਂ ਹੈ। ਗੁਰਮਤਿ ਦੇ ਇਸ ਵਿਚਾਰ ਦੀ ਪੁਸ਼ਟੀ ਗੁਰਬਾਣੀ ਦੀਆਂ ਹੋਰ ਕਈ ਤੁਕਾਂ ਤੋਂ ਵੀ ਹੁੰਦੀ ਹੈ ਜਿਵੇਂ:

ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥ ਜਪੁ

ਰੱਬ, ਗੁਰਮਤਿ ਦੇ ਬੀਜਮੰਤ੍ਰ "ੴ" (ਜਿਸ ਦਾ ਉਚਾਰਣ ਆਪ 'ਇਕੋ' ਜਾਂ 'ਏਕੋ' ਦੱਸਦੇ ਹੋ) ਦਾ ਸਿਫ਼ਾਤੀ ਨਾਮ ਹੈ। ਰਬ ਅਰਬੀ ਬੋਲੀ ਦਾ ਲਫ਼ਜ਼ ਹੈ ਅਤੇ ਇਸ ਦੇ ਮਅਨੇ ਹਨ: ਪਰਵਰਿਸ਼ ਕਰਨ ਵਾਲਾ, ਪਰਵਰਦਿਗਾਰ, ਪਾਲਣਹਾਰ (Sustainer)।

05/05/2020 at 9:56am

**Iqbal Singh Dhillon**

ਸ. ਗੁਰਿੰਦਰ ਸਿੰਘ ਪਾਲ ਜੀ,

ਤੁਸੀਂ ਆਪਣੀ ਲਿਖਤ ਦੇ ਅਰੰਭ ਵਿਚ ਲਿਖਦੇ ਹੋ " ਜੋ ਮਨੁੱਖ ਗੁਰੂ (ਗ੍ਰੰਥ) ਦੇ ਫ਼ਲਸਫ਼ੇ ਨੂੰ ਮੰਨਦਾ ਹੈ, ਉਹ ਰੱਬ ਦੀ ਸੂਖਮ ਹੋਂਦ ਤੋਂ ਮੁਨਕਿਰ ਨਹੀਂ ਹੋ ਸਕਦਾ"। ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਆਮ ਕਰਕੇ 'ਰੱਬ' ਤੋਂ ਭਾਵ ਕਿਸੇ ਕਾਲਪਨਿਕ ਹੋਂਦ, ਸ਼ਖਸੀ (anthropomorphic) ਰੂਪ ਜਾਂ 'ਪਰਮਾਤਮਾ' (supreme soul) ਲਿਆ ਜਾਂਦਾ ਹੈ ਅਤੇ ਸੰਪਾਦਕ ਜੀ ਦਾ ਸਵਾਲ ਵੀ ਏਸੇ ਸੰਦਰਭ ਵਿਚ ਹੈ। ਜੋ ਤੁਸੀਂ ਅਰਬੀ ਭਾਸ਼ਾ ਵਾਲੇ ਅਰਥ ਪੇਸ਼ ਕੀਤੇ ਹਨ ਉਹ ਪਹਿਲਾਂ 'ਰੱਬ' ਨੂੰ ਇਕ ਸ਼ਖਸੀ ਹੋਂਦ ਮੰਨ ਕੇ ਉਸ ਨਾਲ ਜੋੜੇ ਹੋਏ ਕੁਝ ਵਿਸ਼ੇਸਣ ਹਨ ਅਤੇ ਗੁਰਬਾਣੀ ਦੀ ਪਹਿਲੀ ਸਤਰ ਵਿਚ 'ਸੈਭੰ' ਸ਼ਬਦ ਕਿਸੇ ਸੂਖਮ ਜਾਂ ਕਾਲਪਨਿਕ ਹੋਂਦ ਲਈ ਨਹੀਂ ਵਰਤਿਆ ਗਿਆ। ਸਿਖ ਭਾਈਚਾਰੇ ਵਿਚਲੇ ਜਾਗਰੂਕ ਅਖਵਾਉਂਦੇ ਸੱਜਣ ਚਲਾਕੀ ਨਾਲ 'ਰੱਬ' ਸ਼ਬਦ ਦੀ ਵੀ ਖੁਲ੍ਹ ਕੇ ਵਰਤੋਂ ਕਰਦੇ ਹਨ (ਭਾਵ ਉਹ ਅੰਦਰੋ-ਅੰਦਰੀ 'ਰੱਬ' ਦੀ ਕਾਲਪਨਿਕ ਹੋਂਦ ਵਿਚ ਵਿਸ਼ਵਾਸ ਵੀ ਰੱਖਦੇ ਹਨ) ਪਰੰਤੂ ਤਰਕਸ਼ੀਲਤਾ ਅਧਾਰਿਤ ਸਵਾਲ ਸਾਹਮਣੇ ਆ ਜਾਣ ਤੇ 'ਰੱਬ' ਨੂੰ 'ਕਿਰਤਮ' ਨਾਮ ਦੇ ਤੌਰ ਤੇ ਪੇਸ਼ ਕਰ ਦੇਂਦੇ ਹਨ। ਮੈਂ ਇਸ ਨੂੰ ਦਵੰਦ ਦੀ ਸਥਿਤੀ ਮੰਨਦਾ ਹਾਂ। ਸੋ ਤੁਹਾਨੂੰ ਬੇਨਤੀ ਹੈ ਕਿ ਤੁਸੀਂ ਆਪਣਾ stand ਸਪਸ਼ਟ ਕਰਨ ਦੀ ਕਿਰਪਾਲਤਾ ਕਰੋ ਕਿ ਕੀ ਤੁਸੀਂ ਮੰਨੇਂ ਜਾਂਦੇ 'ਰੱਬ' ਦੀ ਕਾਲਪਨਿਕ ਹੋਂਦ (ਸ਼ਖਸੀ ਜਾਂ 'ਪਰਮਾਤਮਾ' ਵਾਲੀ) ਨੂੰ ਮਾਨਤਾ ਦੇਂਦੇ ਹੋ ? ਜੇ ਨਹੀਂ ਤਾਂ 'ਰੱਬ' ਵਾਲੇ ਇਸ ਭੁਲੇਖਾ-ਪਾਊ ਸ਼ਬਦ ਦੀ ਵਰਤੋਂ ਕਿਓਂ ਕਰਦੇ ਹੋ ? ਤੁਹਾਡੇ ਉੱਤਰ ਨਾਲ ਚੱਲ ਰਹੇ ਦਵੰਦ ਨੂੰ ਦੂਰ ਕਰਨ ਵਿਚ ਵੱਡੀ ਮਦਦ ਮਿਲ ਸਕਦੀ ਹੈ ਜੀ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/05/2020 at 2:33pm 1 Like

**Gurindar Singh Paul**

ਡਾ: ਇਕਬਾਲ ਸਿੰਘ ਢਿੱਲੋਂ ਜੀ,

ਆਪ ਦੀ ਦਲੀਲ ਹੈ ਕਿ ਮੂਲ ਮੰਤਰ ਅਤੇ ਬਾਣੀ "ਜਪੁ" ਵਿੱਚ "ਰਬ" ਸ਼ਬਦ ਕਿਤੇ ਨਹੀਂ ਆਇਆ! ਇਸ ਦਲੀਲ ਦੇ ਆਧਾਰ 'ਤੇ ਆਪ ਨੇ ਫ਼ਰਮਾਨ ਜਾਰੀ ਕੀਤਾ ਹੈ ਕਿ ਲੇਖਕਾਂ ਨੂੰ "ਗੁਰਬਾਣੀ ਦੇ ਸੰਦਰਭ ਵਿਚ 'ਰੱਬ' ਅਤੇ 'ਪਰਮਾਤਮਾ' ਸ਼ਬਦਾਂ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ"। ਡਾ: ਢਿੱਲੋਂ ਜੀ, ਆਪ ਇਹ ਫ਼ਰਮਾਨ ਜਾਰੀ ਕਰਨ ਵਿੱਚ ਥੋੜਾ ਪਛੜ ਗਏ ਹੋ! ਕਿਉਂਕਿ, ਗੁਰਬਾਣੀ ਵਿੱਚ 'ਰਬ' ਸ਼ਬਦ ਦੀ ਵਰਤੋਂ ਕਰਨ ਦੀ 'ਗ਼ਲਤੀ' ਬਾਣੀਕਾਰ ਵੀ ਕਰ ਗਏ ਹਨ!

ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨਿ॥
ਜੋ ਜੋ ਵੰਞੈ ਡੀਹੜਾ ਸੋ ਉਮਰ ਹਥ ਪਵੰਨ੍ਹਿ॥

...ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥... ਸਲੋਕ ਮ:੧

...ਓਨਾ ਪਿਛੈ ਜਗੁ ਭੁੰਚੈ ਭੋਗਈ॥ ਓਨਾ ਪਿਆਰਾ ਰਬੁ ਓਨਾਹਾ ਜੋਗਈ॥...ਰਾਮਕਲੀ ਕੀ ਵਾਰ ਮ:੫

ਡਾ: ਢਿੱਲੋਂ ਜੀ, ਆਪ ਨੇ ਹਾਕਮਾਨਾ ਅੰਦਾਜ਼ ਵਿੱਚ ਕਿਹਾ ਹੈ ਕਿ "ਰਬ" ਦੀ ਬਜਾਏ 'ਬ੍ਰਹਮੰਡੀ ਨਿਯਮ-ਤੰਤਰ' (cosmic system) ਦੀ ਵਰਤੋਂ ਕੀਤੀ ਜਾਵੇ! ਕੀ ਆਪ ਜੀ ਇਹ ਦੱਸਣ ਦੀ ਕ੍ਰਿਪਾ ਕਰੋਗੇ ਕਿ ਆਪ ਦਾ ਸੁਝਾਇਆ ਹੋਇਆ 'ਬ੍ਰਹਮੰਡੀ ਨਿਯਮ-ਤੰਤਰ' (cosmic system), ਬਾਣੀ "ਜਪੁ" ਅਤੇ ਸਮੁਚੀ

ਗੁਰਬਾਣੀ ਵਿੱਚ ਕਿਤਨੀ ਵਾਰ ਆਇਆ ਹੈ?

ਡਾ: ਢਿੱਲੋਂ ਜੀ, ਬਾਣੀ "ਜਪੁ" ਅਤੇ ਸਾਰੀ ਗੁਰਬਾਣੀ ਵਿੱਚ ੴ ਅਤੇ ਰੱਬ ਦੇ ਕਈ ਪਰਯਾਯਵਾਚੀ ਸ਼ਬਦ ਵਰਤੇ ਗਏ ਹਨ ਜਿਵੇਂ ਕਿ: ਹਰਿ, ਰਾਮ, ਪ੍ਰਭੂ, ਈਸ, ਪਰਮੇਸਰ, ਪਾਰਬ੍ਰਹਮ, ਨਿਰੰਕਾਰ, ਨਿਰੰਜਨ, ਓਅੰਕਾਰ, ਏਕੰਕਾਰ, ਸਾਹਿਬ, ਸਾਈਂ, ਠਾਕੁਰ, ਭਗਵਾਨ, ਅਗਮ, ਅਗੋਚਰ ਅਤੇ ਅੱਲਹ...... ਆਦਿ। ਡਾ: ਢਿੱਲੋਂ ਜੀ, ਇਹ ਸਪਸ਼ਟ ਕਰਨ ਦੀ ਕ੍ਰਿਪਾ ਕਰਨੀ ਕਿ, ਕੀ ਆਪ ਦੇ ਫ਼ਰਮਾਨ ਅਨੁਸਾਰ, ਗੁਰਬਾਣੀ ਦੇ ਸੰਦਰਭ ਵਿਚ 'ਰੱਬ' ਦੇ ਉਪਰ ਦਰਸਾਏ ਪਰਯਾਯਵਾਚੀ ਸ਼ਬਦਾਂ ਦੀ ਵਰਤੋਂ ਤੋਂ ਵੀ ਗੁਰੇਜ਼ ਕਰਨਾ ਹੈ ਕਿ ਨਹੀਂ? ਅਤੇ ਕੀ ਉਨ੍ਹਾਂ ਸ਼ਬਦਾਂ ਦੀ ਵਰਤੋਂ ਤੋਂ ਗੁਰੇਜ਼ ਕਰਕੇ ਆਪ ਦੁਆਰਾ ਈਜਾਦ ਕੀਤੇ 'ਬ੍ਰਹਮੰਡੀ ਨਿਯਮ-ਤੰਤਰ' (cosmic system) ਦੀ ਹੀ ਵਰਤੋਂ ਕਰਨੀ ਹੈ?

ਡਾ: ਢਿੱਲੋਂ ਜੀ, ਆਪ ਨੇ ਹਮਾਤੜ ਲੇਖਕਾਂ ਉੱਤੇ ਇਲਜ਼ਾਮ ਲਾਇਆ ਹੈ ਕਿ ਉਹ ਗੁਰਬਾਣੀ ਦੇ ਗ਼ਲਤ ਅਰਥ ਕਰਦੇ ਹਨ! ਹੋ ਸਕਦਾ ਹੈ ਆਪ ਸਹੀ ਹੋਵੋ! ਪਰੰਤੂ ਆਪ ਨੂੰ ਬੇਨਤੀ ਹੈ ਕਿ ਆਪ ਤੁਹਾਡੇ ਆਪਣੇ ਵੱਲੋਂ ਕੀਤੇ ਜਾਂਦੇ ਅਰਥਾਂ ਨੂੰ ਵਿਚਾਰਣ ਦੀ ਥੋੜੀ ਜਿਹੀ ਖੇਚਲ ਕਰਨਾ!

ਆਪ ਨੇ ਆਪਣੇ ਲੇਖ "ਜਪੁ ਬਾਣੀ ਅਤੇ ਰੱਬ ਦਾ ਸੰਕਲਪ" ਵਿੱਚ ਗੁਰਬਾਣੀ ਦੇ ਬੀਜ ਮੰਤਰ "ੴ" ਦੇ ਅਰਥ "ਉਹ" ਕੀਤੇ ਹਨ!!!

ਇਸੇ ਲੇਖ ਵਿੱਚ "ਕੀਤਾ ਪਸਾਉ ਏਕੋ ਕਵਾਉ॥ ਤਿਸ

ਤੇ ਹੋਏ ਲਖ ਦਰਿਆਉ॥" ਦੇ ਆਪ ਵੱਲੋਂ ਕੀਤੇ ਗਏ ਅਰਥ:

"ਬ੍ਰਹਮੰਡ ਦਾ ਪਸਾਰਾ ਇੰਜ ਹੋਇਆ ਜਿਵੇਂ ਇੱਕੋ ਹੀ ਖ਼ੂਹ (ਕੂਆ) ਦੇ ਵਿੱਚੋਂ ਲੱਖਾਂ ਦਰਿਆ ਫੁੱਟ ਤੁਰੇ ਹੋਣ। ਇਹਨਾਂ ਸਤਰਾਂ ਵਿੱਚ ਸ਼ਬਦ 'ਕੂਆ' (ਜਿਸ ਤੋਂ ਸ਼ਬਦ "ਕਵਾਉ" ਬਣਿਆ ਹੈ......"।

ਥੋੜੇ ਪਾਣੀ ਵਾਲੇ ਖ਼ੂਹ ਵਿੱਚੋਂ ਲੱਖਾਂ ਦਰਿਆ ਫੁੱਟਾ ਦੇਣੇ ਸਿਰਫ਼ ਆਪ ਦੀ ਉੱਚਤਮ ਵਿਦਵਤਾ ਅਤੇ ਸਹੀ ਗੁਰਬਾਣੀ-ਗਿਆਨ ਦਾ ਹੀ ਚਮਤਕਾਰ ਹੋ ਸਕਦਾ ਹੈ!!!!!

ਆਪ ਨੇ "ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥" ਦੇ ਅਰਥ ਕੀਤੇ ਹਨ: "ਮੈਂ ਉਸ ਬ੍ਰਹਮੰਡੀ ਨਿਯਮ-ਤੰਤਰ (cosmic system) ਤੋਂ ਬਲਿਹਾਰੀ ਜਾਂਦਾ ਹਾਂ ਜੋ ਕੁਦਰਤ ਵਿੱਚ ਵੀ ਸਮਾਇਆ ਹੋਇਆ ਹੈ"।

ਡਾ: ਢਿੱਲੋਂ ਜੀ, ਪਾਠਕਾਂ/ਲੇਖਕਾਂ ਵਾਸਤੇ ਗੁਰਬਾਣੀ ਦੇ ਸਹੀ ਅਤੇ ਗਿਆਨ-ਵਰਧਕ ਅਰਥ ਕਰਨ ਲਈ ਆਪ ਦਾ ਬਹੁਤ ਬਹੁਤ ਧੰਨਵਾਦ!

05/06/2020 at 9:51pm

**Iqbal Singh Dhillon**

ਸ. ਗੁਰਿੰਦਰ ਸਿੰਘ ਪਾਲ ਜੀ.

ਮੈਂ ਆਪਣੇ 05 ਮਈ ਦੇ reply ਵਿਚ ਤੁਹਾਨੂੰ ਬਹੁਤ ਨਿਮਰਤਾ ਸਹਿਤ ਦੋ ਸਵਾਲ ਕੀਤੇ ਸਨ ਜੋ ਹੇਠਾਂ ਦਿੱਤੇ ਅਨੁਸਾਰ ਹਨ:

1. ਤੁਸੀਂ ਮੰਨੇਂ ਜਾਂਦੇ 'ਰੱਬ' ਦੀ ਕਾਲਪਨਿਕ ਹੋਂਦ (ਸ਼ਖਸੀ ਜਾਂ 'ਪਰਮਾਤਮਾ' ਵਾਲੀ) ਨੂੰ ਮਾਨਤਾ ਦੇਂਦੇ ਹੋ ?
2. ਜੇ ਨਹੀਂ ਤਾਂ 'ਰੱਬ' ਵਾਲੇ ਇਸ ਭੁਲੇਖਾ-ਪਾਊ ਸ਼ਬਦ ਦੀ ਵਰਤੋਂ ਕਿਓਂ ਕਰਦੇ ਹੋ ?

ਮੈਨੂੰ ਇਹ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਤੁਸੀਂ ਮੇਰੇ ਉੱਪਰ ਦਰਸਾਏ ਸਵਾਲਾਂ ਦਾ ਉੱਤਰ ਤਾਂ ਨਹੀਂ ਦਿੱਤਾ ਸਗੋਂ ਤੁਸੀਂ ਉੱਪਰ ਆਪਣੀ 06 ਮਈ ਵਾਲੀ reply ਵਿਚ ਮੇਰੇ ਉੱਤੇ ਕੁਝ ਨਿਰਮੂਲ ਦੋਸ਼ ਲਗਾਉਂਦੇ ਹੋਏ ਗੱਲ ਨੂੰ ਮੇਰੇ ਵੱਲੋਂ ਕੁਝ ਹੋਰ ਲਿਖਤਾਂ ਵਿਚ ਦਿੱਤੇ ਗਏ ਵਿਚਾਰਾਂ ਵੱਲ ਲੈ ਗਏ ਹੋ। ਮੈਨੂੰ ਇੰਜ ਲਗਦਾ ਹੈ ਕਿ ਅਜਿਹਾ ਕਰਦੇ ਹੋਏ ਤੁਸੀਂ ਉੱਪਰ ਦਰਸਾਏ ਮੇਰੇ ਸਵਾਲਾਂ ਦੇ ਉੱਤਰ ਦੇਣ ਤੋਂ ਬਚਾਅ ਕਰਨ ਹਿਤ ਪਾਠਕਾਂ ਅਤੇ ਸੰਪਾਦਕ ਜੀ ਦਾ ਧਿਆਨ ਹੋਰ ਮੁੱਦਿਆਂ ਵੱਲ ਮੋੜਨ ਦਾ ਉਪਰਾਲਾ ਕਰ ਰਹੇ ਹੋ।

ਸ. ਗੁਰਿੰਦਰ ਸਿੰਘ ਪਾਲ ਜੀ, ਮੈਂ ਕੋਈ 'ਫ਼ੁਰਮਾਨ' ਜਾਰੀ ਨਹੀਂ ਕੀਤਾ ਸਗੋਂ ਮੈਂ ਚੱਲ ਰਹੀ ਵਿਚਾਰ-ਚਰਚਾ ਦੇ ਸੰਦਰਭ ਵਿਚ ਸੰਪਾਦਕ ਜੀ ਕੋਲ ਆਪਣਾ ਇਕ ਸੁਝਾਉ ਦਰਜ ਕਰਵਾਇਆ ਹੈ। ਏਸੇ ਤਰ੍ਹਾਂ ਮੈਂ ਕਿਧਰੇ ਵੀ ਤੁਹਾਡੇ ਵੱਲੋਂ ਗੁਰਬਾਣੀ ਦੀ ਕੀਤੀ ਗਈ

'ਵਿਆਖਿਆ' ਨੂੰ ਗਲਤ ਨਹੀਂ ਕਿਹਾ। ਮੇਰੇ ਵੱਲੋਂ ਗੁਰਬਾਣੀ ਦੀ ਕਿਸੇ ਹੋਰ ਲਿਖਤ ਵਿਚ ਕੀਤੀ ਗਈ ਵਿਆਖਿਆ ਦਾ ਏਥੇ ਹਵਾਲਾ ਦੇਣਾ ਤਾ ਉਂਜ ਹੀ ਗੈਰਪ੍ਰਸੰਗਿਕ ਹੈ। ਫਿਰ ਵੀ ਮੈਂ ਤੁਹਾਡੇ ਇਹਨਾਂ ਸਾਰੇ ਨੁਕਤਿਆਂ ਪ੍ਰਤੀ ਵਿਸਥਾਰ ਵਿਚ ਸਪਸ਼ਟੀਕਰਨ ਦੇਣ ਲਈ ਤਿਆਰ ਹਾਂ ਪਰੰਤੂ ਦੁਬਾਰਾ ਸਨਿਮਰ ਬੇਨਤੀ ਹੈ ਕਿ ਪਹਿਲਾਂ ਤੁਸੀਂ ਛੇਤੀ ਤੋਂ ਛੇਤੀ ਮੇਰੇ ਵੱਲੋਂ ਕੀਤੇ ਗਏ ਉੱਪਰ ਦਰਸਾਏ ਦੋ ਸਵਾਲਾਂ ਦੇ ਉੱਤਰ ਦਰਜ ਕਰਵਾਵੋ ਜੀ।

ਇਕਬਾਲ ਸਿੰਘ ਢਿੱਲੋਂ।

05/07/2020 at 2:16pm

**Manohar Singh Purewal**

ਗੁਰਬਾਣੀ ਵੀਚਾਰ ਤੋਂ ਮਿਲੀ ਸੂਝ ਦੇ ਆਧਾਰ ਤੇ ਬਹੁਤ ਹੀ ਸੰਖੇਪ ਜਵਾਬ ਦੇਣ ਦੀ ਇਹ ਇੱਕ ਕੋਸ਼ਿਸ਼ ਹੈ।

ਗੁਰਬਾਣੀ ਗਰੰਥ ਦੀ ਸ਼ੁਰੂਆਤ ੧ ਨਾਲ ਹੁੰਦੀ ਹੈ।ਇਸ ਨੂੰ ਇੱਕ ਨਾ ਲਿਖ ਕੇ ੧ ਦੇ ਨਾਲ ਲਿਖਣ ਦੀ ਖਾਸ ਮਹੱਤਾ ਹੈ।ਇਸ ੧ ਦੀ ਹਸਤੀ ਨੂੰ ਸਮੁੱਚੇ ਪਾਸਾਰੇ ਵਿੱਚ ਵਰਤ ਰਹੀ ਮੁੱਢ ਕਦੀਮੀ ਅਤੇ ਸਦੀਵੀ ਹੋਂਦ ਵਾਲੀ ਹਸਤੀ ਮੰਨਿਆਂ ਹੈ।ਇਸ ਨੂੰ ਕਿਸੇ ਨੇ ਪੈਦਾ ਨਹੀਂ ਕੀਤਾ। ਇਹ ਆਪਣੇ ਆਪ ਤੋਂ ਹੈ, ਸਦਾ ਤੋਂ ਹੈ ਅਤੇ ਸਦਾ ਰਹਿਣ ਵਾਲੀ ਹੈ।ਦੂਜਾ ਕੋਈ ਨਾ ਹੋਣ ਕਰਕੇ ਨਿਰਭਉ ਤੇ ਨਿਰਵੈਰ ਹੋਣ ਦੇ ਗੁਣ ਇਸ ਵਿੱਚ ਆਪ ਹੀ ਆ ਜਾਂਦੇ ਹਨ।ਸਾਰਾ ਹੀ ਪਾਸਾਰਾ ਇਸ ੧ ਤੋਂ ਹੀ ਹੋਣ ਕਰਕੇ ਸਾਰੇ ਹੀ ਆਕਾਰ ਇਸਦੇ ਹਨ ਪਰ ਇਸ ਦਾ ਆਪਣਾ ਕੋਈ ਖਾਸ ਆਕਾਰ ਨਹੀਂ ਹੈ।ਜੇ ਇਸ ਹਸਤੀ ਨੂੰ ਰੱਬ ਜਾਂ ਕੋਈ ਹੋਰ ਨਾਮ ਦੇਣਾ ਹੈ ਤਾਂ ਨਾ ਉਸ ਦਾ ਕੋਈ ਖਾਸ ਆਕਾਰ ਹੋ ਸਕਦਾ ਹੈ ਤੇ ਨਾਂ ਹੀ ਉਹ ਕਿਸੇ ਆਕਾਰ ਵਿੱਚ ਕਿਸੇ ਭੀ

ਥਾਂ ਦਰਬਾਰ ਲਾ ਕੇ ਬੈਠਾ ਹੋ ਸਕਦਾ ਹੈ।੧ ਦੀ ਸੱਚੀ ਹਸਤੀ ਦੀ ਸਰਬ ਵਿਆਪਕਤਾ ਦੀ ਗੱਲ ਗੁਰਬਾਣੀ ਬਹੁਤ ਵਾਰ ਕਰਦੀ ਹੈ।ਦੁੱਖ ਦੀ ਵੱਡੀ ਗੱਲ ਹੀ ਇਹ ਹੈ ਕਿ ਇਸ ਸੱਚ ਨੂੰ ਕੋਈ ਵਿਰਲਾ ਹੀ ਸਮਝਦਾ ਹੈ।

ਏਕੋ ਸਚਾ ਸਭ ਮਹਿ ਵਰਤੈ ਵਿਰਲਾ ਕੋ ਵੀਚਾਰੈ......ਸਭੋ ਸਚੁ ਸਚੁ ਸਚੁ ਵਰਤੈ ਗੁਰਮੁਖਿ ਕੋਈ ਜਾਣੈ-੭੫੪

੧ ਦੀ ਸਰਬ ਵਿਆਪਕਤਾ ਦੇ ਸੱਚ ਨਾਲ ਜੁੜਨਾ ਹੀ ਸੱਚੀ ਧਾਰਮਿਕਤਾ ਹੈ।ਜੇ ਇਹ ਨਹੀਂ ਹੁੰਦਾ ਤਾਂ ਜੀਵ ਦੁਬਿਧਾ ਅਤੇ ਹਉਮੈ ਵਿੱਚ ਵਿਚਰਦਾ ਹੈ।ਗੁਰਬਾਣੀ ਇਨਾਂ ਨੂੰ ਵੱਡੇ ਰੋਗ ਮੰਨਦੀ ਹੈ ਕਿਉਂਕਿ ਇਹ ਵੈਰ ਵਿਰੋਧ ਅਤੇ ਉਚ ਨੀਚ ਵਧਾ ਕੇ ਲੋਕਾਂ ਦੀ ਜ਼ਿੰਦਗੀ ਨੂੰ ਨਰਕ ਬਣਾ ਦਿੰਦੇ ਹਨ।ਸੱਚ ਨਾਲ ਨਾਂ ਜੁੜੇ ਹੋਣ ਕਰਕੇ ਸਦੀਵੀ ਆਨੰਦ ਦੀ ਪਰਾਪਤੀ ਕਦੇ ਭੀ ਨਹੀਂ ਹੁੰਦੀ।ਆਮ ਤੌਰ ਤੇ ਜੀਵ ਸੱਚ ਨਾਲ ਜੁੜੇ ਬਿਨਾਂ ਹੀ ਆਪਣੇ ਆਪ ਨੂੰ ਪੱਕੇ ਧਰਮੀ ਸਮਝਣ ਲੱਗ ਪੈਂਦੇ ਹਨ ਇਸ ਕਰਕੇ ਧਰਮ ਭੀ ਬਿਖੇੜਿਆਂ ਦਾ ਕਾਰਨ ਹੀ ਬਣ ਜਾਂਦਾ ਹੈ।

ਸਹੀ ਰਾਹ ਇਹ ਹੈ ਕਿ ਗੁਰਬਾਣੀ ਤੋਂ ਬਾਹਰੋਂ ਅਤੇ ਸੁਣੀਆਂ ਸੁਣਾਈਆਂ ਹੋਰ ਗੱਲਾਂ ਦੀ ਟੇਕ ਛੱਡ ਕੇ ਗੁਰਬਾਣੀ ਦੇ ਸੱਚ ਦੀ ਭਾਲ ਕਰਕੇ ਉਸ ਨਾਲ ਜੁੜੀਏ।ਸੱਚੇ ਧਰਮੀ ਬਣਨ ਦੇ ਰਾਹ ਵਿੱਚ ਕਿਹੜੀਆਂ ਰੁਕਾਵਟਾਂ ਪੇਸ਼ ਆਉਂਦੀਆਂ ਹਨ ਅਤੇ ਉਨਾਂ ਨੂੰ ਕਿਸ ਤਰਾਂ ਦੂਰ ਕਰਨਾ ਹੈ ਇਹ ਗੁਰਬਾਣੀ ਤੋਂ ਸਿੱਖੀਏ।ਪੂਰਨ ਤੌਰ ਤੇ ਸਹੀ ਰਾਹ ਸਿਰਫ ਤੇ ਕੇਵਲ ਗੁਰਬਾਣੀ ਹੀ ਦੱਸ ਸਕਦੀ ਹੈ।ਕਿਉਂਕਿ ਪੂਰਨ ਧਰਮੀ ਹੋਣਾ ਅਤਿਅੰਤ ਮੁਸ਼ਕਿਲ ਹੈ ਇਸ ਕਰਕੇ ਕੋਸ਼ਿਸ਼ ਕਰਨ ਵਾਲੇ ਨੂੰ ਸਦਾ ਹੀ ਨਿਮਰਤਾ ਅਤੇ ਹਲੀਮੀ ਵਿੱਚ ਰਹਿਣਾ ਚਾਹੀਦਾ ਹੈ।

05/01/2020 at 2:35am 2 Likes

**Iqbal Singh Dhillon** In reply to Manohar Singh Purewal

ਸ. ਮਨੋਹਰ ਸਿੰਘ ਪੁਰੇਵਾਲ ਜੀ,

ਤੁਸੀਂ ਕਿਹਾ ਹੈ ਕਿ " ੧ ਦੀ ਹਸਤੀ ਨੂੰ ਸਮੁੱਚੇ ਪਾਸਾਰੇ ਵਿੱਚ ਵਰਤ ਰਹੀ ਮੁੱਢ ਕਦੀਮੀ ਅਤੇ ਸਦੀਵੀ ਹੋਂਦ ਵਾਲੀ ਹਸਤੀ ਮੰਨਿਆਂ ਹੈ"। ਸਨਿਮਰ ਬੇਨਤੀ ਹੈ ਤੁਸੀਂ ਇਹ ਦੱਸਣ ਦੀ ਕਿਰਪਾਲਤਾ ਕਰੋ ਕਿ ਗੁਰਬਾਣੀ ਵਿਚ ਕਿਧਰੇ ਇਸ ਹਸਤੀ ਨੂੰ 'ਰੱਬ' ਕਿਹਾ ਗਿਆ ਹੈ ? (ਵਿਚਾਰ-ਅਧੀਨ ਸਵਾਲ 'ਰੱਬ' ਦੀ ਹੋਂਦ ਦੇ ਬਾਰੇ ਵਿਚ ਹੈ।)

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/04/2020 at 3:55pm

**Manohar Singh Purewal**

ਭਾਈ ਸਾਹਿਬ ਡਾ ਇਕਬਾਲ ਸਿੰਘ ਢਿਲੋਂ ਜੀ

ਬਾਣੀ ਦੀ ਵੀਚਾਰ ਤੋਂ ਮਿਲੀ ਸਮਝ ਅਨੁਸਾਰ ਇੱਕ ਗੱਲ ਪੱਕੀ ਹੈ ਕਿ ਇਹ ੧ ਦੀ ਸਰਬ ਵਿਆਪਕਤਾ ਦੇ ਸੱਚ ਦਾ ਸੁਨੇਹਾ ਦੇਣ ਲਈ ਹੀ ਲਿਖੀ ਗਈ ਹੈ।ਬਾਣੀ ਦਾ ਇਹ ਕਹਿਣਾ, ਕਿ ਜਿਹੜਾ ਇਸ ਸੱਚ ਨੂੰ ਜਾਣ ਲੈਂਦਾ ਹੈ ਉਸ ਨੂੰ ਹੀ ਇਸ ਦੀ ਸਿੱਖਿਆ ਦੀ ਸਮਝ ਲੱਗੀ ਹੈ ਤੇ ਜਿਹੜਾ ਇਸ ਸੱਚ ਨੂੰ ਨਹੀਂ ਜਾਣਦਾ ਉਹ ਹਨੇਰੇ ਵਿੱਚ ਹੈ, ਇਹ ਹੀ ਪੱਕਾ ਕਰਾਉਂਦਾ ਹੈ।ਕੋਈ ਆਮ ਬੁੱਧੀ ਵਾਲਾ ਭੀ ਜਦੋਂ ਕਿਸੇ ਮਸਲੇ ਤੇ ਲਿਖਦਾ ਹੈ ਤਾਂ ਉਹ ਹੀ ਲਫ਼ਜ਼ ਵਰਤਦਾ ਹੈ ਜਿਹੜੇ ਉਸਦੇ ਸੁਨੇਹੇ ਦੀ ਪ੍ਰੋੜਤਾ ਕਰਨ।ਉੱਚ ਕੋਟੀ ਦੇ ਮਹਾਂਪੁਰਸ਼ ਬਾਣੀਕਾਰਾਂ ਤੋਂ ਇਹ ਸਮਝ ਲੈਣਾ ਹੀ ਗਲਤ ਹੈ ਕਿ ਉਹ ਆਪਣਾ ਸੁਨੇਹਾ ਦੇਣ ਲਈ ਜਿਹੜੇ ਭੀ ਲਫ਼ਜ਼ ਵਰਤਣਗੇ ਉਹ ਇੱਕ ਦੀ ਸਰਬ ਵਿਆਪਕਤਾ ਦੇ ਸੱਚ ਦਾ ਸੁਨੇਹਾ ਨਾ ਦਿੰਦੇ ਹੋਣ।

ਰੱਬ ਭੀ ਹੋਰ ਬਹੁਤ ਸਾਰੇ ਲਫਜ਼ਾਂ ਦੇ ਨਾਲ ਨਾਲ ਇਹ ਸੁਨੇਹਾ ਦੇਣ ਲਈ ਵਰਤਿਆ ਗਿਆ ਹੈ।ਵੈਸੇ ਤਾਂ ਸਾਡੇ ਅੰਦਰ ਇਹ ਖਿਆਲ ਆਉਣਾ ਹੀ ਨਹੀਂ ਚਾਹੀਦਾ ਕਿ ਇਹ ੧ ਦੀ ਸਰਬ ਵਿਆਪਕਤਾ ਦੀ ਗੱਲ ਨਹੀਂ ਕਰਦਾ।ਫਿਰ ਭੀ ਗੱਲ ਨੂੰ ਸਾਫ ਕਰਨ ਲਈ ਸੇਖ ਫਰੀਦ ਦੇ ਸਲੋਕਾਂ

ਵਿਚਲੇ ੭੫ਵੇਂ ਸਲੋਕ ਦਾ ਸਹਾਰਾ ਲੈਂਦੇ ਹਾਂ।ਉੱਥੇ ਸਭਨਾਂ ਅੰਦਰ ਵਿਆਪਕ ੧ ਦੀ ਗੱਲ ਕਰਨ ਲਈ ਲਫਜ਼ ਖਾਲਕੁ ਅਤੇ ਰਬ ਵਰਤੇ ਹਨ।ਇੱਥੋਂ ਇੱਕ ਗੱਲ ਹੋਰ ਜਾਹਰ ਹੁੰਦੀ ਹੈ ਕਿ ਲਫਜ਼ ਵੱਖਰੇ ਵਰਤ ਕੇ ਭੀ ਬਾਣੀ ਗੱਲ ਇੱਕ ਦੀ ਹੀ ਕਰਦੀ ਹੈ।ਇਸ ਕਰਕੇ ਲਫਜ਼ਾਂ ਦੇ ਜਾਲ ਵਿੱਚ ਫਸਕੇ ਅਸਲੀ ਸੁਨੇਹੇ ਤੋਂ ਉੱਕ ਨਹੀਂ ਜਾਣਾ।ਸਲੋਕ ਵਿੱਚ ਦੋਹਾਂ ਲਫਜ਼ਾਂ ਨੂੰ " ਜਾਂ ਤਿਸੁ ਬਿਨੁ ਕੋਈ ਨਾਹਿ " ਕਹਿ ਕੇ ੧ ਦੀ ਸਰਬ ਵਿਆਪਕਤਾ ਦਾ ਸੁਨੇਹਾ ਦੇਣ ਵਾਲੇ ਪਰਵਾਨ ਕੀਤਾ ਹੈ।

ਰਬ ਲਫਜ਼,ਹੋਰ ਲਫਜ਼ਾਂ ਦੇ ਨਾਲ ਨਾਲ ਸੇਖ ਫਰੀਦ ਜੀ ਨੇ ਬਹੁਤਾ ਵਰਤਿਆ ਹੈ।ਵਰਤੇ ਗਏ ਸਾਰੇ ਲਫਜ਼ਾਂ ਤੋਂ ਭਾਵ ੧ ਦੀ ਸਰਬ ਵਿਆਪਕਤਾ ਦਾ ਹੀ ਲੈਣਾ ਹੈ ਇਹ ਅੰਤ ਵਿੱਚ " ਸਭਨਾ ਮੈ ਸਚਾ ਧਣੀ " ਕਹਿ ਕੇ ਸਮਝਾ ਦਿੱਤਾ ਹੈ।ਸਭਨਾਂ ਵਿੱਚ ੧ ਦੀ ਹੀ ਸਰਬ ਵਿਆਪਕਤਾ ਹੋਣ ਕਰਕੇ ਹੀ " ਮਾਣਕ ਸਭ ਅਮੋਲਵੇ " ਕਿਹਾ ਹੈ।ਇਹ ਹੀ ਸਭਨਾਂ ਨੂੰ ਪਿਆਰ ਸਹਿਤ ਪਰਵਾਨ ਕਰਨ ਦੇ ਮਾਨਵਵਾਦ ਵਿੱਚ ਪ੍ਰਗਟ ਹੋ ਸਕਦਾ ਹੈ।ਇਸ ਹੀ ਅਸੂਲ ਨੂੰ ਬਾਣੀ " ਤੂੰ ਸਾਝਾ ਸਾਹਿਬੁ ਬਾਪੁ ਹਮਾਰਾ " ਕਹਿ ਕੇ ਹੋਰ ਭੀ ਪੱਕਾ ਕਰਾਉਂਦੀ ਹੈ।ਇੱਕ ਬਾਪ ਦੀ ਔਲਾਦ ਹੋਣ ਕਰਕੇ ਹੀ ਸਾਰੀ ਮਨੁੱਖਤਾ ਇੱਕ ਪਰਿਵਾਰ ਹੈ। ੧ ਦੀ ਸਰਬ ਵਿਆਪਕਤਾ ਦੇ ਸੱਚ ਨਾਲ ਜੁੜੇ ਤੇ ਹੀ ਇਹ ਸੰਭਵ ਹੈ। ਬਾਣੀ ਤਾਂ ਇਹ ਹੀ ਸਾਡੇ ਅੰਦਰ ਪੱਕਾ ਕਰਨਾਂ ਚਾਹੁੰਦੀ ਹੈ।ਤਾਂ ਹੀ ਉਹ " ਏਕੁ ਦਿਖਾਵੈ ਸਾਚਿ ਟਿਕਾਵੈ " ਦਾ ਕੰਮ ਕਰਦੀ ਹੈ।੧ ਦੀ ਗੱਲ ਕਰਨ ਲਈ ਜਿਹੜੇ ਭੀ ਲਫਜ਼ ਬਾਣੀ ਨੇ ਵਰਤੇ ਹਨ ਉਨਾਂ ਦੇ ਆਧਾਰ ਤੇ ਕੋਈ ਵੱਖਰੀ ਆਕਾਰੀ ਹਸਤੀ ਨਹੀਂ ਬਣਾਈ ਜਾ ਸਕਦੀ।ਇਸ ਤਰਾਂ ਕਰਨਾ ਹੀ ਗਲਤ ਹੈ। ਬਾਣੀ ਸਮਝਣ ਲਈ ਹੈ।ਜਿਹੜਾ ਸਮਝਕੇ ਇਸਦੀ ਸਿੱਖਿਆ ਨਾਲ ਜੁੜੇਗਾ ਉਹ ਮਨੁੱਖਤਾ ਵਿੱਚ ਕਿਸੇ ਭੀ ਆਧਾਰ ਤੇ ਊਚ ਨੀਚ ਦੀ ਵੰਡੀ ਨਹੀਂ ਪਾਏਗਾ ਸਗੋਂ ਪਹਿਲਾਂ ਪਈਆਂ ਹੋਈਆਂ ਨੂੰ ਖਤਮ ਕਰਕੇ ਸਭ ਨਾਲ ਪ੍ਰੇਮ ਭਰਿਆ ਵਰਤਾ ਕਰੇਗਾ।

05/08/2020 at 11:59am

**Iqbal Singh Dhillon**

ਸ. ਮਨੋਹਰ ਸਿੰਘ ਪੁਰੇਵਾਲ ਜੀ,

ਤੁਸੀਂ ਉੱਤਰ ਦੇਣ ਵਿਚ ਕਾਫੀ ਦੇਰ ਕਰ ਦਿੱਤੀ ਹੈ। ਤੁਹਾਡੇ ਵੱਲੋਂ ਉੱਤਰ ਮਿਲਣ ਤੇ ਵਿਚਾਰ-ਚਰਚਾ ਦੇ ਵਿਸ਼ੇ ਸਬੰਧੀ ਮੇਂ ਜਿਹੜੇ ਨੁਕਤੇ ਉਭਾਰਨੇ ਸਨ ਉਹਨਾਂ ਬਾਰੇ ਹੋਰਨਾਂ ਥਾਵਾਂ ਤੇ ਭਰਵੀਂ ਬਹਿਸ ਹੋ ਰਹੀ ਹੈ ਵਿਸ਼ੇਸ਼ ਕਰਕੇ ਸ. ਹਾਕਮ ਸਿੰਘ ਜੀ, ਸ. ਗੁਰਿੰਦਰ ਸਿੰਘ ਪਾਲ ਜੀ ਅਤੇ ਸ. ਜਰਨੈਲ ਸਿੰਘ ਜੀ ਨਾਲ। ਤੁਸੀਂ ਇਸ ਬਾਰੇ ਸਬੰਧਿਤ ਪੋਸਟਾ ਤੇ ਜਾ ਕੇ ਚੰਗੀ ਜਾਣਕਾਰੀ ਲੈ ਸਕਦੇ ਹੋ ਅਤੇ ਆਪਣੇ ਕੁਮੈਂਟ ਵੀ ਪੇਸ਼ ਲਰ ਸਕਦੇ ਹੋ ਜੀ।

ਇਕਬਾਲ ਸਿੰਘ ਢਿੱਲੋਂ।

05/08/2020 at 5:52pm

**Iqbal Singh Dhillon**

ਸ. ਮਨੋਹਰ ਸਿੰਘ ਪੁਰੇਵਾਲ ਜੀ,

ਤੁਸੀਂ ਉੱਤਰ ਦੇਣ ਵਿਚ ਕਾਫੀ ਦੇਰ ਕਰ ਦਿੱਤੀ ਹੈ। ਤੁਹਾਡੇ ਵੱਲੋਂ ਉੱਤਰ ਮਿਲਣ ਤੇ ਵਿਚਾਰ-ਚਰਚਾ ਦੇ ਵਿਸ਼ੇ ਸਬੰਧੀ ਮੇਂ ਜਿਹੜੇ ਨੁਕਤੇ ਉਭਾਰਨੇ ਸਨ ਉਹਨਾਂ ਬਾਰੇ ਹੋਰਨਾਂ ਥਾਵਾਂ ਤੇ ਭਰਵੀਂ ਬਹਿਸ ਹੋ ਰਹੀ ਹੈ ਵਿਸ਼ੇਸ਼ ਕਰਕੇ ਸ. ਹਾਕਮ ਸਿੰਘ ਜੀ, ਸ. ਗੁਰਿੰਦਰ ਸਿੰਘ ਪਾਲ ਜੀ ਅਤੇ ਸ. ਜਰਨੈਲ ਸਿੰਘ ਜੀ ਨਾਲ। ਤੁਸੀਂ ਇਸ ਬਾਰੇ ਸਬੰਧਿਤ ਪੋਸਟਾ ਤੇ ਜਾ ਕੇ ਚੰਗੀ ਜਾਣਕਾਰੀ ਲੈ ਸਕਦੇ ਹੋ ਅਤੇ ਆਪਣੇ ਕੁਮੈਂਟ ਵੀ ਪੇਸ਼ ਕਰ ਸਕਦੇ ਹੋ ਜੀ।

ਇਕਬਾਲ ਸਿੰਘ ਢਿੱਲੋਂ।

05/08/2020 at 5:53pm

**Jarnail Singh**

ਆਦਿ ਕਾਲ ਤੋਂ ਮਨੁੱਖ ਦੋ ਸਵਾਲਾਂ ਨਾਲ ਜੂਝਦਾ ਆ ਰਿਹਾ ਹੈ।ਪਹਿਲਾ ਸਵਾਲ ਕਿ ਮਨੁੱਖ ਕਿੱਥੋਂ ਆਉਂਦਾ ਹੈ ਤੇ ਮਰਨ ਬਾਅਦ ਕਿੱਥੇ ਜਾਂਦਾ ਹੈ।ਦੂਜਾ ਸਵਾਲ ਕਿ ਇਹ ਸ੍ਰਿਸ਼ਟੀ ਕਿਵੇਂ ਬਣਦੀ ਤੇ ਚਲਦੀ ਹੈ।ਦੁਨੀਆਂ ਦੇ ਸਾਰੇ ਗਿਆਨ ਵਿਗਿਆਨ, ਸਾਰੇ ਫਲਸਫੇ, ਸਾਰੇ ਧਰਮ ਇਹਨਾਂ ਸਵਾਲਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਹਨ।ਰੱਬ ਦਾ ਸੰਕਲਪ ਵੀ ਇਸੇ ਕੋਸ਼ਿਸ਼ ਦਾ ਸਿੱਟਾ ਹੈ।ਜਾਹਰ ਹੈ ਗੁਰੂ ਗ੍ਰੰਥ ਸਾਹਿਬ ਵੀ ਇਨ੍ਹਾ ਸਵਾਲ ਨੂੰ ਮੁਖਾਤਿਬ ਹਨ।ਗੁਰ ਗ੍ਰੰਥ ਸਾਹਿਬ ਵਿੱਚ ਇਹਨਾਂ ਸਵਾਲਾਂ ਦਾ ਜਵਾਬ ਮੂਲ ਮੰਤਰ ਜਾਂ ਮੰਗਲਾਚਰਣ ਵਿੱਚ ਹੀ ਦੇ ਦਿੱਤਾ ਗਿਆ ਹੈ।

ਮੂਲ ਮੰਤਰ ਦੇ ਭਾਵ ਨੂੰ ਸਮਝਣ ਲਈ ਇਸ ਨੂੰ ਤਿੰਨ ਹਿਸਿਆਂ ਵਿੱਚ ਵੰਡਿਆ ਜਾ ਸਕਦਾ ਹੈ।"ੴ" ਤੋਂ "ਪੁਰਖ" ਤਕ ਕਰਤਾਰ ਦੇ ਇਕ ਤੋਂ ਅਨੇਕ ਹੋਣ ਦੀ ਕਹਾਣੀ ਹੈ। "ਨਿਰਭਉ" ਤੋਂ "ਸ਼ੈਭੰ" ਤਕ ਕਰਤੇ ਦੀ ਇਸ ਪ੍ਰਕਿਰਿਆ ਦੇ ਖਾਸ ਲੱਖਣ ਦੱਸੇ ਗਏ ਨੇ। ਅਖੀਰ ਵਿੱਚ ਗੁਰ ਪ੍ਰਸਾਦਿ ਕਰਤੇ ਦੀ ਇਸ ਪ੍ਰਕਿਰਿਆ ਦੀ ਸੋਝੀ ਦਾ ਵਾਹਿਦ ਇੱਕੋ ਇੱਕ ਤਰੀਕਾ ਦੱਸਿਆ ਗਿਆ ਹੈ।ਸੋ ਮੂਲ ਮੰਤਰ ਦਾ ਭਾਵ ਹੋਇਆ ਕਿ ਵਿਸਥਾਰ ਤੋਂ ਪਹਿਲਾਂ ਕਰਤਾ ਏਕੰਕਾਰ ਸੀ, ਆਪਣੇ ਅਟੱਲ ਹੁਕਮ ਨਾਲ ਉਹ ਵਿਸਥਾਰ ਕਰ ਆਪਣੀ ਰਚਨਾ ਵਿੱਚ ਵਿਰਾਜਮਾਨ ਹੈ,ਇਹ ਵਿਸਥਾਰ ਬਿਨਾ ਕਿਸੇ ਭੈ ਜਾਂ ਵੈਰ ਵਿਰੋਧ ਦੇ ਹੋ ਰਿਹਾ ਹੈ, ਉਹ ਆਪ ਸਮੇਂ ਦੇ ਬੰਧਨ ਅਤੇ ਜਨਮ-ਮੌਤ ਤੋਂ ਰਹਿਤ ਹੈ, ਆਪਣੇ ਆਪ ਪ੍ਰਗਟ ਹੋਇਆ ਹੈ, ਉਸ ਦੀ ਸੋਝੀ ਬਿਬੇਕ ਬੁਧ ਰਾਹੀਂ ਹੁੰਦੀ ਹੈ।

ਮੂਲ ਮੰਤਰ ਦਾ ਗੁਰੂ ਗ੍ਰੰਥ ਸਾਹਿਬ ਵਿੱਚ 567 ਵਾਰੀ ਆਉਣਾ ਪਾਠਕ ਲਈ ਪੈਰ ਪੈਰ ਤੇ ਦਿਤਾ ਹੋਇਆ ਦਿਸ਼ਾ ਨਿਰਦੇਸ਼ ਹੈ ਕਿ ਬਾਣੀ ਸਮਝਣ ਵੇਲੇ ਟਪਲਾ ਨਾ ਖਾਵੇ।ਮੂਲ ਮੰਤਰ ਗੁਰੂ ਸਾਹਿਬ ਦੀ ਸੰਪਾਦਕੀ ਕਲਾ ਦਾ ਇੱਕ ਬੇਮਿਸਾਲ ਨਮੂਨਾ ਹੈ।ਮੂਲ ਮੰਤਰ ਇਸ ਗਲ ਨੂੰ ਪੱਕੀ ਕਰਨ ਲਈ ਕਿ ਬਾਣੀ ਦੇ ਅਰਥ ਕਰਨ ਵੇਲੇ ਇਹ ਸਮਝਿਆ ਜਾਏ ਕਿ ਰੱਬ ਸਚਮੁਚ ਹੀ ਸਭ ਲਈ ਇੱਕ ਹੈ ਕਿਉਂਕਿ ਉਹ ਸਾਰੀ ਸ੍ਰਿਸ਼ਟੀ ਵਿੱਚ ਸਮੋਇਆਂ ਹੋਇਆ ਹੈ, ਉਸਨੂੰ ਕੋਈ ਸਥਾਪਤ ਨਹੀਂ ਕਰ ਸਕਦਾ, ਨ ਹੀ ਉਹ ਅਵਤਾਰ ਧਾਰਦਾ ਹੈ, ਉਸਦੇ

ਬਣਾਏ ਨਿਯਮ ਬਦਲੇ ਨਹੀਂ ਜਾ ਸਕਦੇ ਭਾਵ ਕੋਈ ਕਰਾਮਾਤ ਨਹੀ ਹੋ ਸਕਦੀ, ਉਸਨੂੰ ਮਿਲਣ ਲਈ ਜਾਂ ਸਮਝਣ ਲਈ ਕਿਸੇ ਵਿਚੋਲੇ ਦੀ ਲੋੜ ਨਹੀਂ ਭਾਵ ਕਿਸੇ ਪੁਜਾਰੀ ਦੀ ਲੋੜ ਨਹੀਂ।ਸਿਰਫ ਬਿਬੇਕ ਬੁਧ ਹੀ ਚਾਹੀਦੀ ਹੈ।ਉਸ ਦਾ ਕੋਈ ਖਾਸ ਨਾਮ ਨਹੀਂ ਉਸ ਦਾ ਨਾਮ ਉਸ ਦਾ ਹੁਕਮ ਹੀ ਹੈ ਜਿਸ ਨੂੰ ਸਮਝਣਾ ਹੀ ਜਪਣਾ ਹੈ।ਇਸੇ ਕਰਕੇ ਉਸਦੇ ਕਿਰਤਮ ਨਾਮ ਨਕਾਰ ਕੇ ਸਿਰਫ ਸਤਿ ਨਾਮ (ਭਾਵ ਉਹ ਅਟੱਲ ਨਿਯਮ ਜਿਹਨਾਂ ਰਾਹੀਂ ਉਹ ਇਕ ਤੋਂ ਅਨੇਕ ਹੋਇਆ ਹੈ) ਨੂੰ ਹੀ ਪਰਾ ਪੁਰਬਲਾ ਕਿਹਾ ਗਿਆ ਹੈ।ਅਗਰ ਇੰਨ੍ਹੀ ਜਬਰਦਸਤ ਹਦਾਇਤ ਅਤੇ ਪੈਰ ਪੈਰ ਤੇ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਦੇ ਬਾਵਜ਼ੂਦ ਕੋਈ ਗੁਰੂ ਗ੍ਰੰਥ ਸਾਹਿਬ ਦੇ ਅਰਥ ਕਰਨ ਲਗਿਆ ਟਪਲਾ ਖਾਂਦਾ ਹੈ ਫਿਰ ਤਾਂ ਇਹ ਹੀ ਕਿਹਾ ਜਾ ਸਕਦਾ ਹੈ : ਕਬੀਰ ਸਾਚਾ ਸਤਿਗੁਰੂ ਕਿਆ ਕਰੇ ਜਉ ਸਿਖਾ ਮਹਿ ਚੂਕ॥ ਪੰਨਾ 1372

ਇਸ ਨੂੰ ਇੱਕ ਇਤਫਾਕ ਕਹਿ ਲਉ ਜਾ ਹੋਰ ਕੁਝ।ਗੁਰੂ ਗ੍ਰੰਥ ਸਾਹਿਬ ਦਾ ਕਰਤੇ ਜਾਂ ਰੱਬ ਦਾ ਇਹ ਸੰਕਲਪ ਵਿਗਿਆਨ ਦੇ ਬਹੁਤ ਨੇੜੇ ਹੈ।ਵਿਗਿਆਨ ਵਿੱਚ ਡਾਰਵਿਨ ਦਾ ਕੁਦਰਤੀ ਚੋਣ ਦਾ ਸਿਧਾਂਤ ਪਹਿਲੇ ਸਵਾਲ ਦਾ ਸਟੀਕ ਜਵਾਬ ਮੰਨਿਆ ਗਿਆ ਹੈ ਅਤੇ ਦੂਜੇ ਸਵਾਲ ਦਾ ਜਵਾਬ ਆਈਨਸਟਇਨ ਦਾ ਸਪੇਖਤਾ ਦਾ ਸਿਧਾਂਤ।ਵਿਗਿਆਨ ਦਾ ਸਿੰਗੁਲੈਰਟੀ (Singularity) ਦਾ ਸੰਕਲਪ ਵੀ ਗੁਰੂ ਗ੍ਰੰਥ ਸਾਹਿਬ ਦੇ ਏਕੰਕਾਰ ਦੇ ਸੰਕਪਲ ਨਾਲ ਮੇਲ ਖਾਂਦਾ ਹੈ।

05/01/2020 at 4:57pm

**Iqbal Singh Dhillon** In reply to Jarnail Singh

ਸ. ਜਰਨੈਲ ਸਿੰਘ ਜੀ,

ਕੀ ਤੁਸੀਂ ਇਹ ਦੱਸਣ ਦੀ ਕਿਰਪਾਲਤਾ ਕਰੋਗੇ ਕਿ ਜਿਸ ਨੂੰ ਤੁਸੀਂ 'ਮੂਲ ਮੰਤਰ' ਕਹਿੰਦੇ ਹੋ ਉਸ ਵਿਚ 'ਰੱਬ' ਸ਼ਬਦ ਕਿੱਥੇ ਆਇਆ ਹੈ ?

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/04/2020 at 4:01pm

**Jarnail Singh**

ਸ ਇਕਬਾਲ ਸਿੰਘ ਜੀ

ਮੂਲ ਮੰਤ੍ਰ ਵਿੱਚ “ਰੱਬ” ਲਫਜ਼ ਕਿਤੇ ਨਹੀਂ ਆਇਆ ਅਤੇ ਨਾ ਹੀ ਮੈਂ ਕੋਈ ਅਜਿਹਾ ਦਾਅਵਾ ਕੀਤਾ ਹੈ।ਮੇਰੀ ਲਿਖਤ ਨੂੰ ਦੁਵਾਰਾ ਪੜ੍ਹਨ ਦੀ ਖੇਚਲ ਕਰਨਾ ਜੀ।ਅਗਰ ਤੁਹਾਡੇ ਮਨ ਵਿੱਚ ਹੋਰ ਕੋਈ ਸਵਾਲ ਹੈ ਤਾਂ ਜੀ ਸਦਕੇ ਕਰੋ ਮੈਂ ਜਰੂਰ ਜਵਾਬਦੇਹ ਹਾਂ।

ਧੰਨਵਾਦ ਸਹਿਤ

ਜਰਨੈਲ ਸਿੰਘ

05/04/2020 at 9:47pm

**Comment Deleted!**

This comment has been deleted.

**Iqbal Singh Dhillon**

ਸ ਜਰਨੈਲ ਸਿੰਘ ਜੀ,

ਤੁਸੀਂ 'ਜਪੁ ਬਾਣੀ' ਦੀ ਪਹਿਲੀ ਸਤਰ ਦਾ ਹਵਾਲਾ ਦੇ ਕੇ ਵਾਰ-ਵਾਰ 'ਰੱਬ' ਦੀ ਗੱਲ ਕਰਦੇ ਹੋ ਜੋ ਕਿ ਇਕ ਨਾਂਵ-ਰੂਪ (noun form) ਹੈ ਜਦੋਂ ਕਿ 'ਕਰਤਾ' ਇਕ ਵਿਸ਼ੇਸ਼ਣ (adjective) ਹੈ। ਇਸ ਤਰ੍ਹਾਂ ਤੁਸੀਂ 'ਕਰਤਾ' ਅਤੇ 'ਰੱਬ' ਨੂੰ ਪਰਿਆਇਵਾਚੀ ਸ਼ਬਦ ਨਹੀਂ ਬਣਾ ਸਕਦੇ। ਅਰੰਭਕ ਸਤਰ ਤਾਂ ਕੀ ਪੂਰੀ 'ਜਪੁ ਬਾਣੀ' ਵਿਚ ਵੀ 'ਰੱਬ' ਜਾਂ ਇਸ ਦੇ ਕਿਸੇ ਪਰਿਆਇਵਾਚੀ ਨਾਂਵ-ਰੂਪ ਦੀ ਵਰਤੋਂ ਨਹੀਂ ਕੀਤੀ ਗਈ। ਜਪੁ ਬਾਣੀ' ਤਾਂ ਬ੍ਰਹਮੰਡੀ ਨਿਯਮ-ਤੰਤਰ (cosmic system ਜਾਂ cosmic order) ਦੀ ਗੱਲ ਕਰਦੀ ਹੈ ਅਤੇ ਇਸ ਨੂੰ 'ਹੁਕਮ' ਦਾ ਨਾਮ ਦੇਂਦੀ ਹੈ। ਅਸਲ ਵਿਚ ਗੁਰਬਾਣੀ ਦੇ ਸੰਦਰਭ ਵਿਚ 'ਰੱਬ' ਜਾਂ

'ਪਰਮਾਤਮਾ' ਸ਼ਬਦਾਂ ਦੀ ਵਰਤੋਂ ਕਰਨਾ ਦਵੰਦ ਦੀ ਨਿਸ਼ਾਨੀ ਹੈ। ਗੁਰਬਾਣੀ ਤਾਂ ਸਗੋਂ ਬ੍ਰਹਮੰਡੀ ਨਿਯਮ-ਤੰਤਰ ਨੂੰ 'ਰੱਬ'/'ਪਰਮਾਤਮਾ' ਦੇ ਵਿਕਲਪ ਦੇ ਤੌਰ ਤੇ ਪੇਸ਼ ਕਰਦੀ ਹੈ। ਇਸ ਲਈ ਤੁਹਾਡਾ ਇਹ ਦਾਵਾ ਕਿ ਗੁਰਬਾਣੀ 'ਰੱਬ' ਦੇ ਸੰਕਲਪ ਨੂੰ ਪੇਸ਼ ਕਰਦੀ ਹੈ ਸਹੀ ਨਹੀਂ ਮੰਨਿਆਂ ਜਾ ਸਕਦਾ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/05/2020 at 3:18pm

**Jarnail Singh**

ਸ ਇਕਬਾਲ ਸਿੰਘ ਜੀ

ਤੁਸੀਂ ਕਈ ਗੱਲਾਂ ਰਲਗਡ ਕਰ ਰਹੇ ਹੋ।ਰੱਬ ਦਾ ਜ਼ਿਕਰ ਮੈ ਇਸ ਲਈ ਕਰ ਰਿਹਾ ਹਾਂ ਕਿਉਂਕਿ ਇਸ ਚਰਚਾ ਦਾ ਵਿਸ਼ਾ ਸ ਮੱਖਣ ਸਿੰਘ ਹੁਰੀਂ "ਰੱਬ ਦੀ ਹੋਂਦ" ਰੱਖਿਆ ਹੈ।ਰੱਬ ਵੀ ਬਾਕੀ ਨਾਵਾਂ ਦੀ ਤਰ੍ਹਾਂ ਅਕਾਲ ਪੁਰਖ ਦਾ ਇੱਕ ਕਿਰਤਮ ਨਾਮ ਹੈ।ਇਸ ਦੇ ਅੱਖਰੀ ਅਰਥ ਭਾਈ ਕਾਨ੍ਹ ਸਿੰਘ ਅਨੁਸਾਰ ਸਵਾਮੀ ਜਾਂ ਮਾਲਕ ਹਨ।ਕਿਰਤਮ ਨਾਮਾ ਦੀ ਗੁਰਬਾਣੀ ਵਿੱਚ ਖੁਲ ਕੇ ਵਰਤੋ ਕੀਤੀ ਗਈ ਹੈ।ਰੱਬ ਨਾਮ ਵੀ ਗੁਰਬਾਣੀ ਵਿੱਚ ਵੱਖ ਵੱਖ ਰੂਪਾਂ ਵਿੱਚ 15-16 ਵਾਰੀ ਆਉਂਦਾ ਹੈ।ਗੁਰ ਨਾਨਕ ਸਾਹਿਬ ਖੁਦ ਇਸ ਦੀ ਵਰਤੋ ਕਰਦੇ ਨੇ।ਪੰਨਾ 141 ਤੇ ਉਹ ਇਕੋ ਸਤਰ ਵਿੱਚ ਰਬ ਅਤੇ ਕਰਤਾ ਸ਼ਬਦ ਦੀ ਵਰਤੋਂ ਕਰਦੇ ਨੇ।"ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪਿ ਗਵਾਵੇ॥" ਅਗਰ ਤੁਹਾਡੀ ਗੱਲ ਮੰਨ ਲਈਏ ਕਿ ਰੱਬ ਸ਼ਬਦ ਦੀ ਵਰਤੋਂ "ਦਵੰਦ ਦੀ ਨਿਸ਼ਾਨੀ ਹੈ" ਤਾਂ ਤੇ ਫਿਰ ਤੁਹਾਡੇ

ਅਨੁਸਾਰ ਗੁਰ ਨਾਨਕ ਸਾਹਿਬ ਵੀ ਦਵੰਦ ਦਾ ਸ਼ਿਕਾਰ ਸਨ।

ਮੈ ਇਹ ਕਿਤੇ ਨਹੀਂ ਕਿਹਾ ਕਿ ਗੁਰਬਾਣੀ ਰੱਬ ਦਾ ਸੰਕਲਪ ਪੇਸ਼ ਕਰਦੀ ਹੈ।ਮੇਰਾ ਖਿਆਲ ਹੈ ਤੁਸੀਂ ਮੇਰੀ ਲਿਖਤ ਧਿਆਨ ਨਾਲ ਨਹੀਂ ਪੜ੍ਹੀ।ਮੈਂ ਤਾਂ ਸਿਰਫ ਇਹ ਕਿਹਾ ਸੀ ਕਿ ਰੱਬ ਦਾ ਸੰਕਲਪ ਵੀ ਉਹਨਾ ਦੋ ਸਵਾਲਾਂ ਦਾ ਜਵਾਬ ਲੱਭਣ ਦੀ ਕੋਸ਼ਿਸ਼ ਹੈ ਜੋ ਆਦਿ ਕਾਲ ਤੋਂ ਮਾਨਵਤਾ ਨੂੰ ਪਰੇਸ਼ਾਨ ਕਰ ਰਹੇ ਨੇ।

ਧੰਨਵਾਦ ਸਹਿਤ

ਜਰਨੈਲ ਸਿੰਘ

05/05/2020 at 6:03pm

**Iqbal Singh Dhillon**

ਸ. ਜਰਨੈਲ ਸਿੰਘ ਜੀ,

ਪਹਿਲਾਂ ਤਾਂ ਤੁਸੀਂ ਆਪਣੀ ਪੋਸਟ ਵਿਚ ਦੋ ਸਵਾਲ ਪੇਸ਼ ਕਰਕੇ ਉਹਨਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਦੀ ਗੱਲ ਕਰਦੇ ਹੋਏ ਇਹ ਕਹਿੰਦੇ ਹੋ ਕਿ " ਰੱਬ ਦਾ ਸੰਕਲਪ ਵੀ ਇਸੇ ਕੋਸ਼ਿਸ਼ ਦਾ ਸਿੱਟਾ ਹੈ। ਜਾਹਰ ਹੈ ਗੁਰੂ ਗ੍ਰੰਥ ਸਾਹਿਬ ਵੀ ਇਨ੍ਹਾ ਸਵਾਲ ਨੂੰ ਮੁਖਾਤਿਬ ਹਨ। ਗੁਰ ਗ੍ਰੰਥ ਸਾਹਿਬ ਵਿੱਚ ਇਹਨਾਂ ਸਵਾਲਾਂ ਦਾ ਜਵਾਬ ਮੂਲ ਮੰਤਰ ਜਾਂ ਮੰਗਲਾਚਰਣ ਵਿੱਚ ਹੀ ਦੇ ਦਿੱਤਾ ਗਿਆ ਹੈ।" ਸਪਸ਼ਟ ਹੈ ਕਿ ਤੁਸੀਂ ਇਹ ਦਾਵਾ ਕਰ ਰਹੇ ਹੋ ਕਿ ਗੁਰਬਾਣੀ

ਵਿਚ ਵਿਸ਼ੇਸ਼ ਕਰਕੇ ਇਸ ਦੀ ਪਹਿਲੀ ਸਤਰ ਵਿਚ ਰੱਬ ਦਾ ਸੰਕਲਪ ਮੌਜੂਦ ਹੈ। ਮੈਂ ਆਪਣਾ ਸਵਾਲ ਤੁਹਾਡੇ ਵੱਲੋਂ ਕੀਤੇ ਗਏ ਇਸ ਦਾਵੇ ਨੂੰ ਸਾਹਮਣੇ ਰੱਖ ਕੇ ਹੀ ਕੀਤਾ ਸੀ। ਇਸ ਤਰ੍ਹਾਂ ਤੁਹਾਡਾ ਇਹ ਕਹਿਣਾ ਕਿ “ਮੈ ਇਹ ਕਿਤੇ ਨਹੀਂ ਕਿਹਾ ਕਿ ਗੁਰਬਾਣੀ ਰੱਬ ਦਾ ਸੰਕਲਪ ਪੇਸ਼ ਕਰਦੀ ਹੈ” ਸਹੀ ਸਾਬਤ ਨਹੀਂ ਹੁੰਦਾ। ਹੋਰ ਵੇਖੋ, ਤੁਸੀਂ ਇਸ ਉੱਤਰ ਵਿਚ ਉੱਪਰ ਆਈ ਸਟੇਟਮੈਂਟ ਵਿਚ ਤਬਦੀਲੀ ਕਰਦੇ ਹੋਏ ਕਹਿ ਰਹੇ ਹੋ ਕਿ “ਰੱਬ ਦਾ ਸੰਕਲਪ ਵੀ ਉਹਨਾ ਦੋ ਸਵਾਲਾਂ ਦਾ ਜਵਾਬ ਲੱਭਣ ਦੀ ਕੋਸ਼ਿਸ਼ ਹੈ” ਭਾਵ ਹੁਣ ਤੁਸੀਂ ‘ਸਿੱਟਾ’ ਸ਼ਬਦ ਦੀ ਜਗਹ ਤੇ ‘ਕੋਸ਼ਿਸ਼’ ਸ਼ਬਦ ਕਰ ਦਿੱਤਾ ਹੈ। ਮੇਰਾ ਸਵਾਲ ਵਾਜਬ ਹੈ ਇਹ ਤੁਹਾਡੀ ਹੇਠਾਂ ਪਾਈ 4 ਮਈ ਦੀ ਪੋਸਟ ਤੋਂ ਵੀ ਸਪਸ਼ਟ ਹੋ ਜਾਂਦਾ ਹੈ ਜਿੱਥੇ ਤੁਸੀਂ ਇਹ ਕਹਿ ਰਹੇ ਹੋ ਕਿ “ ‘ਰੱਬ’ ਹੈ ਜਾਂ ਨਹੀ ਬੇਮਾਇਨਾ ਸਵਾਲ ਹੈ।ਗੁਰਬਾਣੀ ਅਨੁਸਾਰ ‘ਰੱਬ’ ਦੀ ਹੋਂਦ ਤੋਂ ਮੁਨਕਰ ਹੋਣਾ ਹੀ ਨਾ ਮੁਮਕਿਨ ਹੈ” ਅਤੇ “ਗੁਰਬਾਣੀ ਦਾ ‘ਰੱਬ’ ਪ੍ਰੰਪਰਾਗਤ ਧਰਮਾਂ ਦੇ ਰੱਬ ਨਾਲੋਂ ਭਿੰਨ ਜ਼ਰੂਰ ਹੈ”। ਇਸ ਤਰ੍ਹਾਂ ਇਹ ਸਾਫ ਹੋ ਜਾਂਦਾ ਹੈ ਕਿ ਤੁਸੀਂ ਇਸ ਵਿਚਾਰ ਦੀ ਵਕਾਲਤ ਕਰ ਰਹੇ ਹੋ ਕਿ ਗੁਰਬਾਣੀ ਰੱਬ ਦਾ ਸੰਕਲਪ ਪੇਸ਼ ਕਰਦੀ ਹੈ।

ਹੁਣ ਤੁਸੀਂ ਹੀ ਦੱਸੋ ਕਿ ਗੱਲਾਂ ਨੂੰ ਰਲਗੱਡ ਕੌਣ ਕਰ ਰਿਹਾ ਹੈ।

ਰੱਬ ਦਾ ਪਰੰਪਰਾਗਤ ਸੰਕਲਪ ਦੈਵੀ ਸ਼ਖਸੀ (anthropomorphic) ਹੋਂਦ ਨੂੰ ਵੀ ਮਾਨਤਾ ਦੇਂਦਾ ਹੈ ਅਤੇ 'ਪਰਮਾਤਮਾ' (supreme soul) ਵਾਲੇ ਰੂਪ ਨੂੰ ਵੀ (ਬਿਨਾ ਸ਼ਕ ਅਜਿਹਾ 'ਰੱਬ' ਕੇਵਲ ਕਾਲਪਨਿਕ ਹੈ)। ਜੇਕਰ ਸੰਪਾਦਕ ਜੀ ਨੇ 'ਰੱਬ' ਦੇ ਵਿਸ਼ੇ ਉੱਤੇ ਵਿਚਾਰ ਦੇਣ ਲਈ ਕਿਹਾ ਹੈ ਤਾਂ ਤੁਹਾਨੂੰ ਇਹ ਦੱਸਣਾ ਬਣਦਾ ਹੈ ਕਿ ਤੁਸੀਂ ਉੱਪਰ ਦੱਸੇ ਦੋ ਰੂਪਾਂ ਵਿੱਚੋਂ ਕਿਸ ਨੂੰ ਮਾਨਤਾ ਦੇਂਦੇ ਹੋ। ਜੇਕਰ ਤੁਸੀਂ ਇਹਨਾਂ ਵਿੱਚੋਂ ਕਿਸੇ ਨੂੰ ਵੀ ਮਾਨਤਾ ਨਹੀਂ ਦੇਂਦੇ ਤਾਂ ਤੁਹਾਨੂੰ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਤੁਸੀਂ ਇਹਨਾਂ ਦੀ ਜਗਹ ਉੱਤੇ ਭਾਵ ਇਹਨਾਂ ਦੇ ਵਿਕਲਪ ਦੇ ਤੌਰ ਤੇ ਕਿਸ ਹੋਂਦ ਨੂੰ ਮਾਨਤਾ ਦੇਂਦੇ ਹੋ। ਤੁਹਾਨੂੰ ਇਹ ਵੀ ਸਪਸ਼ਟ ਕਰਨ ਦੀ ਲੋੜ ਹੈ ਕਿ ਗੁਰਬਾਣੀ ਉੱਪਰ ਦਰਸਾਏ ਰੂਪਾਂ ਵਿੱਚੋਂ ਕਿਸੇ ਇਕ ਨੂੰ ਜਾਂ ਦੋਵ੍ਹਾਂ ਨੂੰ ਮਾਨਤਾ ਦੇਂਦੀ ਹੈ ਜਾਂ ਕਿ ਉਹਨਾਂ ਦੇ ਕਿਸੇ ਵਿਕਲਪ ਨੂੰ ਅਤੇ ਜੇਕਰ ਗੁਰਬਾਣੀ ਕਿਸੇ ਵਿਕਲਪ ਨੂੰ ਮਾਨਤਾ ਦੇਂਦੀ ਹੈ ਤਾਂ ਉਹ ਕੀ ਹੈ । ਜ਼ਾਹਰ ਹੈ ਕਿ 'ਰੱਬ' ਦੇ ਵਿਕਲਪ ਦਾ ਨਾਮ 'ਰੱਬ' ਨਹੀਂ ਹੋ ਸਕਦਾ ਜਿਵੇਂ ਕਿ ਸਵਾਰੀ ਲਈ ਵਰਤੇ ਜਾਂਦੇ ਘੋੜੇ ਦੇ ਵਿਕਲਪ ਮੋਟਰ-ਸਾਇਕਲ ਦਾ ਨਾਮ 'ਘੋੜਾ' ਨਹੀਂ ਹੋ ਸਕਦਾ।

ਮੇਰਾ ਗੁਰਬਾਣੀ ਦੇ ਸੰਦਰਭ ਵਿਚ 'ਰੱਬ' ਜਾਂ 'ਪਰਮਾਤਮਾ' ਸ਼ਬਦਾਂ ਦੀ ਵਰਤੋਂ ਉੱਤੇ ਕਿੰਤੂ ਕਰਨ ਦਾ ਅਧਾਰ ਇਹ ਹੈ ਕਿ ਮੇਰੇ ਵਿਚਾਰ ਵਿਚ ਗੁਰਬਾਣੀ ਰੱਬ/ਪਰਮਾਤਮਾ ਨੂੰ ਨਕਾਰਦੇ ਹੋਏ ਵਿਕਲਪ ਦੇ ਤੌਰ ਤੇ ਬ੍ਰਹਮੰਡੀ ਨਿਯਮ-ਤੰਤਰ (cosmic system/cosmic order) ਨੂੰ ਮਾਨਤਾ ਦੇਂਦੀ ਹੈ ਜਿਸ ਦਾ ਨਾਮ 'ਰੱਬ' ਜਾਂ 'ਪਰਮਾਤਮਾ' ਨਹੀਂ ਹੋ ਸਕਦਾ।

ਤੁਸੀਂ ਦਵੰਦ ਦੀ ਗੱਲ ਕੀਤੀ ਹੈ। ਗੁਰੂ ਨਾਨਕ ਜੀ ਤਾਂ ਬਿਲਕੁਲ ਸਪਸ਼ਟ ਹਨ। ਉਹ ਬ੍ਰਹਮੰਡੀ ਨਿਯਮ-ਤੰਤਰ ਨੂੰ 'ਰੱਬ' ਜਾਂ 'ਪਰਮਾਤਮਾ' ਕਹਿਣ ਦੀ ਬਜਾਏ 'ਹੁਕਮ' ਦਾ ਨਾਮ ਦੇ ਰਹੇ ਹਨ। ਕਿਰਤਮ ਨਾਮ ਤਾਂ ਉਹਨਾਂ ਨੇ ਆਪਣੀ ਕਾਵਿ-ਰੂਪ ਵਿਚ ਕੀਤੀ ਰਚਨਾ ਵਿਚ ਰੂਪਕ (metaphor) ਅਤੇ ਮਾਨਵੀਕਰਨ (personification) ਵਰਗੇ ਅਲੰਕਾਰਾਂ ਦੀ ਅਤੇ ਪਰਚਲਤ ਸ਼ਬਦਾਵਲੀ ਦੀ ਵਰਤੋਂ ਕਰਦੇ ਹੋਏ ਕੀਤੀ ਹੈ। ਦਵੰਦ ਦਾ ਸ਼ਿਕਾਰ ਉਹ 'ਜਾਗਰੂਕ' ਅਖਵਾਉਂਦੇ ਲੋਕ ਹਨ ਜੋ 'ਬਿਬੇਕਸ਼ੀਲ' ਹੋਣ ਦਾ ਦਾਵਾ ਤਾਂ ਕਰਦੇ ਹਨ ਪਰੰਤੂ ਗੁਰੂ ਨਾਨਕ ਜੀ ਦੀ ਅਸਲੀ ਵਿਚਾਰਧਾਰਾ ਅਤੇ ਉਹਨਾਂ ਦੀ ਰਚਨਾ-ਵਿਧੀ ਨੂੰ ਨਾ ਸਮਝਦੇ ਹੋਏ ਗੁਰਬਾਣੀ ਦੀ ਬ੍ਰਹਾਮਣਵਾਦੀ ਵਿਆਖਿਆ ਕਰੀ ਜਾ ਰਹੇ ਹਨ ਜੋ ਉਦਾਸੀ ਅਤੇ ਨਿਰਮਲੇ ਫਿਰਕਿਆਂ ਦੇ

ਦੋਖੀ 'ਵਿਦਵਾਨਾਂ' ਦੀ ਦੇਣ ਹੈ ਅਤੇ ਏਸੇ ਵਹਿਣ ਵਿਚ ਵਹਿੰਦੇ ਹੋਏ 'ਰੱਬ' 'ਪਰਮਾਤਮਾ', 'ਓਅੰਕਾਰ' ਆਦਿਕ ਸ਼ਬਦਾਂ ਨੂੰ ਆਪਣੇ ਅਵਚੇਤਨ (sub-conscious) ਵਿਚ ਵਸਾਈ ਬੈਠੇ ਹਨ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/05/2020 at 8:14pm 1 Like

**ENG DARSHAN SINGH KHALSA. AUSTRALIA**

. 'ਰੱਬ' ਦੀ ਹੋਂਦ ਬਾਰੇ ਵਿਚਾਰ, . . .

. ਇੱਕ, ਅਦ੍ਰਿਸ਼ ਸ਼ਕਤੀ, ਐਨਰਜ਼ੀ, ਨੂਰ, ਚੇਤਨਤਾ, ਪਾਵਰ . . .

. ਜਿਸਨੇ, ਇਸ ਦਿਸਦੇ-ਅਣ-ਦਿਸਦੇ ਬ੍ਰਹਿਮੰਡ ਦੀ ਸਾਜਨਾ ਕੀਤੀ। ਸਮੇਂ/ਸਥਾਨ ਦੇ ਅਨੁਸਾਰੀ ਚਾਰੇ ਖਾਣੀਆਂ ਦੇ ਜੀਵਾਂ ਦੀ ਪੈਦਾਇਸ਼ ਹੋਈ, . .

. ਇਸੇ ਅਦ੍ਰਿਸ਼ ਸ਼ਕਤੀ, ਐਨਰਜ਼ੀ, ਨੂਰ, ਚੇਤਨਤਾ, ਪਾਵਰ ਨੂੰ . . . ਧਰਤੀ ਉੱਪਰ ਅਲੱਗ-ਅਲੱਗ ਖਿੱਤਿਆਂ ਵਿਚ ਰਹਿਣ ਵਾਲੇ ਮਨੁੱਖਾਂ ਵਲੋਂ ਆਪਣੀ-ਆਪਣੀ ਬੋਲੀ ਵਿਚ ਕਿਰਤਮ ਨਾਮ ਦਿੱਤੇ ਗਏ ਹਨ ; ਜਿਸ ਤਰਾਂ .... (ਰੱਬ, ਅੱਲਾ, ਰਾਮ, ਰਹੀਮ, ਵਾਹਿਗੁਰੂ, ਗੌਡ, ਖ਼ੁਦਾ, ਗੋਪਾਲ, ਬੀਠਲ, ਗੋਬਿੰਦ, ਕੁੱਦਰਤ, ਕਰਤਾ, ਕਰਤਾਰ . . . . . . . ਆਦਿ।

. ਇਸ ਬਾਰੇ ਸਾਰੇ! ਜਾਗਰੂਕ, ਖੋਜ਼ੀ, ਸਮਝਦਾਰ, ਦੂਰਅੰਦੇਸ਼, ਡੂੰਗਿਆਈ ਵਿਚ 'ਰੱਬ' ਦੀ ਹੋਂਦ ਦਾ ਮੁਤਾਲਿਆ ਕਰਨ ਵਾਲੇ ਮਨੁੱਖਾਂ, ਵੀਰਾਂ-ਭੈਣਾਂ ਦੇ 'ਵਿਚਾਰ/ਸੋਚ/ਖਿਆਲ/ ਫੈਸਲੇ/ਪੈਮਾਨੇ' ਅਲੱਗ-ਅਲੱਗ ਹੋ ਸਕਦੇ ਹਨ। ਹੈਨ

ਵੀ। ਜਰੂਰੀ ਨਹੀਂ ਸਾਰਿਆਂ ਦੀ ਇੱਕ ਰਾਏ ਹੋਵੇ।

. ਕਈ ਮਨੁੱਖ 'ਰੱਬੀ-ਹੋਂਦ' ਨੂੰ ਸਵੀਕਾਰਦੇ ਹਨ, ਅਤੇ ਕਈ ਮਨੁੱਖ ਨਕਾਰਦੇ ਹਨ।

. 'ਰੱਬੀ ਹੋਂਦ' ਨੂੰ ਸਵੀਕਾਰਨਾ ਜਾਂ ਨਕਾਰਨਾ ਹਰ ਮਨੁੱਖ ਦਾ ਆਪਣਾ ਪਰਸਨਲ/ਨਿਜ਼ੀ . . ਫੈਸਲਾ/ਪੈਮਾਨਾ ਹੋ ਸਕਦਾ ਹੈ। ਇਸ ਨੂੰ ਕਿਸੇ ਦੂਜੇ ਮਨੁੱਖ ਉੱਪਰ ਜ਼ਬਰਦੱਸਤੀ

ਥੋਪਿਆ, ਠੂਸਿਆ/ ਠੋਸਿਆ ਨਹੀਂ ਜਾ ਸਕਦਾ। ਹਰ

ਮਨੁੱਖ ਨੂੰ ਇਹ ਅਜ਼ਾਦੀ ਹੈ ਕਿ, ਉਸਨੇ ਆਪਣਾ ਨਿਜ਼ੀ ਜੀਵਨ ਕਿਸ ਤਰਾਂ ਬਿਤਾਉਂਣਾ ਹੈ। ਕਿਸ ਵਿਚਾਰ ਨੂੰ ਮੰਨਣਾ ਹੈ ਜਾਂ ਨਹੀਂ ਮੰਨਣਾ। ਕਿਸ ਰਾਏ ਨਾਲ ਸਹਿਮਤ ਹੋਣਾ ਹੈ ਜਾਂ ਨਹੀਂ ਹੋਣਾ। 'ਰੱਬ' ਨੂੰ ਮੰਨਣਾ ਹੈ ਜਾਂ ਨਹੀਂ।

. ਪੂਰੇ ਬ੍ਰਹਿਮੰਡ ਵਿਚ ਧਰਤੀ ਉੱਪਰ ਚਾਰੇ ਖਾਣੀਆਂ ਦੇ ਜੀਵਾਂ ਵਿਚੋਂ ਕੇਵਲ ਮਨੁੱਖ ਦੇ ਕੋਲ/ਪਾਸ ਸੋਝੀ ਹੋਣ ਕਰਕੇ, ਮਨੁੱਖ ਹੀ ਇਸ ਦੁਬਿੱਧਾ ਵਿਚ ਹੈ। ਕਿ 'ਰੱਬ' ਹੈ ਜਾਂ ਨਹੀਂ . . ??

. ਮਨੁੱਖ ਜਾਨਣਾ ਚਾਹੁੰਦਾ ਹੈ, ਕਿ ਮੈਨੂੰ ਕਿਸ ਨੇ ਬਣਾਇਆ ਹੈ? ਘੜਿਆ ਹੈ?

. ਇਹੀ ਜਗਿਆਸਾ, ਉਤਸੁਕਤਾ ਹੀ ਮਨੁੱਖ ਦੇ ਮਨ ਵਿਚ ਸਵਾਲ ਪੈਦਾ ਕਰਦੀ ਹੈ।

. 'ਰੱਬੀ ਹੋਂਦ' ਦਾ ਅਹਿਸਾਸ ਮਨੁੱਖ ਨੇ ਆਪਣੀ ਬਿਬੇਕ-ਬੁੱਧ, ਅਕਲ, ਗਿਆਨ ਨਾਲ ਹੀ ਕਰਨਾ ਹੈ। ਅਹਿਸਾਸ ਕਰਕੇ ਫਿਰ ਵੀ 'ਰੱਬੀ ਹੋਂਦ' ਨੂੰ ਮੰਨਣਾ ਜਾਂ ਨਾ-ਮੰਨਣਾ ਵੀ ਮਨੁੱਖ ਦਾ ਫੈਸਲਾ ਹੈ।

. ਮਨੁੱਖ ਆਪਣੇ ਸਥੂਲ ਸਰੀਰ ਵਾਂਗ ਉਸ 'ਕਰਤੇ-ਕਰਤਾਰ' ਨੂੰ ਆਪਣੀਆਂ ਅੱਖਾਂ ਰਾਂਹੀ ਆਪਣੇ ਸਾਹਮਣੇ ਵੇਖਣਾ ਲੋਚਦਾ ਹੈ। (ਜੋ ਨਾ ਮੁੰਮਕਿੰਨ ਹੈ)

. ਮਨੁੱਖ ਚਹੁੰਦਾ ਹ, ਲੋਚਦਾ ਹੈ, ਕਿ ਆਪਣੀ ਸਿਆਣੱਪ-ਚਤੁਰਾਈ ਨਾਲ 'ਕਰਤੇ-ਕਰਤਾਰ' ਨੂੰ ਜਾਣ ਲੈਣਾ ਕਰਾਂ।

.

** ਬਾਹਰ ਕਾਇਨਾਤ ਵਿਚ ਮਨੁੱਖ ਨੂੰ ਕੁੱਦਰਤੀ 5 ਤੱਤਾਂ ਦਾ ਗਿਆਨ ਹੈ। ਅੱਗ ਹਵਾ ਪਾਣੀ ਧਰਤੀ ਆਕਾਸ਼। ਆਸਤਿੱਕ ਅਤੇ ਨਾਸਤਿੱਕ ਸਾਰੇ ਇਹਨਾਂ ਪੰਜਾਂ ਤੱਤਾਂ ਦੀ ਵਰਤੋਂ ਕਰਦੇ ਹਨ। ਕੋਈ ਵੀ ਮਨੁੱਖ ਇਸ ਵਰਤੋਂ ਤੋਂ ਮੁਨਕਰ ਨਹੀਂ ਹੋ ਸਕਦਾ।

. ਆਕਾਸ਼ ਵਿਚ ਸੂਰਜ, ਚੰਦਰਮਾ, ਤਾਰੇ(ਅਨੇਕਾਂ ਧਰਤੀਆਂ) ਮਨੁੱਖ ਦੇ ਪੈਰਾਂ ਥੱਲੇ ਵਾਲੀ ਧਰਤੀ . . .

. ਮਨੁੱਖ ਨੇ ਤਾਂ ਬਨਾਉਣੇ ਨਹੀਂ ਕੀਤੇ ??? ਚਾਹੇ ਕਿਸੇ ਨੇ ਬਨਾਉਣੇ ਕੀਤੇ . . . ਬਣੇ/ ਬਣਾਏ ਤਾਂ ਹਨ। ਕਿਸੇ ਨਾ ਕਿਸੇ ਤਰੀਕੇ-ਸਲੀਕੇ, ਹੀਲੇ-ਵਸੀਲੇ ਇਹ ਸਾਰਾ ਕੁੱਝ ਹੋਂਦ ਵਿਚ ਆਇਆ।

. ਇਹਨਾਂ ਦੇ ਹੋਂਦ ਵਿਚ ਆਉਣ ਤੋਂ ਕਰੋੜਾਂ ਸਾਲਾਂ ਬਾਅਦ ਧਰਤੀ ਉੱਪਰ ਮਨੁੱਖ ਦੀ ਐਂਟਰੀ ਹੋਈ ਹੈ।

. ਮਨੁੱਖ ਨੇ ਆਪਣੇ ਦਿਮਾਗ਼ ਅਕਲ ਮੱਤ ਬੁੱਧ ਦੀ ਵਰਤੋਂ ਕਰਦਿਆਂ, ਆਪਣੇ ਮਨੁੱਖਾ ਜੀਵਨ ਦੀਆਂ ਲੋੜਾਂ ਪੂਰਤੀਆਂ ਲਈ ਅਨੇਕਾਂ ਤਰਾਂ ਦੀਆਂ ਇਜ਼ਾਦਾਂ/ਖੋਜ਼ਾਂ ਤਰੱਕੀਆਂ ਕੀਤੀਆਂ। ਹਵਾ ਵਿਚ, ਪਾਣੀ ਵਿਚ, ਧਰਤੀ ਦੇ ਅੰਦਰ ਪਤਾਤਲ ਵਿਚ, ਹਰ ਪਾਸੇ ਮਨੁੱਖ ਨੇ ਕਾਮਯਾਬੀ ਹਾਸਿਲ ਕੀਤੀ।

. ਮਨੁੱਖ ਇਸ ਸ੍ਰਿਸਟੀ ਦੇ 'ਕਰਤੇ-ਕਰਤਾਰ, ਅਦ੍ਰਿਸ਼ ਸ਼ਕਤੀ, ਐਨਰਜ਼ੀ, ਨੂਰ, ਚੇਤਨਤਾ, ਪਾਵਰ' (ਛੋਟਾ ਨਾਮ 'ਰੱਬ') ਨੂੰ ਵੀ ਆਪਣੇ ਵਰਗਾ ਹੀ ਸਮਝਦਾ ਹੈ, ਜੋ ਦੂਰ ਕਿਤੇ ਉਚੇ ਆਕਾਸ਼ਾਂ ਵਿਚ ਆਪਣੇ ਦਰਬਾਰ/ਸਵੱਰਗ ਵਿਚ ਰਹਿੰਦਾ ਹੈ। ਉਹ ਧਰਤੀ ਉੱਪਰ ਆ ਜਾ ਸਕਦਾ ਹੈ। ਵੇਖ ਸਕਦਾ ਹੈ, ਸੁਣ ਸਕਦਾ ਹੈ, ਅਰਦਾਸਾਂ ਬੇਨਤੀਆਂ ਜੋਦੜੀਆਂ ਤਰਲੇ ਮਿੰਨਤਾਂ ਲੇਲੜੀਆਂ ਨੂੰ ਵੀ ਪ੍ਰਵਾਨ ਕਰਦਾ ਹੈ। ਜਰੂਰ ਮਨੁੱਖ ਉਸਨੂੰ ਵੇਖ ਸਕਦਾ ਹੈ।

. ਜੋ ਨਾ ਮੁੰਮਕਿੰਨ ਹੈ। ਉਹ ਕੋਈ ਸਰੀਰ/ਵਯੂਦ ਤਾਂ ਹੈ ਨਹੀਂ, ਜੋ ਵਿਖਾਈ ਦੇ ਜਾਵੇ।

. ਇਸ ਸੱਚਾਈ ਨੂੰ ਮੰਨਣਾ ਜਾਂ ਨਾ-ਮੰਨਣਾ ਵੀ ਮਨੁੱਖਾਂ ਉੱਪਰ ਨਿਰਭਰ ਕਰਦਾ ਹੈ।

. ਜੋ ਆਸਤਿੱਕ ਬਿਰਤੀ ਵਾਲੇ ਹਨ, ਉਹ 'ਰੱਬੀ ਹੋਂਦ' ਨੂੰ ਮੰਨਦੇ ਹਨ, . . . ਜੋ ਨਾਸਤਿੱਕ ਬਿਰਤੀ ਦੇ ਮਾਲਿਕ ਹਨ, ਉਹ 'ਰੱਬੀ ਹੋਂਦ' ਨੂੰ ਨਹੀਂ ਮੰਨਦੇ।

. ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ, ਐਸਾ ਨਹੀਂ ਹੋ ਸਕਦਾ, ਕਿ ਇਸ ਸਾਰੇ ਇੱਕਦਮ ਪਰਫੈਕਟ ਪਾਸਾਰੇ, ਸਿਸਟਿੱਮ, ਵਿੱਧੀ-ਵਿਧਾਨ ਪਿੱਛੇ ਕੋਈ ਮਨ, ਸੋਚ ਕੰਮ ਨਾ ਕਰਦੀ ਹੋਵੇ . ????

, ਜਪੁ ਬਾਣੀ, ਮ 1। "ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ"॥ਪੰਨਾ 3॥

. 'ਕਵਾਉ' ਜਾਂ 'ਬਿੱਗ-ਬੈਂਗ' ਥਿਊਰੀ ਇਕੋ ਹੀ ਹੈ।

. ਇਹ 'ਕਵਾਉ'-'ਬਿੱਗ-ਬੈਂਗ' ਕਿਸ ਨੇ ਕਰਨਾ ਕੀਤਾ . . ??

. (ਮਨੁੱਖ ਨਹੀਂ ਜਾਣਦਾ, ਕਿਆਸ- ਆਰਾਈ ਜਰੂਰ ਕਰ ਸਕਦਾ ਹੈ। ਮਨੁੱਖ ਅੰਦਾਜ਼ਾ ਜਰੂਰ ਲਗਾਉਂਦਾ ਹੈ। ਉਸ ਅੰਦਾਜ਼ੇ ਨੂੰ ਕਈ ਮਨੁੱਖ ਮੰਨਦੇ ਹਨ ਕਈ ਨਹੀਂ ਮੰਨਦੇ।)

. ਅੱਗ, ਹਵਾ, ਪਾਣੀ, ਧਰਤੀ, ਆਕਾਸ਼ ਕਿਸ ਨੇ ਬਨਾਉਣੇ ਕੀਤੇ . . ??

. (ਮਨੁੱਖ ਨਹੀਂ ਜਾਣਦਾ, ਕਿਆਸ- ਆਰਾਈ ਜਰੂਰ ਕਰ ਸਕਦਾ ਹੈ। ਮਨੁੱਖ ਅੰਦਾਜ਼ਾ ਜਰੂਰ ਲਗਾਉਂਦਾ ਹੈ। ਉਸ ਅੰਦਾਜ਼ੇ ਨੂੰ ਕਈ ਮਨੁੱਖ ਮੰਨਦੇ ਹਨ ਕਈ ਨਹੀਂ ਮੰਨਦੇ।)

. ਜੀਵਾਂ, ਜੰਤੂੰਆਂ, ਪਸ਼ੂਆਂ, ਪੰਛੀਆਂ, ਜਾਨਵਰਾਂ, ਮਨੁੱਖਾਂ ਦੇ ਇੱਕਦਮ ਪਰਫੈਕਟ ਵਯੂਦ/ ਸਰੀਰ ਕਿਸ ਨੇ ਬਨਾਉਣੇ ਕੀਤੇ .. . .??

. (ਮਨੁੱਖ ਨਹੀਂ ਜਾਣਦਾ, ਕਿਆਸ- ਆਰਾਈ ਜਰੂਰ ਕਰ ਸਕਦਾ ਹੈ। ਮਨੁੱਖ ਅੰਦਾਜ਼ਾ ਜਰੂਰ ਲਗਾਉਂਦਾ ਹੈ। ਉਸ ਅੰਦਾਜ਼ੇ ਨੂੰ ਕਈ ਮਨੁੱਖ ਮੰਨਦੇ ਹਨ ਕਈ ਨਹੀਂ ਮੰਨਦੇ।)

. ਜਿਸ ਨੇ ਇਹ ਸੱਬ ਕੁੱਝ ਦੀ ਸਾਜਨਾ ਕੀਤੀ ਹੈ . . ਉਹ ਅਦ੍ਰਿਸ਼ ਸ਼ਕਤੀ, ਐਨਰਜ਼ੀ, ਨੂਰ, ਚੇਤਨਤਾ, ਪਾਵਰ . . . ਹੀ 'ਰੱਬ' ਹੈ। ਉਸਨੂੰ ਕੋਈ/ਕਿਸੇ ਵੀ ਕਿਰਤਮ ਨਾਮ ਨਾਲ ਪੁਕਾਰਿਆ ਜਾ ਸਕਦਾ ਹੈ।

. ਤਾਂ, ਤੇ .

. ਉਸਦੀ ਹੋਂਦ, . . . ਉਸ ਅਦ੍ਰਿਸ਼ ਸ਼ਕਤੀ, ਐਨਰਜ਼ੀ, ਨੂਰ, ਚੇਤਨਤਾ, ਪਾਵਰ . . ਬਾਰੇ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ। ( ਉਸਨੂੰ ਕੋਈ 'ਰੱਬ' ਕਹਿ ਰਿਹਾ ਹੈ, ਕੋਈ ਅੱਲਾ ਕਹਿ ਰਿਹਾ ਹੈ, ਕੋਈ ਰਾਮ ਕਹਿ ਰਿਹਾ ਹੈ, ਕੋਈ ਗੌਡ ਕਹਿ ਰਿਹਾ ਹੈ। ਤਰਾਂ ਤਰਾਂ ਦੇ ਨਾਮ ਦਿੱਤੇ ਗਏ ਹਨ।)

. ਗੁਰਬਾਣੀ ਅਨੁਸਾਰ : ਉਹ ਅਦ੍ਰਿਸ਼ ਸ਼ਕਤੀ, ਐਨਰਜ਼ੀ, ਨੂਰ, ਚੇਤਨਤਾ, ਪਾਵਰ, ਕਰਤਾ-ਕਰਤਾਰ ਤਾਂ ਆਪਣੀ ਕਿਰਤ ਵਿਚ 'ਸਰਬ-ਵਿਆਪੱਕ'' ਹੈ . .

□ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

◆ ਰਵਿ ਰਹਿਆ ਸੋਈ ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ॥ ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭੁ ਗੁਰਮੁਖਿ ਜਾਨਿਆ॥ਮ1 ॥ 1110॥

◆

** ਥਿਤੀ ਗਉੜੀ ਮਹਲਾ 5॥ ਸਲੋਕੁ॥ ੴ ਸਤਿਗੁਰ ਪ੍ਰਸਾਦਿ॥

. ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥ ਅਨਿਕ ਭਾਂਤਿ ਹੋਇ ਪਸਰਿਆ

ਨਾਨਕ ਏਕੰਕਾਰੁ॥1॥ 296॥

. ਸਿਰਜਨਹਾਰ ਬਿਨਾਂ ਸਿਰਜਨਾ ਨਹੀਂ . . ਸਿਰਜਨਾਂ ਬਿਨਾਂ ਸਿਰਜਨਹਾਰ ਨਹੀਂ।

** ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ॥ ਮ5॥ 1385॥

** ਸੋਈ ਪੁਰਖੁ ਧੰਨੁ ਕਰਤਾ ਕਾਰਣ ਕਰਤਾਰ ਕਰਣ ਸਮਰਥੋ॥ ਭਟ ਕਲਸਹਾਰ॥ 1391॥

** ਸਚੁ ਨਾਮੁ ਕਾਤਾਰੁ ਸਚੁ ਪਸਾਰਿਆ॥ ਮ5॥ 523॥

. ਕਰਤੇ-ਕਰਤਾਰ ਬਿਨਾਂ ਕੁੱਦਰਤ ਕਾਇਨਾਤ ਦਾ ਹੋਣਾ ਨਾ-ਮੁੰਮਕਿੰਨ ਹੈ।

** ਮ5॥ ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥ ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥75॥ 1381॥

. ਖਾਲਿਕ ਬਿਨਾਂ ਖਲਕ ਨਹੀਂ, . . ਖਲਕ ਬਿਨਾਂ ਖਾਲਿਕ ਨਹੀਂ।

. 'ਰੱਬ' (ਕਿਰਤਮ ਨਾਮ) ਜੀ ਬਾਰੇ ਬਾਬਾ ਨਾਨਕ ਜੀ ਦਾ ਮਾਰੂ ਰਾਗ ਵਿਚ ਪੰਨਾ 1035 ਉੱਪਰ ਉਚਾਰਨ ਕੀਤਾ ਸਬਦ ਹੈ:

. ਮਾਰੂ ਮਹਲਾ ੧ ॥ ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥ ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥ ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥ ਨਾ ਤਦਿ ਸੁਰਗੁ ਮਛੁ ਪਇਆਲਾ ॥ ਦੋਜਕੁ ਭਿਸਤੁ ਨਹੀ ਖੈ ਕਾਲਾ ॥ ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥੩॥ ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ ਅਵਰੁ ਨ ਦੀਸੈ ਏਕੋ ਸੋਈ ॥ ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ॥੪॥ ਨਾ ਤਦਿ ਜਤੀ ਸਤੀ ਬਨਵਾਸੀ ॥ ਨਾ ਤਦਿ ਸਿਧ ਸਾਧਿਕ ਸੁਖਵਾਸੀ ॥ ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ ॥੫॥ ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾ ਕੋ ਆਖਿ ਵਖਾਣੈ ਦੂਜਾ ॥ ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ॥੬॥ ਨਾ ਸੁਚਿ ਸੰਜਮੁ ਤੁਲਸੀ ਮਾਲਾ ॥ ਗੋਪੀ ਕਾਨੁ ਨ ਗਊ ਗੋੁਆਲਾ ॥ ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ ॥੭॥ ਕਰਮ ਧਰਮ ਨਹੀ ਮਾਇਆ ਮਾਖੀ ॥ ਜਾਤਿ ਜਨਮੁ ਨਹੀ ਦੀਸੈ ਆਖੀ ॥ ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ

॥੮॥ ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ ॥ ਨਾ ਤਦਿ ਗੋਰਖੁ ਨਾ ਮਾਛਿੰਦੋ ॥ ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ ॥੯॥ ਵਰਨ ਭੇਖ ਨਹੀ ਬ੍ਰਹਮਣ ਖਤ੍ਰੀ ॥ ਦੇਉ ਨ ਦੇਹੁਰਾ ਗਊ ਗਾਇਤ੍ਰੀ ॥ ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ ॥੧੦॥ ਨਾ ਕੋ ਮੁਲਾ ਨਾ ਕੋ ਕਾਜੀ ॥ ਨਾ ਕੋ ਸੇਖੁ ਮਸਾਇਕੁ ਹਾਜੀ ॥ ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ ॥੧੧॥ ਭਾਉ ਨ ਭਗਤੀ ਨਾ ਸਿਵ ਸਕਤੀ ॥ ਸਾਜਨੁ ਮੀਤੁ ਬਿੰਦੁ ਨਹੀ ਰਕਤੀ ॥ ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ ॥੧੨॥ ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥ ਪਾਠ ਪੁਰਾਣ ਉਦੈ ਨਹੀ ਆਸਤ ॥ ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ ॥੧੩॥ ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥ ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥ ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥ ਕਰਿ ਕਰਿ ਦੇਖੈ ਹੁਕਮੁ ਸਬਾਇਆ ॥ ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥ ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥ ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥

. ਬਾਬਾ ਨਾਨਕ ਜੀ ਨੇ ਇਸ ਸਬਦ ਅੰਦਰ ਬਹੁਤ ਵਿਸਥਾਰ ਨਾਲ ਸੰਸਾਰ ਵਿਚ ਪੈਦਾ ਹੋਈ ਹਰ ਸੈਅ ਨੂੰ ਕਲਮ-ਬੱਧ ਕੀਤਾ ਹੈ। ਜਦ ਕੁੱਝ ਵੀ ਨਹੀਂ ਸੀ . . . . ਉਹ ਇਕੋ '੧ਓ -ਕਰਤਾ-ਕਰਤਾਰ' ਤੱਦ ਵੀ ਸੀ, ਅਤੇ ਹੈ।

**ਸਾਇੰਸੀ ਥਿਊਰੀ ਦੇ ਅਨੁਸਾਰ ਬਾਂਦਰ ਤੋਂ ਬੰਦਾ ਬਣਿਆ।

. ਅੱਜ ਬਾਂਦਰ ਤੋਂ ਬੰਦੇ ਕਿਉਂ ਨਹੀਂ ਬਣ ਰਹੇ . .??

. ਬੰਦਾ ਸੁਰੂਆਤ ਵਿਚ ਵੀ ਬੰਦਾ ਸੀ, ਅੱਜ ਵੀ ਬੰਦਾ ਹੀ ਹੈ, ਬੰਦਾ ਹੀ ਰਹੇਗਾ। ਬੰਦੇ ਦੀਆਂ ਕਰਤੂਤਾਂ ਆਦਤਾਂ ਪਸੂਆਂ ਵਾਲੀਆਂ ਹੋ ਸਕਦੀਆਂ ਹਨ। ਆਦਤਾਂ ਮਾੜੀਆਂ ਹੋ ਸਕਦੀਆਂ ਹਨ।

. ਸੁਰੂ ਵਿਚ ਵਿਦਿਆ/ਗਿਆਨ ਨਾ ਹੋਣ ਕਰਕੇ,

. ਜੀਵਨ ਜਿਉਂਣ ਦੇ ਤਰੀਕੇ ਸਲੀਕੇ ਨਾ ਹੋਣ ਕਰਕੇ,

. ਆਪਣੇ ਆਲੇ-ਦੁਆਲੇ, ਚੀਜ਼ਾਂ, ਸਖ਼ਿੱਤੀਆਂ ਬਾਰੇ ਜਾਣਕਾਰੀਆਂ ਨਾ ਹੋਣ ਕਰਕੇ,

. ਜੰਗਲ ਵਿਚ ਰਹਿੰਦਾ ਮਨੁੱਖ ਜਰੂਰ ਜੰਗਲੀ ਕਿਸਮ ਦਾ ਲੱਗਦਾ ਹੋਵੇਗਾ। ਹੌਲੀ ਹੌਲੀ ਤਾਜ਼ੁਰਬੇ/ ਬਦਲਾਅ ਦੇ ਨਾਲ ਮਨੁੱਖ ਦੇ ਰਹਿਣ ਸਹਿਣ, ਕਹਿਣ, ਬਹਿਣ, ਖਾਣ-ਪੀਣ, ਵਰਤ-ਵਰਤਾਰੇ, ਬੋਲਚਾਲ, ਲੈਣਦੇਣ, ਸੋਚਣ-ਸਮਝਣ, ਲੋੜਾਂ ਪੂਰੀਆਂ ਕਰਨ ਲਈ ਦਿਮਾਗ਼ ਵਿਚ ਤਬਦੀਲੀ ਆਉਂਦੀ ਗਈ।

. ਤਬਦੀਲੀ/ਬਦਲਾਅ ਦਾ ਨਤੀਜਾ ਸਿੱਟਾ ਸਾਡੇ ਸਾਹਮਣੇ ਹੈ। ਇਹ ਸਾਰਾ ਬਦਲਾਅ ਕੁੱਦਰਤੀ ਵਸੀਲਿਆਂ ਵਿਚੋਂ ਪ੍ਰਾਪਤ ਹੋਈ ਸਾਮਗਰੀ ਨਾਲ ਹੀ ਹੋਇਆ। ਮਨੁੱਖ ਨੇ ਤਾਂ ਆਪਣੀ ਮੱਤ, ਅਕਲ ਦਿਮਾਗ਼ ਨਾਲ ਸਾਮੱਗਰੀ ਵਿਚ ਬਦਲਾਅ ਲਿਆ ਕੇ ਚੀਜ਼ਾਂ ਬਨਾਉਂਣੀਆਂ ਕੀਤੀਆਂ। . . . . . . ਸਮੱਗਰੀ ਤਾਂ ਨਹੀਂ ਬਣਾਈ।

. ਮਨੁੱਖ ਦੇ ਪਾਸ ਖਾਣ-ਪੀਣ ਲਈ ਜੋ ਕੁੱਝ ਹੈ ਸਾਰਾ 'ਕੁੱਦਰਤ-ਰੱਬ' ਨੇ ਦਿੱਤਾ ਹੈ। ਅੰਨ-ਅਨਾਜ, ਫਲ-ਫਰੂਟ, ਸਬਜ਼ੀਆਂ ਕਿੰਨ੍ਹਾ ਕੁੱਝ ਹੈ ਜੋ ਜ਼ਮੀਨ ਵਿਚ ਪੈਦਾ ਹੁੰਦਾ ਹੈ, . . . . . . . . . .ਇਹ ਸਾਰਾ ਕੁੱਝ ਬੰਦੇ ਨੇ ਨਹੀਂ ਬਨਾਉਂਣਾ ਕੀਤਾ।

. ਚਾਰੇ ਖਾਣੀਆਂ ਦੇ ਸਾਰਿਆਂ ਜੀਵਾਂ ਵਿਚ ਨਰ ਅਤੇ ਮਾਦਾ ਸਰੀਰ ਬਣਾਏ ਹਨ। ਅੱਗੇ ਇਹਨਾਂ ਸਰੀਰਾਂ ਨੂੰ ਆਪਣੇ ਵਰਗੇ ਹੋਰ ਸਰੀਰ ਪੈਦਾ ਕਰਨ ਦੀ ਸਮਰੱਥਾ ਵੀ ਦਿੱਤੀ ਗਈ ਹੈ। ਸਾਰੇ ਪੇੜ, ਪੌਂਦੇ ਲਤਾ ਬੇਲ ਵੀ ਆਪਣੇ ਪਰੀਵਾਰ ਨੂੰ ਅੱਗੇ ਵਧਾਉਣ ਲਈ ਬੀਜ਼ ਪੈਦਾ ਕਰਦੇ ਹਨ। ਸੁਰੂਆਤ ਕਿਸ ਨੇ ਕੀਤੀ . . . 'ਕਰਤੇ-ਕਰਤਾਰ' ਨੇ।

** 'ਰੱਬੀ ਹੋਂਦ' ਤੋਂ ਮੁਨਕਰ ਹੋਣਾ ਨਾ-ਮੁੰਮਕਿੰਨ ਹੈ। ਗੁਰਮੱਤ-ਗਿਆਨ ਦੇ ਅਨੁਸਾਰੀ 1 (ਇਕੋ) 'ਕਰਤਾ-ਕਰਤਾਰ' ਜੋ ਸਰਬ-ਵਿਆਪੱਕ ਹੈ, ਚਾਰੋਂ ਪਾਸੇ ਰਮਿਆ ਹੈ। ਸਮੱਗਰ ਬਾਣੀ ਇਸਦੀ ਸ਼ਾਹਦੀ ਭਰਦੀ ਹੈ।

. ਉਹ ਵੇਖਿਆ ਨਹੀਂ ਜਾ ਸਕਦਾ, ਮਹਿਸੂਸ ਕੀਤਾ ਜਾ ਸਕਦਾ ਹੈ।

. ਉਸ ਬਾਰੇ ਜਾਣਿਆ ਜਾ ਸਕਦਾ ਹੈ।

. ਉਸ ਬਾਰੇ ਬੁਝਿਆ ਜਾ ਸਕਦਾ ਹੈ।

** ਹਉ ਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ॥ ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ॥ ਮ1॥ 1092॥

. ਆਖੀਰ ਵਿਚ ਸਿੱਟਾ ਏਹੀ ਹੈ, ਕਿ ਹਰ ਮਨੁੱਖ ਨੂੰ ਆਪਣਾ ਮਨੁੱਖਾ ਜੀਵਨ ਜਿਉਂਣ ਲਈ, ਆਪਣੇ ਆਪ ਵਿਚ ਕਾਬਲੀਅਤ ਪੈਦਾ ਕਰਨੀ ਹੋਵੇਗੀ,

. 'ਕਰਤੇ-ਕਰਤਾਰ' ਦੇ ਬਣਾਏ ਵਿੱਧੀ-ਵਿਧਾਨ, ਨਿਯਮ, ਅਸੂਲ, ਸਿਧਾਂਤ . . ਸਦਾ ਲਈ ਅਟੱਲ ਹਨ। ਇਹਨਾਂ ਵਿਚ ਕੋਈ ਬਦਲਾਅ ਕਰਨਾ, ਮਨੁੱਖ ਦੀ ਪਾਂਇਆ ਨਹੀਂ।

. 'ਰੱਬੀ ਹੋਂਦ' ਨੂੰ ਸਵੀਕਾਰਨਾ ਜਾਂ ਨਾ ਸਵੀਕਾਰਨਾ ਹਰ ਮਨੁੱਖ ਦਾ ਨਿਜ਼ੀ/ਪਰਸਨਲ ਮਸਲਾ ਹੈ।

. ਜੋ ਮਨੁੱਖ 'ਰੱਬੀ ਹੋਂਦ' ਨੂੰ ਸਵੀਕਾਰਦੇ ਹਨ ਜਾਂ ਨਹੀ ਸਵੀਕਾਰਦੇ . . . . ਸਾਰੇ ਮਨੁੱਖ 'ਕੁੱਦਰਤੀ-ਰੱਬੀ' ਵਿੱਧੀ-ਵਿਧਾਨ, ਨਿਯਮਾਂ, ਅਸੂਲਾਂ, ਸਿਧਾਂਤਾਂ ਦੇ ਤਹਿਤ ਹੀ ਆਪਣਾ-ਆਪਣਾ ਜੀਵਨ ਬਸ਼ਰ ਕਰਦੇ ਹਨ। ਆਸਤਿੱਕ ਅਤੇ ਨਾਸਤਿੱਕ ਦੋਨੋਂ ਉਹੀ ਪਾਣੀ ਪੀਂਦੇ ਹਨ, ਉਸੇ ਹਵਾ ਵਿਚ ਸਾਹ ਲ਼ੈਂਦੇ ਹਨ। ਕੁੱਦਰਤ ਦੇ ਦਿੱਤੇ ਅਨਾਜ਼ ਫਲ ਸਬਜ਼ੀਆਂ ਖਾਂਦੇ ਹਨ।

. 'ਕਰਤੇ-ਕਰਤਾਰ-ਕੁੱਦਰਤ' ਨੇ ਧਰਤੀ ਅਤੇ ਪਾਣੀ ਵਿਚ ਜੀਵਾਂ ਨੂੰ ਬਹੁਤ ਕੁੱਝ ਮਿਲਣਾ/ਦੇਣਾ ਕੀਤਾ ਹੋਇਆ ਹੈ। ਸ਼ੁਕਰ ਕਰਨਾ ਜਾਂ ਨਾ ਕਰਨਾ, ਮਨੁੱਖ ਦੀ ਮਰਜ਼ੀ ਹੈ।

. ਸਿਵਾਏ ਮਨੁੱਖ ਦੇ ਬਾਕੀ ਜੀ ਸਾਰੇ ਜੀਵ 'ਕੁੱਦਰਤੀ-ਰੱਬੀ' ਜੀਵਨ ਹੀ ਜਿਉਂਣਾ ਕਰਦੇ ਹਨ। ਕੇਵਲ ਮਨੁੱਖ ਹੈ ਜੋ, ਕੁੱਦਰਤ ਦੇ ਸਾਹਮਣੇ ਤਿਕੜਮ-ਬਾਜ਼ੀ ਕਰਦਾ ਹੈ। ਪਰ . . 'ਕੁੱਦਰਤ-ਕਰਤੇ-ਕਰਤਾਰ' ਨੂੰ ਮਨੁੱਖਾਂ ਦੇ ਤਿਕੜਮ-ਬਾਜ਼ੀ ਕਰਨ ਨਾਲ ਕੋਈ ਫਰਕ ਨਹੀਂ ਪੈਣਾ, ਨਾ ਹੀ ਪੈਂਦਾ ਹੈ।

. ਕੁੱਦਰਤ-ਕਰਤੇ-ਕਰਤਾਰ ਦੇ ਨਿਯਮ, ਸਿਧਾਂਤ, ਵਿੱਧੀ-ਵਿਧਾਨ, ਅਸੂਲ਼ ਅਟੱਲ ਹਨ। ਹਮੇਸ਼ਾ ਤੋਂ ਹਨ, ਹਮੇਸ਼ਾਂ ਹੀ ਰਹਿਣਗੇ।

. ਇਸ ਸਿਸਟਿੱਮ, ਨਿਜ਼ਾਮ, ਕੁੱਦਰਤੀ ਵਰਤਾਰਿਆਂ ਨੂੰ,

. ਕੋਈ ਵੀ ਨਾਮ ਦੇ ਕੇ ਜਾਂ ਨਾ ਦੇ ਕੇ,

. ਰੱਬੀ ਹੋਂਦ ਨੂੰ ਮੰਨ ਕੇ ਜਾਂ ਨਾ ਮੰਨ ਕੇ,

. ਮਨੁੱਖ ਆਪਣਾ ਜੀਵਨ ਬਸ਼ਰ ਕਰ ਸਕਦਾ ਹੈ।

. ਕਾਨੜਾ ਮਹਲਾ ੫ ॥ ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧਸੰਗਤਿ ਮੋਹਿ ਪਾਈ

॥੧॥ ਰਹਾਉ ॥ ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥ ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥੨॥ ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥੩॥੮॥

05/02/2020 at 4:39am

**Jarnail Singh**
In reply to ENG DARSHAN SINGH KHALSA. AUSTRALIA

ਇ. ਦਰਸ਼ਨ ਸਿੰਘ ਖਾਲਸਾ ਜੀ

ਗੁਰ ਫਤਿਹ ਪਰਿਵਾਨ ਕਰਨੀ।

ਤੁਸਾਂ ਆਪਣੀ ਉਪਰੋਕਿਤ ਲਿਖਤ ਵਿੱਚ ਕਹਿੰਦੇ ਹੋ ਕਿ "ਸਾਇੰਸੀ ਥਿਊਰੀ ਦੇ ਅਨੁਸਾਰ ਬਾਂਦਰ ਤੋਂ ਬੰਦਾ ਬਣਿਆ" ਅਤੇ ਫਿਰ ਸਵਾਲ ਉਠਾਇਆ ਹੈ ਕਿ "ਅੱਜ ਬਾਂਦਰ ਤੋਂ ਬੰਦੇ ਕਿਉਂ ਨਹੀਂ ਬਣ ਰਹੇ?" ਤੁਸੀਂ ਸਾਇੰਸ ਵਾਰੇ ਇਹ ਜਾਣਕਾਰੀ ਕਿੱਥੋਂ ਲਈ ਹੈ।ਕੀ ਵਿਗਿਆਨ ਦੀ ਉਸ ਕਿਤਾਬ ਦਾ ਵੇਰਵਾ ਦੇ ਸਕਦੇ ਹੋ ਜਿਸ ਵਿੱਚ ਸਾਇੰਸ ਨੇ ਇਹ ਦਾਅਵਾ ਕੀਤਾ ਹੋਵੇ।

ਧੰਨਵਾਦ ਸਹਿਤ

ਜਰਨੈਲ ਸਿੰਘ

05/02/2020 at 10:04pm 1 Like

**ENG DARSHAN SINGH KHALSA. AUSTRALIA**

. ਵੀਰ ਜਰਨੈਲ ਸਿੰਘ ਜੀਉ, ਗੁਰ ਫਤਹਿ ਪ੍ਰਵਾਨ ਕਰਨਾ ਜੀ।

ਵੀਰ ਜੀਉ, ਆਪ ਜੀ ਦੁਆਰਾ ਪੁੱਛੇ ਸਵਾਲ ਬਾਰੇ।

ਵੀਰ ਜੀਉ, ਮੇਰੇ ਪਾਸ ਕਿਸੇ ਕਿਤਾਬ ਜਾਂ ਪੇਪਰ ਦੀ ਕੋਈ ਰੈਫਰੈਂਸ ਨਹੀਂ ਹੈ। ਹਾਂ !! ਕਿਤੇ ਨਾ ਕਿਤੇ ਪੜਿਆ ਜਰੂਰ ਹੈ। ਕਾਲਿਜ ਸਮੇਂ ਤੋਂ ਹੀ

ਪੜ੍ਹਦੇ-ਸੁਣਦੇ ਆ ਰਹੇ ਹਾਂ, ਕਿ ਮਨੁੱਖ ਦੇ ਪੂਰਵਜ਼ ਬਾਦਰਾਂ, ਚੈਪੇਂਨਜ਼ੀਆਂ, ਗੁਰਿਲਿਆਂ ਉਰੈਂਗੋਟੈਨ ਦੇ ਖਾਨਦਾਨਾਂ ਵਿਚੋਂ ਹਨ। ਸਮਾਂ ਪਾ ਕੇ ਵਿਕਾਸ ਕਰਦੇ-ਕਰਦੇ ਮਨੁੱਖ ਜਾਨਵਰਾਂ ਦੇ ਰਹਿਣ ਸਹਿਣ ਤੋਂ ਅਲੱਗ ਥਲੱਗ ਹੋ ਗਿਆ।

. ਗੂਗਲ ਤੋਂ ਲਏ ਕੁੱਝ ਰੈਫਰੈਂਸ ਹਨ। ਗਾਹੇ-ਬਗਾਹੇ ਗਿਆਨ ਹਾਸਿਲ ਕਰਨ ਲਈ ਨਜ਼ਰਸਾਨੀ ਕਰਦੇ ਰਹੀਦਾ ਹੈ। ਇਸੇ ਲਈ ਮੈਂ ਆਪਣੇ ਵਿਚਾਰ ਸਾਂਝੇ ਕਰਦਿਆਂ ਇਹ ਪੰਕਤੀਆਂ ਲਿਖਣੀਆਂ ਕੀਤੀਆਂ ਸਨ।

ਇਸ ਨਾਲ 3 ਰੈਫਰੈਂਸ ਅਟੈਚਮੈਂਟ ਵੀ ਹਨ, ਜੋ ਮੈਂ ਇਥੇ ਪਾਉਣ ਤੋਂ ਅਸਮਰੱਥ ਹਾਂ, ਵੀਰ ਜੀਓ, ਤੁਸੀ ਆਪਣੀ ਈਮੇਲ ਚੈਕ ਕਰ ਲੈਣਾ।

ਵੀਰ ਜੀਓ, ਆਪ ਜੀ ਪਾਸ ਇਸ ਬਾਰੇ ਵਧੇਰੇ ਜਾਣਕਾਰੀ ਹੋਵੇ ਤਾਂ ਜਰੂਰ ਸਾਂਝੀ ਕਰਨਾ ਜੀ।

ਧੰਨਵਾਧ।
ਇੰਜ ਦਰਸਨ ਸਿੰਘ ਖਾਲਸਾ।

05/05/2020 at 12:19am

**Jarnail Singh**

ਇ.ਦਰਸ਼ਨ ਸਿੰਘ ਖਾਲਸਾ ਜੀ

ਜਵਾਬ ਲਈ ਧੰਨਵਾਦ।ਇਹ ਇੱਕ ਆਮ ਹੀ ਪਾਈ ਜਾਂਦੀ ਗਲਤ ਫਹਿਮੀ ਜਾਂ ਗਲਤ ਧਾਰਨਾ ਹੈ ਕਿ ਡਾਰਵਿਨ ਅਨੁਸਾਰ ਮਨੁੱਖ ਬਾਂਦਰ ਤੋਂ ਵਿਕਾਸ ਕਰਕੇ ਬਣਿਆ ਹੈ।ਮੈਂ ਕਈ ਪ੍ਰਚਾਰਕਾਂ ਨੂੰ ਵੀ ਇਹ ਕਹਿੰਦੇ ਸੁਣਿਆ ਹੈ।ਉਹ ਵੀ ਤੁਹਾਡੇ ਤਰ੍ਹਾਂ ਸਵਾਲ ਉਠਾਉਂਦੇ ਨੇ ਕਿ ਸਾਰੇ ਬਾਂਦਰ ਬੰਦੇ ਕਿਉਂ ਨਹੀ ਬਣੇ। ਇਹ ਸਵਾਲ ਉਹ ਡਾਰਵਿਨ ਦੇ ਸਿਧਾਂਤ ਨੂੰ ਗਲਤ ਸਾਬਤ

ਕਰਨ ਲਈ ਕਹਿੰਦੇ ਨੇ।ਸਚਾਈ ਇਹ ਹੈ ਕਿ ਡਾਰਵਿਨ ਦੇ ਵਿਕਾਸ ਸਿਧਾਂਤ ਅਨੁਸਾਰ ਬਾਂਦਰ ਮਨੁੱਖ ਦਾ ਬਹੁਤ ਹੀ ਦੂਰ ਦਾ ਚਚੇਰਾ ਭਰਾ ਕਿਹਾ ਜਾ ਸਕਦਾ ਏ। ਬਾਂਦਰ ਅਤੇ ਮਨੁੱਖ ਦੇ ਕੋਈ ਸੱਠ ਲੱਖ ਸਾਲ ਪਹਿਲਾਂ ਇਕੋ ਮਾਪੇ ਸਨ।ਇਸ ਤੋਂ ਬਾਅਦ ਬਾਂਦਰ ਅਤੇ ਬੰਦੇ ਦਾ ਅੱਡ ਅੱਡ ਆਪੋ ਆਪਣਾ ਵਿਕਾਸ ਹੋਇਆ ਹੈ ਅਤੇ ਹੋ ਰਿਹਾ ਹੈ।ਅਜੋਕਾ ਵਿਗਿਆਨ ਇਹ ਗੱਲ ਡੀ ਐਨ ਏ ਦੀ ਪਰਖ ਕਰਕੇ ਸਾਬਤ ਕਰ ਚੁੱਕਾ ਹੈ।

ਜਰਨੈਲ ਸਿੰਘ

05/05/2020 at 6:23pm 1 Like

**Iqbal Singh Dhillon**
In reply to ENG DARSHAN SINGH KHALSA. AUSTRALIA

ਇੰਜ. ਦਰਸ਼ਨ ਸਿੰਘ ਖਾਲਸਾ ਜੀ,

ਤੁਸੀਂ ਕਿਹਾ ਹੈ ਕਿ " ਜਿਸ ਨੇ ਇਹ ਸੱਬ ਕੁੱਝ ਦੀ ਸਾਜਨਾ ਕੀਤੀ ਹੈ . . ਉਹ ਅਦ੍ਰਿਸ਼ ਸ਼ਕਤੀ, ਐਨਰਜ਼ੀ, ਨੂਰ, ਚੇਤਨਤਾ, ਪਾਵਰ . . . ਹੀ 'ਰੱਬ' ਹੈ"। ਕੀ ਤੁਸੀਂ ਇਹ ਦੱਸਣ ਦੀ ਕਿਰਪਾਲਤਾ ਕਰੋਗੇ ਕਿ ਇਹ ਸਿਧਾਂਤ ਕਿੱਥੇ ਉਪਲਭਦ ਹੈ ?

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/04/2020 at 4:11pm 1 Like

## Gurmit Singh Dhillon

ਰੱਬ/ਕੁਦਰਤ

੧ ਨੂੰ ਪੂਰਾ ਦੇਖਣ ਵਾਲਾ,

ਬੰਦੇ ਦਾ ਤਾਂ ਕੱਦ ਨਹੀਂ ਹੈ ।

ਦਿਸਦਾ ਤੇ ਅਣਦਿਸਦਾ ਉਸ 'ਚੋਂ,

ਕਰ ਸਕਦਾ ਕੋਈ ਰੱਦ ਨਹੀਂ ਹੈ ।

ਖੋਜੇ ਤੇ ਅਣਖੋਜੇ ਸਾਰੇ,

ਨਿਯਮ ਓਸ ਦਾ ਹਿੱਸਾ ਹੀ ਨੇ ;

ਰੱਬ ਕਹੋ ਜਾਂ ਕੁਦਰਤ ਆਖੋ,

੧ ਦੀ ਕੋਈ ਹੱਦ ਨਹੀਂ ਹੈ ।।

ਗੁਰਮੀਤ ਸਿੰਘ ਬਰਸਾਲ (ਯੂ ਐਸ ਏ)

05/02/2020 at 5:40am

**Iqbal Singh Dhillon** In reply to Gurmit Singh Dhillon

ਸ. ਗੁਰਮੀਤ ਸਿੰਘ ਬਰਸਾਲ ਜੀ;

ਇਕ ਪਾਸੇ ਤਾਂ ਤੁਸੀਂ ਕਹਿੰਦੇ ਹੋ ਕਿ " ੧ ਨੂੰ ਪੂਰਾ ਦੇਖਣ ਵਾਲਾ, / ਬੰਦੇ ਦਾ ਤਾਂ ਕੱਦ ਨਹੀਂ ਹੈ " ਅਤੇ ਦੂਸਰੇ ਪਾਸੇ ਤੁਸੀਂ ਕਹਿੰਦੇ ਹੋ ਕਿ " ੧ ਦੀ ਕੋਈ ਹੱਦ ਨਹੀਂ ਹੈ "। ਤੁਹਾਡੇ ਇਹ ਦੋ ਬਿਆਨ ਆਪਾ-ਵਿਰੋਧੀ (self-contradictory) ਹਨ। ਕਿਰਪਾ ਕਰਕੇ ਆਪਣਾ ਨੁਕਤਾ ਸਾਦੀ ਭਾਸ਼ਾ ਵਿਚ ਸਮਝਾਉਣ ਦੀ ਖੇਚਲ ਕਰੋ ਜੀ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/04/2020 at 7:39pm

**Taranjit Singh Parmar**

ਰੱਬ ਦੀ ਕੋਈ ਹੋਂਦ ਨਹੀਂ,ਇ ਹ ਤਾਂ ਸ਼ਾਤਰ ਦਿਮਾਗ ਲੋਗਾਂ ਨੇ ਸਮਾਜ ਨੂੰ ਲੁਟੱਣ ਖਾਤਰ ਕਾਲਪਨਿਕ ਨਾਮ ਘੜਿਆ ਹੈ

। ਅਜੇ ਤੱਕ ਜਿਤਨੇ ਵੀ ਵਿਚਾਰ ਆ ਏ ਹਨ।ਸਭ ਤੋਂ ਜਿਆ ਦਾ ਸਪਸ਼ਟ ਵਿਚਾਰ ਡਾ.ਢਿੱਲੋਂ ਹੁਣਾਂ ਦੇ ਹਨ, ਮੈਂ ਉਹਨਾਂ ਦੇ ਵਿਚਾਂਰਾਂ ਨਾਲ ਸਹਿਮਤ ਹਾਂ।

ਬਾਕੀ ਤਕਰੀਬਨ ਸਭ ਨੇ ਸਿੱਧਾ ਤੇ ਸਪਸ਼ਟ ਜਵਾਬ ਦੇਣ ਦੀ ਬਜਾਏ ਗੱਲ ਨੂੰ ਇ ਧਰ ਉਧਰ ਘੁਮਾਤਾ।

05/03/2020 at 12:34pm 2 Likes

**Iqbal Singh Dhillon** In reply to Taranjit Singh Parmar

ਤਰਨਜੀਤ ਸਿੰਘ ਪਰਮਾਰ ਜੀ,

ਤੁਹਾਡਾ ਬਹੁਤ-ਬਹੁਤ ਧੰਨਵਾਦ !

ਇਕਬਾਲ ਸਿੰਘ ਢਿੱਲੋਂ

05/06/2020 at 3:24pm

**Dr. Sarbjit Singh**

ਅਕਾਲ ਪੁਰਖ ਦੇ ਨਿਰਗੁਨ ਸਰਗੁਨ ਸਰੂਪ

ਗੁਰਮਤਿ ਵਿਚਾਰਧਾਰਾ ਦਾ ਮੂਲ ਮਿਸ਼ਨ ਜਾਂ ਨਿਸ਼ਾਨਾਂ ਸਪੱਸ਼ਟ ਤੌਰ ਤੇ ਜਪੁ ਜੀ ਸਾਹਿਬ ਦੀ ਬਾਣੀ ਵਿਚ ਸੰਖੇਪ ਨਾਲ ਅੰਕਿਤ ਕੀਤਾ ਗਿਆ ਹੈ। ਬਾਕੀ ਦੀ ਸਾਰੀ ਵਿਸਥਾਰ ਗੁਰੂ ਗਰੰਥ ਸਾਹਿਬ ਵਿਚ ਸਮਝਾ ਦਿਤੀ ਗਈ ਹੈ। ਅਕਾਲ ਪੁਰਖ ਕਿਸ ਤਰ੍ਹਾਂ ਦਾ ਹੈ, ਤੇ ਉਸ ਨੂੰ ਕਿਸ ਤਰ੍ਹਾਂ ਪਾਉਣਾਂ ਹੈ, ਉਹ ਗੁਰੂ ਗਰੰਥ ਸਾਹਿਬ ਦੇ ਆਰੰਭ ਦੇ ਸਿਰਲੇਖ ਵਿਚ ਹੀ ਸਪੱਸ਼ਟ ਕਰ ਦਿਤਾ ਗਿਆ ਹੈ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (੧)

ੴਅਨੁਸਾਰ ਅਕਾਲ ਪੁਰਖ ਇਕ ਹੈ, ਜੋ ਹਰ ਥਾਂ ਇਕ ਰਸ ਵਿਆਪਕ ਹੈ। ਉਹ ਸਭ ਥਾਂ ਇਕੋ ਜਿਹਾ ਹੈ, ਕਿਤੇ ਵੱਧ ਜਾਂ ਘੱਟ ਨਹੀਂ ਹੈ। ਬਾਕੀ ਧਰਮਾਂ ਅਨੁਸਾਰ ਅਨੇਕਾਂ ਅਕਾਲ ਪੁਰਖ ਹੋ ਸਕਦੇ ਹਨ ਜਾਂ ਉਹ ਖਾਸ ਫਿਰਕੇ ਲਈ ਵਿਸ਼ੇਸ਼ ਤੌਰ ਤੇ ਉਨ੍ਹਾਂ ਲਈ ਹੋ ਸਕਦੇ ਹਨ। ਪਰੰਤੂ ਸਿੱਖ ਧਰਮ ਅਨੁਸਾਰ ਅਕਾਲ ਪੁਰਖ ਇਕ ਹੈ, ਤੇ ਉਹ ਸਭ ਦਾ ਸਾਂਝਾ ਹੈ। ਇਕ ਓਅੰਕਾਰੁ (ੴ) ਵਿਚ ਕਾਰੁ ਦੀ ਲਾਈਨ ਗੁਰੂ ਗਰੰਥ ਸਾਹਿਬ (ਅੱਜਕਲ ਦੇ ਸਰੂਪ) ਵਿਚ ਸਤਿ ਅਤੇ ਨਾਮੁ ਦੇ ਵਿਚਕਾਰ ਤੱਕ ਆਉਂਦੀ ਹੈ। ਪੁਰਾਤਨ ਲਿਖਤਾਂ ਵਿਚ ਤਾਂ ਕਾਰੁ ਦੀ ਲਾਈਨ ਹੋਰ ਵੀ ਲੰਮੀ ਲਿਖੀ ਹੋਈ ਮਿਲਦੀ ਹੈ। ਇਸ ਲਈ ਇਸ ਨੂੰ ਕਦੇ ਵੀ ਛੋਟਾ

ਕਰਕੇ ਨਹੀਂ ਲਿਖਣਾਂ ਹੈ। ਪਰੰਤੂ ਬੜੇ ਅਫਸੋਸ ਦੀ ਗਲ ਹੈ ਕਿ ਅੱਜਕਲ ਦੇ ਬਜਾਰਾਂ ਵਿਚ ਮਿਲਣ ਵਾਲੇ ਇਕ ਓਅੰਕਾਰੁ ਦੇ ਮੋਮੈਂਟੋ (Memento) ਵਿਚ ਤਾਂ ਕਾਰ ਦੀ ਲਾਈਨ ਬਹੁਤ ਛੋਟੀ ਹੁੰਦੀ ਹੈ, ਜਾਂ ਅਲੋਪ ਹੀ ਹੋ ਗਈ ਹੈ। ਅਸੀਂ ਅਜੇਹੇ ਮਾਡਲਾਂ ਖਰੀਦ ਕੇ ਸਿੱਖੀ ਦੇ ਵਿਰੁਧ ਪਰਚਾਰ ਲਈ ਆਪ ਹੀ ਗੁਨਾਹਗਾਰ ਬਣ ਰਹੇ ਹਾਂ। ਕਾਰੁ ਦੀ ਲਾਈਨ ਅਕਾਲ ਪੁਰਖੁ ਦੀ ਇਕ ਰਸ ਵਿਆਪਕਤਾ ਦੀ ਪ੍ਰਤੀਕ ਹੈ। ਇਹ ਸਿੱਖੀ ਦੀ ਬਾਕੀ ਧਰਮਾਂ ਨਾਲੋਂ ਵਿਲੱਖਣਤਾ ਦੀ ਪਹਿਲੀ ਨਿਸ਼ਾਨੀ ਹੈ।

ਸਤਿਨਾਮੁ ਅਨੁਸਾਰ ਉਸ ਦਾ ਨਾਮੁ ਸਦਾ ਹੋਂਦ ਵਾਲਾ ਹੈ, ਅਕਾਲ ਪੁਰਖ ਸਦਾ ਕਾਇਮ ਰਹਿਣ ਵਾਲਾ ਹੈ। ਮਨੁੱਖਾ ਜੀਵਨ ਸੀਮਿਤ ਹੈ, ਪਦਾਰਥਾਂ ਦੀ ਹੋਂਦ ਸੀਮਿਤ ਹੈ, ਧਰਤੀ, ਸੂਰਜ ਤੇ ਤਾਰਿਆਂ ਦੀ ਹੋਂਦ ਸੀਮਿਤ ਹੈ। ਇਸ ਲਈ ਕੋਈ ਮਨੁੱਖ, ਜੀਵ, ਜੰਤੂ, ਵਸਤੂ, ਆਦਿ ਅਕਾਲ ਪੁਰਖ ਜਾਂ ਉਸ ਦੇ ਬਰਾਬਰ ਨਹੀਂ ਹੋ ਸਕਦੇ।

ਕਰਤਾ ਪੁਰਖੁ ਅਨੁਸਾਰ ਉਹ ਸ੍ਰਿਸ਼ਟੀ ਦਾ ਰਚਣਹਾਰ ਹੈ ਤੇ ਸਭ ਵਿਚ ਵਿਆਪਕ ਭਾਵ ਰਮਿਆ ਹੋਇਆ ਹੈ। ਸਾਡੇ ਆਸ ਪਾਸ ਦੀ ਦੁਨੀਆਂ ਵਿਚ ਅਸੀਂ ਬਹੁਤ ਕੁਝ ਬਣਿਆ ਹੋਇਆ ਵੇਖਦੇ ਹਾਂ। ਇਹ ਸਭ ਕੁਝ ਕਿਸੇ ਨਾ ਕਿਸੇ ਨੇ ਬਣਾਇਆ ਹੋਵੇਗਾ ਜਾਂ ਕਿਸੇ ਨਾ ਕਿਸੇ ਤਰੀਕੇ ਨਾਲ ਬਣਿਆ ਹੋਵੇਗਾ। ਦੁਨੀਆਂ ਦੇ ਜਿਤਨੇ ਵੀ ਪਦਾਰਥ ਜਾਂ ਜੀਵ ਹਨ, ਉਹ ਸਭ ਕਿਸੇ ਨਿਯਮ, ਅਸੂਲ, ਜਾਂ ਧਰਮ ਅਨੁਸਾਰ ਚਲ ਰਹੇ ਹਨ। ਹਰੇਕ ਕਾਰਜ ਜਾਂ ਕਾਰਜ ਕਰਨ ਵਾਲੇ ਪਿਛੇ ਕੋਈ ਨਿਯਮ ਜਰੂਰ ਹੁੰਦਾ ਹੈ। ਦੁਨੀਆਂ ਦੇ ਹਰੇਕ ਨਿਯਮ, ਅਸੂਲ ਅਤੇ ਧਰਮ ਵਿਚ ਉਸ ਅਕਾਲ ਪੁਰਖ ਦੀ ਹੋਂਦ ਹੈ ਤੇ ਉਸ ਵਿਚ ਵਿਆਪਕ ਹੈ। ਅਕਾਲ ਪੁਰਖ ਦੇ ਹੁਕਮੁ ਅਨੁਸਾਰ ਦੁਨੀਆਂ ਅਤੇ ਜੀਵ ਆਪਣੇ ਆਪ ਚਲਦੇ ਰਹਿੰਦੇ ਹਨ। ਜੀਵ ਪੈਦਾ ਹੁੰਦੇ ਹਨ, ਵੱਡੇ ਹੁੰਦੇ ਹਨ ਤੇ ਇਕ ਦਿਨ ਖਤਮ ਹੋ ਜਾਂਦੇ ਹਨ। ਹਰ ਕਾਰਜ ਪਿਛੇ ਅਕਾਲ ਪੁਰਖ ਦਾ ਹੁਕਮੁ ਚਲ ਰਿਹਾ ਹੈ। ਇਹ ਸਭ ਅਕਾਲ ਪੁਰਖ ਦੇ ਅਧੀਨ ਹਨ, ਪਰੰਤੂ ਅਕਾਲ ਪੁਰਖ ਕਿਸੇ ਦੇ ਅਧੀਨ ਨਹੀਂ ਹੈ।

ਉਹ ਅਕਾਲ ਪੁਰਖ ਨਿਰਭਉ ਹੈ, ਉਹ ਹਰੇਕ ਤਰ੍ਹਾਂ ਦੇ ਭੈ ਤੋਂ ਰਹਿਤ ਹੈ। ਕਿਉਂਕਿ ਜੇ ਕਰ ਕਰ ਉਹ ਆਪ ਭੈ ਵਿਚ ਹੁੰਦਾ ਤਾਂ ਕਿਸੇ ਦੇ ਅਧੀਨ ਕਾਰਜ ਕਰਦਾ। ਅਕਾਲ ਪੁਰਖ ਦੇ ਅਸੂਲ ਸਭ ਲਈ ਇਕੋ ਜਿਹੇ ਹਨ, ਕਿਉਂਕਿ ਉਹ ਨਿਰਵੈਰੁ ਹੈ, ਉਹ ਵੈਰ ਰਹਿਤ ਹੈ, ਉਸ ਦਾ ਕਿਸੇ ਖਾਸ ਫਿਰਕੇ ਜਾਂ ਜੀਵ ਨਾਲ ਕੋਈ ਵੈਰ ਨਹੀਂ ਹੈ, ਕੋਈ ਭੇਦ ਭਾਵ ਨਹੀਂ। ਭਾਵੇਂ

ਰਾਜਾ ਹੋਵੇ ਜਾਂ ਪਰਜਾ, ਸਭ ਲਈ ਇਕੋ ਨਿਯਮ ਅਸੂਲ ਜਾਂ ਧਰਮ ਹੈ, ਜਿਸ ਅਨੁਸਾਰ ਸਾਰੀ ਸ੍ਰਿਸ਼ਟੀ ਚਲਦੀ ਹੈ। ਕਿਉਂਕਿ ਅਕਾਲ ਪੁਰਖ ਕਿਸੇ ਦੇ ਅਧੀਨ ਨਹੀਂ ਹੈ, ਤੇ ਨਾ ਹੀ ਉਸ ਨੂੰ ਕੋਈ ਹੋਰ ਪੈਦਾ ਕਰਨ ਵਾਲਾ ਹੈ, ਇਸ ਲਈ ਉਹ ਆਪ ਹੀ ਆਪਣੇ ਆਪ ਨੂੰ ਪੈਦਾ ਕਰਨ ਵਾਲਾ ਹੈ (ਸੈਭੰ) ਸਵੈ ਪ੍ਰਕਾਸ਼।

ਇਨ੍ਹਾਂ ਵਿਚੋਂ "ਸਤਿ ਨਾਮੁ, ਕਰਤਾ, ਪੁਰਖੁ" ਵਾਲੇ ਗੁਣ ਜੋ ਕਿ ਅਕਾਲ ਪੁਰਖੁ ਦੇ ਹਨ, ਉਹ ਮਨੁੱਖ ਦੇ ਨਹੀਂ ਹੋ ਸਕਦੇ ਹਨ। ਪਰ ਉਸ ਵਰਗਾ ਹੋਣ ਲਈ ਉਪਰਾਲਾ ਕੀਤਾ ਸਕਦਾ ਹੈ। "ਨਿਰਭਉ ਨਿਰਵੈਰੁ" ਵਾਲੇ ਗੁਣ ਜੋ ਕਿ ਅਕਾਲ ਪੁਰਖੁ ਦੇ ਹਨ, ਉਹ ਮਨੁੱਖ ਦੇ ਵੀ ਹੋ ਸਕਦੇ ਹਨ। ਇਸ ਲਈ ਮਨੁੱਖ ਨੂੰ "ਨਿਰਭਉ ਨਿਰਵੈਰੁ" ਹੋਣ ਦਾ ਉਪਰਾਲਾ ਕਰਨਾ ਬਹੁਤ ਜਰੂਰੀ ਹੈ। ਇਸ ਲਈ ਨਾ ਕਿਸੇ ਨੂੰ ਡਰਾਉਣਾਂ ਹੈ ਅਤੇ ਨਾ ਹੀ ਕਿਸੇ ਤੋਂ ਡਰਨਾ ਹੈ। ਇਹ ਸਿਖਿਆ ਗੁਰੂ ਤੇਗ ਬਹਾਦਰ ਸਾਹਿਬ ਨੇ ਸਪੱਸ਼ਟ ਤੌਰ ਤੇ ਗੁਰਬਾਣੀ ਵਿੱਚ ਦਿਤੀ ਹੈ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥ (੧੪੨੭)

"ਅਕਾਲ ਮੂਰਤਿ ਅਜੂਨੀ ਸੈਭੰ" ਵਾਲੇ ਗੁਣ ਜੋ ਕਿ ਅਕਾਲ ਪੁਰਖੁ ਦੇ ਹਨ, ਉਹ ਮਨੁੱਖ ਦੇ ਨਹੀਂ ਹੋ ਸਕਦੇ ਹਨ। ਗੁਰ ਪ੍ਰਸਾਦਿ, ਇਹ ਕਿਰਪਾ ਅਕਾਲ ਪੁਰਖੁ ਦੇ ਹੱਥ ਵਿੱਚ ਹੈ, ਜੋ ਕਿ ਗੁਰੂ ਰਾਹੀ ਹੀ ਪ੍ਰਾਪਤ ਹੋ ਸਕਦੀ ਹੈ।

ਅਕਾਲ ਪੁਰਖ ਨੇ ਭਾਵੇਂ ਕਈ ਰੰਗਾਂ ਤੇ ਕਿਸਮਾਂ ਦੀ ਦੁਨੀਆ ਰਚ ਦਿੱਤੀ ਹੈ, ਪਰ ਉਹ ਆਪ ਨਿਰਗੁਣ ਸਰੂਪ ਵਿਚ ਇਕੋ ਇਕ ਹਸਤੀ ਹੈ, ਤੇ, ਸਰਗੁਣ ਸਰੂਪ ਵਿਚ ਉਹ ਅਨੇਕਾਂ ਰੂਪਾਂ ਵਾਲਾ ਹੈ। ਜੇਹੜੀ ਗੱਲ ਉਸ ਨੂੰ ਚੰਗੀ ਲੱਗਦੀ ਹੈ, ਉਹੀ ਗੱਲ ਜੀਵਾਂ ਦੇ ਭਲੇ ਵਾਸਤੇ ਹੁੰਦੀ ਹੈ। ਹੋ ਸਕਦਾ ਹੈ ਆਮ ਲੋਕਾਂ ਨੂੰ ਅਕਾਲ ਪੁਰਖ ਦੇ ਨਿਰਗੁਣ ਸਰੂਪ ਤੇ ਸਰਗੁਣ ਸਰੂਪ ਬਾਰੇ ਕੁਝ ਕਿੰਤੂ ਹੋਵੇ ਜਾਂ ਸ਼ੰਕਾ ਹੋਵੇ। ਪਰੰਤੂ ਸਾਇੰਸ ਅਨੁਸਾਰ ਰੌਸ਼ਨੀ (Light) ਦੇ ਦੋ ਰੂਪ ਹਨ, ਇਕ ਤਰੰਗ (ਵੇਵ) (Wave) ਤੇ ਦੂਸਰਾ ਪਦਾਰਥ (ਫੋਟੌਨ) (Photon)। ਜੇ ਅਸੀਂ ਰੌਸ਼ਨੀ ਦੇ ਦੋ ਰੂਪ ਮੰਨ ਸਕਦੇ ਹਾਂ, ਤਾਂ ਅਕਾਲ ਪੁਰਖ ਦੇ ਨਿਰਗੁਣ ਸਰੂਪ ਤੇ ਸਰਗੁਣ ਸਰੂਪ ਬਾਰੇ ਸ਼ੰਕਾ ਕਿਉਂ?

ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥

੨੨॥੨॥ (੭੨੬)

ਆਈਨ ਸਟਾਈਨ ਦੀ ਥਿਊਰੀ ਅਨੁਸਾਰ ਊਰਜਾ ਪਦਾਰਥ ਵਿਚ ਬਦਲ ਸਕਦੀ ਹੈ, ਤੇ ਪਦਾਰਥ ਊਰਜਾ ਵਿਚ ਬਦਲ ਸਕਦਾ ਹੈ। E=mC2) ਨਿਊਕਲੀਅਰ ਰਿਐਕਸ਼ਨ ਨਾਲ ਪਦਾਰਥ ਊਰਜਾ ਵਿਚ ਬਦਲ ਸਕਦਾ ਹੈ, ਜਿਸ ਨਾਲ ਬਹੁਤ ਸਾਰੀ ਊਰਜਾ ਪੈਦਾ ਹੁੰਦੀ ਹੈ। ਇਸ ਲਈ ਕਹਿ ਸਕਦੇ ਹਾਂ ਕਿ ਅਕਾਲ ਪੁਰਖ ਵੀ ਊਰਜਾ ਦੀ ਤਰ੍ਹਾਂ ਜਾਂ ਕੋਈ ਹੋਰ ਅਜੇਹੀ ਕਿਸਮ ਦਾ ਹੋ ਸਕਦਾ ਹੈ ਜਿਸ ਬਾਰੇ ਅਜੇ ਕੋਈ ਪਤਾ ਨਹੀਂ ਹੈ। ਉਸ ਦੇ ਨਾ ਦਿਖਾਈ ਦੇਣ ਵਾਲੇ ਰੂਪ ਨੂੰ ਗੁਰੂ ਸਾਹਿਬਾਂ ਨੇ ਨਿਰਗੁਣ ਸਰੂਪ ਕਿਹਾ ਹੈ ਤੇ ਦਿਖਾਈ ਦੇਣ ਵਾਲੇ ਰੂਪ ਨੂੰ ਗੁਰੁ ਸਾਹਿਬਾਂ ਨੇ ਸਰਗੁਣ ਸਰੂਪ ਕਿਹਾ ਹੈ। ਇਹ ਅਕਾਲ ਪੁਰਖ ਦੀ ਰਜ਼ਾ ਹੈ ਕਿ ਉਹ ਜਿਸ ਤਰ੍ਹਾਂ ਚਾਹੇ ਨਿਰਗੁਣ ਸਰੂਪ ਵਿਚ ਜਾਂ ਸਰਗੁਣ ਸਰੂਪ ਬਦਲ ਸਕਦਾ ਹੈ। ਇਸ ਲਈ ਅਕਾਲ ਪੁਰਖ ਦਾ ਸਰੂਪ ਬਿਆਨ ਕਰਨਾ ਬਹੁਤ ਮੁਸ਼ਕਲ ਹੈ ਤੇ ਮਨੁੱਖ ਦੀ ਪਹੁੰਚ ਤੋਂ ਬਾਹਰ ਹੈ।

ਸਰਬ-ਵਿਆਪਕ ਅਕਾਲ ਪੁਰਖ ਨੇ ਜਗਤ ਦੀ ਉਤਪੱਤੀ ਕੀਤੀ ਹੈ, ਦਿਨ ਤੇ ਰਾਤ ਵੀ ਉਸੇ ਨੇ ਹੀ ਬਣਾਏ ਹਨ। ਜੰਗਲ, ਜੰਗਲ ਦਾ ਘਾਹ, ਤਿੰਨੇ ਭਵਨ, ਪਾਣੀ ਤੇ ਹੋਰ ਸਾਰੇ ਤੱਤ, ਚਾਰ ਵੇਦ, ਚਾਰ ਖਾਣੀਆਂ, ਸ੍ਰਿਸ਼ਟੀ ਦੇ ਵਖ ਵਖ ਹਿੱਸੇ, ਟਾਪੂ, ਸਾਰੇ ਲੋਕ, ਆਦਿ ਸਭ ਅਕਾਲ ਪੁਰਖ ਦੇ ਹੁਕਮੁ ਨਾਲ ਹੀ ਬਣੇ ਹਨ। ਇਸ ਲਈ ਸਿਰਜਣਹਾਰ ਅਕਾਲ ਪੁਰਖ ਨਾਲ ਡੂੰਘੀ ਸਾਂਝ ਪਾ। ਪਰ, ਇਹ ਸੂਝ ਉਦੋਂ ਮਿਲਦੀ ਹੈ, ਜਦੋਂ ਗੁਰੂ ਮਿਲ ਪਏ। ਅਸੀਂ ਗੁਰੂ ਨੂੰ ਮਿਲ ਕੇ ਆਤਮਕ ਜੀਵਨ ਦੇ ਹਨੇਰੇ ਵਿਚੋਂ ਬਾਹਰ ਨਿਕਲ ਸਕਦੇ ਹਾਂ। ਅਕਾਲ ਪੁਰਖ ਆਪਣੇ ਹੁਕਮੁ ਅਨੁਸਾਰ ਜੋ ਕੁਝ ਜੀਵ ਪਾਸੋਂ ਕਰਵਾਉਂਦਾ ਹੈ, ਉਸ ਦੇ ਅਨੁਸਾਰ ਉਸ ਦਾ ਨਾਮ ਮੂਰਖ ਜਾਂ ਗਿਆਨੀ ਪੈ ਜਾਂਦਾ ਹੈ। ਇਹ ਮਨੁੱਖਾ ਜਨਮ ਜੀਵਨ ਸਫਲ ਕਰਨ ਲਈ ਮਿਲਿਆ ਹੈ, ਤੇ ਇਹ ਸਾਡੇ ਤੇ ਨਿਰਭਰ ਕਰਦਾ ਹੈ, ਕਿ ਅਸੀਂ ਕੀ ਚੁਣਦੇ ਹਾਂ।

ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥ ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥ ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥੧॥ ਕਰਣੈਹਾਰਾ ਬੂਝਹੁ ਰੇ ॥ ਸਤਿਗੁਰੁ ਮਿਲੈ ਤ ਸੂਝੈ ਰੇ ॥੧॥ ਰਹਾਉ ॥ (੧੦੦੩,੧੦੦੪)

ਅਕਾਲ ਪੁਰਖ ਦੇ ਗੁਣ ਗਾਇਨ ਕਰਨ ਨਾਲ ਹੌਲੀ ਹੌਲੀ ਸਾਡੀ ਸੋਚ ਤੇ ਵਿਚਾਰਧਾਰਾ

ਬਦਲਣ ਲਗਦੀ ਹੈ, ਜਿਹੜੀ ਸਾਡੇ ਅੰਦਰ ਉਸ ਵਰਗੇ ਗੁਣ ਪੈਦਾ ਕਰਨ ਵਿਚ ਸਹਾਈ ਹੁੰਦੀ ਹੈ, ਜਿਸ ਨਾਲ ਮਨ ਵਿਚ ਖ਼ੁਸ਼ੀਆਂ ਪੈਦਾ ਹੁੰਦੀਆਂ ਹਨ ਤੇ ਆਨੰਦ ਦੀ ਅਵਸਥਾ ਬਣਦੀ ਹੈ, ਪਰੰਤੂ ਉਨ੍ਹਾਂ ਸੁਖਾਂ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਬਿਲਕੁਲ ਉਸੇ ਤਰ੍ਹਾਂ ਹੈ, ਜਿਵੇਂ ਕੋਈ ਗੁੰਗਾ ਮਨੁੱਖ ਗੁੜ ਖਾ ਕੇ ਸਿਰਫ਼ ਮੁਸਕਰਾਂਦਾ ਹੈ, ਪਰੰਤੂ ਸੁਆਦ ਨਹੀਂ ਦੱਸ ਸਕਦਾ। ਜਿਸ ਮਨੁੱਖ ਦੇ ਹਿਰਦੇ ਵਿਚ ਅਕਾਲ ਪੁਰਖ ਦਾ ਪਰਕਾਸ਼ ਹੋ ਜਾਂਦਾ ਹੈ, ਉਸ ਦੀ ਆਤਮਕ ਅਵਸਥਾ ਬਿਆਨ ਨਹੀਂ ਕੀਤੀ ਜਾ ਸਕਦੀ। ਅਕਾਲ ਪੁਰਖ ਮਾਇਆ ਦੇ ਤਿੰਨ ਗੁਣਾਂ (ਸਤ ਰਜ ਤਮ) ਦੀ ਪਹੁੰਚ ਤੋਂ ਪਰੇ ਹੈ, ਅਕਾਲ ਪੁਰਖ ਦਾ ਕੋਈ ਖ਼ਾਸ ਸਰੂਪ ਦੱਸਿਆ ਨਹੀਂ ਜਾ ਸਕਦਾ, ਅਕਾਲ ਪੁਰਖ ਨਾਸ ਰਹਿਤ ਹੈ, ਉਹ ਅਤੋਲ ਹੈ, ਉਸ ਨੂੰ ਤੋਲਿਆ ਨਹੀਂ ਜਾ ਸਕਦਾ। ਜਿਸ ਮਨੁੱਖ ਨੇ ਸਦਾ ਜਵਾਨ ਰਹਿਣ ਵਾਲੇ ਅਕਾਲ ਪੁਰਖ ਨੂੰ ਆਪਣੇ ਮਨ ਵਿਚ ਵਸਾ ਲਿਆ, ਉਸ ਦੀ ਆਤਮਕ ਦਸ਼ਾ ਉਹ ਆਪ ਹੀ ਜਾਣਦਾ ਹੈ, ਤੇ ਦੂਸਰਿਆਂ ਨੂੰ ਬਿਆਨ ਨਹੀਂ ਕੀਤੀ ਜਾ ਸਕਦੀ।

ਨਿਰਗੁਣ ਨਿਰੰਕਾਰ ਅਬਿਨਾਸੀ ਅਤੁਲੋ ਤੁਲਿਓ ਨ ਜਾਵਤ ॥ ਕਹੁ ਨਾਨਕ ਅਜਰੁ ਜਿਨਿ ਜਰਿਆ ਤਿਸ ਹੀ ਕਉ ਬਨਿ ਆਵਤ ॥੪॥੯॥ (੧੨੦੫)

ਉਹ ਅਕਾਲ ਪੁਰਖ ਆਪ ਉਸ ਸਰੂਪ ਵਾਲਾ ਹੈ, ਜਿਸ ਵਿਚ ਮਾਇਆ ਦੇ ਤਿੰਨ ਗੁਣ ਨਹੀਂ ਹਨ (ਨਿਰਗੁਣੁ), ਆਪ ਹੀ ਉਸ ਸਰੂਪ ਵਾਲਾ ਹੈ ਜਿਸ ਵਿਚ ਮਾਇਆ ਦੇ ਤਿੰਨ ਗੁਣ ਮੌਜੂਦ ਹਨ (ਸਰਗੁਣੁ)। ਅਕਾਲ ਪੁਰਖ ਆਕਾਰ ਤੋਂ ਰਹਿਤ ਵੀ ਆਪ ਹੀ ਹੈ, ਤੇ ਇਹ ਦਿਸਦਾ ਆਕਾਰ ਰੂਪ ਵੀ ਆਪ ਹੀ ਹੈ। ਜੇਹੜਾ ਮਨੁੱਖ ਉਸ ਅਸਲੇ ਨੂੰ ਪਛਾਣਦਾ ਹੈ, ਉਸ ਅਸਲੇ ਨਾਲ ਸਾਂਝ ਪਾ ਲੈਂਦਾ ਹੈ, ਉਹ ਪੰਡਿਤ ਬਣ ਜਾਂਦਾ ਹੈ। ਉਹ ਮਨੁੱਖ ਆਪ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ, ਆਪਣੀਆਂ ਸਾਰੀਆਂ ਕੁਲਾਂ ਨੂੰ ਵੀ ਪਾਰ ਲੰਘਾ ਲੈਂਦਾ ਹੈ, ਉਹ ਸਦਾ ਅਕਾਲ ਪੁਰਖ ਦੇ ਨਾਮ ਨੂੰ ਆਪਣੇ ਮਨ ਵਿਚ ਵਸਾਈ ਰਖਦਾ ਹੈ। ਜੇਹੜੇ ਮਨੁੱਖ ਅਕਾਲ ਪੁਰਖ ਦੇ ਨਾਮ ਦਾ ਰਸ ਚੱਖ ਕੇ ਆਤਮਕ ਆਨੰਦ ਮਾਣਦੇ ਹਨ, ਉਹ ਪਵਿਤਰ ਆਤਮਾ ਵਾਲੇ ਹੋ ਜਾਂਦੇ ਹਨ, ਤੇ ਉਹ ਪਵਿਤਰ ਅਕਾਲ ਪੁਰਖ ਦਾ ਨਾਮੁ ਸਦਾ ਯਾਦ ਕਰਦੇ ਰਹਿੰਦੇ ਹਨ। ਜੇਹੜਾ ਮਨੁੱਖ ਗੁਰੂ ਦੇ ਸ਼ਬਦ ਨੂੰ ਆਪਣੇ ਮਨ ਵਿਚ ਵਸਾਂਦਾ ਹੈ, ਉਹ ਦੁਨੀਆ ਵਿਚ ਆਪਣੇ ਕਾਰ ਵਿਹਾਰ ਵਾਸਨਾ ਰਹਿਤ ਹੋ ਕੇ ਕਰਦਾ ਹੈ, ਉਸ ਦੇ ਅੰਦਰ ਜਗਤ ਦਾ ਮੂਲ ਅਕਾਲ ਪੁਰਖ ਪਰਗਟ ਹੋ ਜਾਂਦਾ ਹੈ, ਉਹ ਗੁਰੂ ਦੇ ਬਖ਼ਸ਼ੇ ਗਿਆਨ

ਦੀ ਸਹਾਇਤਾ ਨਾਲ ਆਪਣੇ ਅੰਦਰੋਂ ਹਉਮੈ ਦੂਰ ਕਰ ਲੈਂਦਾ ਹੈ। ਉਹ ਮਾਇਆ ਦੇ ਤਿੰਨ ਗੁਣਾਂ ਦਾ ਪ੍ਰਭਾਵ ਮਿਟਾ ਕੇ ਅਕਾਲ ਪੁਰਖ ਚਰਨਾਂ ਵਿਚ ਲੀਨ ਰਹਿੰਦਾ ਹੈ। ਅਕਾਲ ਪੁਰਖ ਆਪ ਸਭ ਜੀਵਾਂ ਨੂੰ ਪੈਦਾ ਕਰਦਾ ਹੈ, ਤੇ ਆਪ ਹੀ ਸਭ ਦੀ ਸੰਭਾਲ ਕਰਦਾ ਹੈ। ਜੇਹੜਾ ਮਨੁੱਖ ਗੁਰੂ ਦਾ ਆਸਰਾ ਲੈਂਦਾ, ਉਹ ਅਕਾਲ ਪੁਰਖ ਦੀ ਦਰਗਾਹ ਵਿਚ ਕਬੂਲ ਹੋ ਜਾਂਦਾ ਹੈ। ਉਸ ਦੇ ਹਿਰਦੇ ਵਿਚ ਅਕਾਲ ਪੁਰਖ ਦਾ ਨਾਮੁ ਵੱਸ ਜਾਂਦਾ ਹੈ, ਤੇ ਗੁਰੂ ਦੀ ਕਿਰਪਾ ਨਾਲ ਉਹ ਅਕਾਲ ਪੁਰਖ ਦਾ ਮਿਲਾਪ ਹਾਸਲ ਕਰ ਲੈਂਦਾ ਹੈ।

ਮਾਝ ਮਹਲਾ ੩ ॥ ਨਿਰਗੁਣੁ ਸਰਗੁਣੁ ਆਪੇ ਸੋਈ ॥ ਤਤੁ ਪਛਾਣੈ ਸੋ ਪੰਡਿਤੁ ਹੋਈ ॥ ਆਪਿ ਤਰੈ ਸਗਲੇ ਕੁਲ ਤਾਰੈ ਹਰਿ ਨਾਮੁ ਮੰਨਿ ਵਸਾਵਣਿਆ ॥੧॥ (੧੨੮)

ਸਰਬ ਵਿਆਪਕ ਅਕਾਲ ਪੁਰਖ ਆਕਾਰ ਰਹਿਤ ਵੀ ਹੈ ਤੇ ਤਿੰਨਾਂ ਗੁਣਾਂ ਵਾਲੀ ਮਾਇਆ ਦੇ ਰੂਪ (ਭਾਵ, ਜਗਤ ਰੂਪ) ਵਿਚ ਵੀ ਆਪ ਹੀ ਹੈ। ਅਕਾਲ ਪੁਰਖ ਮਾਇਆ ਦੇ ਤਿੰਨਾਂ ਗੁਣਾਂ ਤੋਂ ਪਰੇ ਵੀ ਆਪ ਹੀ ਹੈ, ਤੇ ਸੁੰਨ ਅਵਸਥਾ ਵਿਚ ਟਿਕਿਆ ਹੋਇਆ ਵੀ ਆਪ ਹੀ ਹੈ। ਇਹ ਸਾਰਾ ਜਗਤ ਅਕਾਲ ਪੁਰਖ ਨੇ ਆਪ ਹੀ ਰਚਿਆ ਹੈ ਤੇ ਜਗਤ ਦੇ ਜੀਵਾਂ ਵਿਚ ਬੈਠ ਕੇ ਉਹ ਆਪ ਹੀ ਆਪਣੇ ਆਪ ਨੂੰ ਯਾਦ ਕਰ ਰਿਹਾ ਹੈ।

ਸਲੋਕੁ ॥ ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥ ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥ (੨੯੦)

ਅਕਾਲ ਪੁਰਖ ਆਪ ਖੁਦ ਆਕਾਰ ਰਹਿਤ ਹੈ, ਤੇ ਅਕਾਲ ਪੁਰਖ ਆਪ ਹੀ ਇਸ ਜਗਤ ਦੇ ਸਾਰੇ ਆਕਾਰ ਬਣਾਂਦਾ ਹੈ। ਅਕਾਲ ਪੁਰਖ ਆਪ ਹੀ ਨਿਰੰਕਾਰ ਰੂਪ ਵਿਚ ਮਾਇਆ ਦੇ ਤਿੰਨ ਸੁਭਾਵਾਂ ਤੋਂ ਪਰੇ ਰਹਿੰਦਾ ਹੈ, ਤੇ ਜਗਤ ਰਚਨਾ ਰਚ ਕੇ ਮਾਇਆ ਦੇ ਤਿੰਨ ਗੁਣਾਂ ਵਾਲਾ ਹੋ ਜਾਂਦਾ ਹੈ, ਜਿਨ੍ਹਾਂ ਕਰਕੇ ਮੋਹ ਹੰਕਾਰ (ਰਜੋ), ਅਗਿਆਨਤਾ ਕ੍ਰੋਧ, ਤੇ ਸ਼ਾਤੀ (ਤਮੋ), ਦਯਾ ਦਾਨ ਖਿਮਾ ਪ੍ਰਸੰਨਤਾ (ਸਤੋ) ਆਦਿ ਹੁੰਦੇ ਹਨ। ਅਕਾਲ ਪੁਰਖ ਆਪਣੇ ਇਕ ਸਰੂਪ ਤੋਂ ਅਨੇਕਾਂ ਰੂਪ ਬਣਾ ਲੈਂਦਾ ਹੈ, ਪਰ ਇਹ ਅਨੇਕ ਰੂਪ ਉਸ ਤੋਂ ਵੱਖਰੇ ਨਹੀਂ ਹਨ, ਇਹ ਕਿਹਾ ਜਾ ਸਕਦਾ ਹੈ ਕਿ ਅਕਾਲ ਪੁਰਖ ਇਕ ਆਪ ਹੀ ਆਪ ਹੈ। ਗੁਰਮੁਖ ਬਣਨ ਵਾਸਤੇ ਅਕਾਲ ਪੁਰਖ ਨੇ ਜਗਤ ਦੀ ਰਚਨਾ ਕੀਤੀ ਹੈ। ਅਕਾਲ ਪੁਰਖ ਸਾਰੇ ਜੀਵ ਜੰਤੂਆਂ ਨੂੰ ਆਪਣੇ ਇਕੋ ਹੁਕਮੁ ਦੇ ਧਾਗੇ ਵਿਚ ਪਰੋ ਕੇ ਰੱਖਣ ਦੀ ਸਮਰੱਥਾ ਰੱਖਦਾ ਹੈ। ਇਹ ਸਾਰਾ ਜਗਤ ਜੋ ਸਾਨੂੰ ਦਿੱਸਦਾ ਹੈ, ਉਹ ਸਭ ਅਕਾਲ ਪੁਰਖ ਨੇ ਆਪਣੇ ਅਦ੍ਰਿਸ਼ਟ ਰੂਪ ਤੋਂ

ਰਚਿਆ ਹੈ, ਤੇ ਨਾਲ ਹੀ ਮਾਇਆ ਦੇ ਤਿੰਨ ਗੁਣਾਂ ਦਾ ਵੱਖ ਵੱਖ ਖਿਲਾਰਾ ਕਰ ਦਿੱਤਾ ਹੈ। ਅਕਾਲ ਪੁਰਖ ਨੇ ਅਨੇਕਾਂ ਕਿਸਮਾਂ ਦੇ ਜੀਵ ਬਣਾ ਕੇ ਇਸ ਜਗਤ ਦੀ ਉਤਪੱਤੀ ਕੀਤੀ ਹੈ, ਜਨਮ ਮਰਨ ਦਾ ਚਕਰ, ਜੀਵਾਂ ਦੇ ਮਨ ਦਾ ਮੋਹ, ਆਦਿ ਵੀ ਉਸ ਨੇ ਹੀ ਪੈਦਾ ਕੀਤਾ ਹੈ, ਪਰ ਉਹ ਆਪ ਖੁਦ ਜਨਮ ਮਰਨ ਦੇ ਚਕਰ ਤੋਂ ਪਰੇ ਹੈ।

ਸਲੋਕੁ ॥ ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥ ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥੧॥ (੨੫੦)

ਅਕਾਲ ਪੁਰਖ ਭੂਤ ਕਾਲ, ਵਰਤਮਾਨ, ਤੇ ਭਵਿੱਖ ਵਿਚ ਸਦਾ ਥਿਰ ਰਹਿਣ ਵਾਲਾ ਹੈ, ਉਹ ਸਭ ਜੀਵਾਂ ਨੂੰ ਨਾਸ ਕਰਨ ਵਾਲਾ ਹੈ, ਸਭਨਾ ਦੀ ਪਾਲਣਾ ਕਰਨ ਵਾਲਾ ਹੈ, ਤੇ ਸਭ ਵਿਚ ਵਿਆਪਕ ਹੈ। ਇਸ ਲਈ ਨਿਸ਼ਚੇ ਕਰ ਕੇ ਸਮਝ ਲਉ ਕਿ ਸਾਧ ਸੰਗਤਿ, ਭਾਵ ਸਬਦ ਗੁਰੂ ਦੀ ਸੰਗਤ ਕਰਨ ਹੀ ਉਸ ਨਾਲ ਪਿਆਰ ਪਾਇਆ ਜਾ ਸਕਦਾ ਹੈ।

ਹੋਯੋ ਹੈ ਹੋਵੰਤੋ ਹਰਣ ਭਰਣ ਸੰਪੂਰਣਃ ॥ ਸਾਧੂ ਸਤਮ ਜਾਣੋ ਨਾਨਕ ਪ੍ਰੀਤਿ ਕਾਰਣੰ ॥੨੩॥ (੧੩੬੧)

ਇਹ ਜਗਤ, ਮਾਨੋ ਇਕ ਬਹੁਤ ਵੱਡੇ ਰੁੱਖ ਵਰਗਾ ਖਿਲਾਰਾ ਹੈ, ਅਕਾਲ ਪੁਰਖ ਆਪ ਹੀ ਇਸ ਜਗਤ ਰੂਪੀ ਰੁੱਖ ਨੂੰ ਸਹਾਰਾ ਦੇਣ ਵਾਲਾ ਇਕ ਬਹੁਤ ਵੱਡਾ ਤਨਾ ਹੈ, ਸਾਰੇ ਜਗਤ ਦਾ ਪਸਾਰਾ ਉਸ ਰੁੱਖ ਦੀਆਂ ਸ਼ਾਖ਼ਾਂ ਦਾ ਖਿਲਾਰਾ ਹੈ। ਇਹ ਸਾਰਾ ਜਗਤ ਅਕਾਲ ਪੁਰਖ ਦੀ ਆਪਣੀ ਬੀਜੀ ਹੋਈ ਫ਼ਸਲ ਹੈ, ਤੇ ਉਹ ਆਪ ਹੀ ਇਸ ਫ਼ਸਲ ਦਾ ਰਾਖਾ ਹੈ ਤੇ ਆਪ ਹੀ ਇਸ ਨੂੰ ਵੱਢਦਾ ਹੈ। ਅਕਾਲ ਪੁਰਖ ਆਪ ਹੀ ਇਕ ਤਰ੍ਹਾਂ ਦਾ ਸੂਰਜ ਹੈ, ਤੇ ਇਹ ਸਾਰਾ ਜਗਤ, ਮਾਨੋ, ਉਸ ਦੀਆਂ ਕਿਰਨਾਂ ਦਾ ਖਿਲਾਰਾ ਹੈ। ਅਕਾਲ ਪੁਰਖ ਆਪ ਹੀ ਅਦ੍ਰਿਸ਼ਟ ਰੂਪ ਵਿਚ ਹੈ ਤੇ ਆਪ ਹੀ ਇਹ ਦਿੱਸਦਾ ਹੋਇਆ ਜਗਤ ਦਾ ਪਸਾਰਾ ਹੈ। ਆਪਣੇ ਨਿਰਗੁਣ ਤੇ ਸਰਗੁਣ ਰੂਪ ਭਾਵ ਅਦ੍ਰਿਸ਼ਟ ਤੇ ਦ੍ਰਿਸ਼ਟਮਾਨ ਰੂਪ, ਉਹ ਅਕਾਲ ਪੁਰਖ ਆਪ ਹੀ ਥਾਪਦਾ ਹੈ। ਕਹਿਣ ਨੂੰ ਅਸੀਂ ਕਹਿ ਸਕਦੇ ਹਾਂ ਕਿ ਇਨ੍ਹਾਂ ਦੋਹਾਂ ਰੂਪਾਂ ਵਿਚ ਫ਼ਰਕ ਹੈ, ਪਰੰਤੂ ਅਸਲ ਵਿਚ ਕੋਈ ਫ਼ਰਕ ਨਹੀਂ, ਇਨ੍ਹਾਂ ਦੋਹਾਂ ਰੂਪਾਂ ਨੇ ਮਿਲ ਕੇ ਇਕ ਅਕਾਲ ਪੁਰਖ ਵਿਚ ਟਿਕਾਣਾ ਬਣਾਇਆ ਹੋਇਆ ਹੈ, ਤੇ ਇਨ੍ਹਾਂ ਦੋਹਾਂ ਦਾ ਟਿਕਾਣਾ ਅਕਾਲ ਪੁਰਖ ਆਪ ਹੀ ਹੈ। ਜਿਹੜਾ ਮਨੁੱਖ ਗੁਰੂ ਦੀ ਸਹਾਇਤਾ ਨਾਲ ਆਪਣੇ ਅੰਦਰੋਂ ਮਾਇਆ ਲਈ ਭਟਕਣਾ ਤੇ ਡਰ ਦੂਰ ਕਰ ਲੈਂਦਾ ਹੈ, ਉਹ ਅਕਾਲ ਪੁਰਖ ਨੂੰ ਹਰ ਥਾਂ ਆਪਣੀਆਂ ਅੱਖਾਂ ਨਾਲ ਵੇਖ

ਲੈਂਦਾ ਹੈ ਤੇ ਸਦਾ ਆਨੰਦ ਦੀ ਅਵਸਥਾ ਵਿਚ ਰਹਿੰਦਾ ਹੈ।

ਸਰਗੁਣ ਨਿਰਗੁਣ ਥਾਪੈ ਨਾਉ ॥ ਦੁਹ ਮਿਲਿ ਏਕੈ ਕੀਨੋ ਠਾਉ ॥੩॥ (੩੮੭)

ਦੁਨੀਆ ਦੀਆਂ ਪ੍ਰੀਤਾਂ ਵਿਚੋਂ ਸਭ ਤੋਂ ਵੱਡੀ ਪ੍ਰੀਤ ਮਨ ਨੂੰ ਮੋਹਣ ਵਾਲੇ ਅਕਾਲ ਪੁਰਖ ਦੀ ਹੈ। ਇਸ ਲਈ ਸਿਰਫ਼ ਉਸ ਅਕਾਲ ਪੁਰਖ ਦਾ ਨਾਮੁ ਜਪਿਆ ਕਰੋ, ਕਿਉਂਕਿ ਹੋਰ ਕੋਈ ਕਾਰਜ ਉਸ ਦੀ ਦਰਗਾਹ ਵਿਚ ਪਰਵਾਨ ਨਹੀਂ ਹੁੰਦਾ। ਸਬਦ ਗੁਰੂ ਦੀ ਚਰਨਾ ਵਿਚ ਜੁੜੇ ਰਹਿਣਾ ਚਾਹੀਦਾ ਹੈ, ਤਾਂ ਜੋ ਅਸੀਂ ਆਪਣੇ ਮਨ ਵਿਚੋਂ ਦਵੈਤ ਭਾਵਨਾ ਬਾਹਰ ਕੱਢ ਸਕੀਏ। ਨਿਰਲੇਪ ਅਕਾਲ ਪੁਰਖ ਨੇ ਇਹ ਸਾਰਾ ਸੰਸਾਰ ਬਣਾਇਆ ਹੈ, ਤੇ ਇਸ ਵਿਚ ਵੱਖ ਵੱਖ ਕਿਸਮ ਦੇ ਅਨੇਕਾਂ ਸਰੀਰ ਬਣਾ ਦਿੱਤੇ ਹਨ। ਹਰੇਕ ਸਰੀਰ ਕੋਠੜੀ ਵਿਚ ਮਨ ਨੂੰ ਕੋਤਵਾਲ ਬਣਾ ਦਿੱਤਾ ਹੈ, ਜਿਸ ਅਨੁਸਾਰ ਸਰੀਰ ਚਲਦਾ ਹੈ। ਪਿਆਰਾ ਅਕਾਲ ਪੁਰਖ ਹਰੇਕ ਸਰੀਰ ਰੂਪੀ ਕੋਠੜੀ ਵਿਚ ਆਪਣੇ ਮੰਦਰ ਵਿਚ ਰਹਿੰਦਾ ਹੈ, ਅਤੇ ਉੱਥੇ ਆਨੰਦ ਮਾਣਦਾ ਹੈ। ਉਸ ਅਕਾਲ ਪੁਰਖ ਨੂੰ ਨਾ ਮੌਤ ਆਉਂਦੀ ਹੈ, ਤੇ ਨਾ ਹੀ ਬੁਢਾਪਾ ਉਸ ਦੇ ਨੇੜੇ ਢੁੱਕਦਾ ਹੈ। ਜੀਵ ਅਕਾਲ ਪੁਰਖ ਦੀ ਰਚੀ ਹੋਈ ਰਚਨਾ ਵਿਚ ਹੀ ਜੁੜਿਆ ਰਹਿੰਦਾ ਹੈ, ਕਈ ਤਰੀਕਿਆਂ ਨਾਲ ਭਟਕਦਾ ਫਿਰਦਾ ਰਹਿੰਦਾ ਹੈ, ਪਰਾਏ ਧਨ ਨੂੰ, ਪਰਾਏ ਰੂਪ ਨੂੰ ਤੱਕਦਾ ਫਿਰਦਾ ਹੈ, ਤੇ ਵਿਸ਼ੇ ਵਿਕਾਰਾਂ ਵਿਚ ਘਿਰਿਆ ਰਹਿੰਦਾ ਹੈ। ਜਦੋਂ ਜੀਵ ਸਬਦ ਗੁਰੂ ਦੀ ਸੰਗਤ ਵਿਚ ਆਉਂਦਾ ਹੈ, ਤਾਂ ਅਕਾਲ ਪੁਰਖ ਦੇ ਦਰਸਨ ਕਰਦਾ ਹੈ, ਤੇ ਫਿਰ ਗੁਰੂ ਨੂੰ ਮਿਲਣ ਸਦਕਾ ਉਸ ਨੂੰ ਜਨਮ ਮਰਣ ਦੇ ਗੇੜ ਵਿਚ ਨਹੀਂ ਭਟਕਣਾ ਪੈਂਦਾ ਹੈ।

ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ ॥ ਵਿਚਿ ਮਨ ਕੋਟਵਰੀਆ ॥ ਨਿਜ ਮੰਦਰਿ ਪਿਰੀਆ ॥ ਤਹਾ ਆਨਦ ਕਰੀਆ ॥ ਨਹ ਮਰੀਆ ਨਹ ਜਰੀਆ ॥੧॥ (੭੪੬)

ਅਕਾਲ ਪੁਰਖ ਹੀ ਹਰੇਕ ਚੀਜ਼ ਪੈਦਾ ਕਰਨ ਵਾਲਾ ਹੈ, ਤੇ ਸਭ ਵਿਚ ਵਿਆਪਕ ਹੋ ਕੇ ਉਹ ਹਰੇਕ ਚੀਜ਼ ਨੂੰ ਭੋਗਣ ਵਾਲਾ ਵੀ ਹੈ। ਅਕਾਲ ਪੁਰਖ ਹਰੇਕ ਸਰੀਰ ਵਿਚ ਵਿਆਪਕ ਹੋ ਕੇ ਖੁਦ ਆਪ ਹੀ ਸੁਣਨ ਵਾਲਾ ਹੈ, ਤੇ ਆਪ ਹੀ ਵੇਖਣ ਵਾਲਾ ਹੈ। ਜੋ ਕੁਝ ਸਾ-ਨੂੰ ਦਿੱਸ ਰਿਹਾ ਹੈ, ਉਹ ਸਭ ਅਕਾਲ ਪੁਰਖ ਦਾ ਹੀ ਰੂਪ ਹੈ, ਤੇ ਜੋ ਜਗਤ ਸਾ-ਨੂੰ ਨਹੀਂ ਦਿੱਸ ਰਿਹਾ ਹੈ, ਉਹ ਵੀ ਅਕਾਲ ਪੁਰਖ ਦਾ ਹੀ ਰੂਪ ਹੈ। ਸਾਰੇ ਜਗਤ -ਨੂੰ ਪੈਦਾ ਕਰਨ ਵਾਲਾ ਵੀ ਅਕਾਲ ਪੁਰਖ ਆਪ ਹੀ ਹੈ, ਤੇ ਸਭ ਨੂੰ ਨਾਸ ਕਰਨ ਵਾਲਾ ਵੀ ਅਕਾਲ ਪੁਰਖ ਆਪ ਹੀ ਹੈ।

ਅਕਾਲ ਪੁਰਖ ਸਭਨਾਂ ਵਿਚ ਆਪ ਹੀ ਵਿਆਪਕ ਹੈ, ਤੇ ਵਿਆਪਕ ਹੁੰਦਿਆਂ ਹੋਇਆ ਨਿਰਲੇਪ ਵੀ ਅਕਾਲ ਪੁਰਖ ਆਪ ਹੀ ਹੈ। ਅਕਾਲ ਪੁਰਖ ਆਪ ਹਰੇਕ ਵਿਚ ਬੋਲਣ ਵਾਲਾ ਹੈ, ਤੇ ਆਪ ਹੀ ਸਮਝਣ ਵਾਲਾ ਹੈ। ਅਕਾਲ ਪੁਰਖ ਆਪ ਹੀ ਜਗਤ ਵਿਚ ਆਉਂਦਾ ਹੈ, ਤੇ ਇਥੋਂ ਜਾਣ ਵਾਲਾ ਵੀ ਉਹ ਅਕਾਲ ਪੁਰਖ ਆਪ ਹੀ ਹੈ। ਅਕਾਲ ਪੁਰਖ ਮਾਇਆ ਦੇ ਤਿੰਨ ਗੁਣਾਂ ਤੋਂ ਪਰੇ ਵੀ ਹੈ, ਤੇ ਤਿੰਨ ਗੁਣਾਂ ਸਮੇਤ ਵੀ ਹੈ, ਪਰੰਤੂ ਅਕਾਲ ਪੁਰਖ ਨੂੰ ਸਭਨਾਂ ਵਿਚ ਵੇਖਣ ਦੀ ਸੂਝ ਸਬਦ ਗੁਰੂ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੀ ਹੈ।
ਰਾਗੁ ਗੋਂਡ ਮਹਲਾ ੫ ਚਉਪਦੇ ਘਰੁ ੧ ॥ ੧ੴ ਸਤਿਗੁਰ ਪ੍ਰਸਾਦਿ ॥ ਸਭੁ ਕਰਤਾ ਸਭੁ ਭੁਗਤਾ ॥੧॥ ਰਹਾਉ ॥ ਸੁਨਤੋ ਕਰਤਾ ਪੇਖਤ ਕਰਤਾ ॥ ਅਦ੍ਰਿਸਟੋ ਕਰਤਾ ਦ੍ਰਿਸਟੋ ਕਰਤਾ ॥ ਓਪਤਿ ਕਰਤਾ ਪਰਲਉ ਕਰਤਾ ॥ ਬਿਆਪਤ ਕਰਤਾ ਅਲਿਪਤੋ ਕਰਤਾ ॥੧॥ ਬਕਤੋ ਕਰਤਾ ਬੂਝਤ ਕਰਤਾ ॥ ਆਵਤੁ ਕਰਤਾ ਜਾਤੁ ਭੀ ਕਰਤਾ ॥ ਨਿਰਗੁਨ ਕਰਤਾ ਸਰਗੁਨ ਕਰਤਾ ॥ ਗੁਰ ਪ੍ਰਸਾਦਿ ਨਾਨਕ ਸਮਦ੍ਰਿਸਟਾ ॥੨॥੧॥ (੮੬੨)

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਅਕਾਲ ਪੁਰਖ ਦਾ ਨਿਰਗੁਨ ਰੂਪ ਸਾ–ਨੂੰ ਵਿਖਾਈ ਨਹੀਂ ਦਿੰਦਾ ਹੈ, ਤੇ ਸਰਗੁਨ ਰੂਪ ਨੂੰ ਅਸੀਂ ਵੇਖ ਸਕਦੇ ਹਾਂ। ਅਕਾਲ ਪੁਰਖ ਹਰੇਕ ਚੀਜ਼ ਪੈਦਾ ਕਰਨ ਵਾਲਾ ਹੈ, ਸਭ ਵਿਚ ਵਿਆਪਕ ਹੈ, ਤੇ ਵਿਆਪਕ ਹੁੰਦਿਆਂ ਹੋਇਆ ਨਿਰਲੇਪ ਵੀ ਆਪ ਹੀ ਹੈ।

- ਅਕਾਲ ਪੁਰਖ ਕਿਸ ਤਰ੍ਹਾਂ ਦਾ ਹੈ, ਤੇ ਉਸ ਨੂੰ ਕਿਸ ਤਰ੍ਹਾਂ ਪਾਉਣਾਂ ਹੈ, ਉਹ ਗੁਰੂ ਗਰੰਥ ਸਾਹਿਬ ਦੇ ਆਰੰਭ ਵਿਚ ਸਪੱਸ਼ਟ ਤੌਰ ਤੇ ਜਪੁ ਜੀ ਸਾਹਿਬ ਦੀ ਬਾਣੀ ਵਿਚ ਸਮਝਾ ਦਿਤਾ ਗਿਆ ਹੈ।
- ਕਾਰੁ ਦੀ ਲਾਈਨ ਅਕਾਲ ਪੁਰਖੁ ਦੀ ਇਕ ਰਸ ਵਿਆਪਕਤਾ ਦੀ ਪ੍ਰਤੀਕ ਹੈ। ਇਹ ਸਿੱਖੀ ਦੀ ਬਾਕੀ ਧਰਮਾਂ ਨਾਲੋਂ ਵਿਲੱਖਣਤਾ ਦੀ ਪਹਿਲੀ ਨਿਸ਼ਾਨੀ ਹੈ।
- ਅਕਾਲ ਪੁਰਖ ਕਿਸੇ ਦੇ ਅਧੀਨ ਨਹੀਂ ਹੈ, ਤੇ ਨਾ ਹੀ ਉਸ ਨੂੰ ਕੋਈ ਹੋਰ ਪੈਦਾ ਕਰਨ ਵਾਲਾ ਹੈ, ਇਸ ਲਈ ਉਹ ਆਪ ਹੀ ਆਪਣੇ ਆਪ ਨੂੰ ਪੈਦਾ ਕਰਨ ਵਾਲਾ ਹੈ।
- ਅਕਾਲ ਪੁਰਖ ਨੇ ਭਾਵੇਂ ਕਈ ਰੰਗਾਂ ਤੇ ਕਿਸਮਾਂ ਦੀ ਦੁਨੀਆ ਰਚ ਦਿੱਤੀ ਹੈ, ਪਰ ਉਹ ਆਪ ਨਿਰਗੁਣ ਸਰੂਪ ਵਿਚ ਇਕੋ ਇਕ ਹਸਤੀ ਹੈ, ਤੇ, ਆਪ ਹੀ ਸਰਗੁਣ ਸਰੂਪ ਵਿਚ

ਉਹ ਅਨੇਕਾਂ ਰੂਪਾਂ ਵਾਲਾ ਹੈ।

- ਇਹ ਅਕਾਲ ਪੁਰਖ ਦੀ ਰਜ਼ਾ ਹੈ ਕਿ ਉਹ ਜਿਸ ਤਰ੍ਹਾਂ ਚਾਹੇ ਨਿਰਗੁਣ ਸਰੂਪ ਵਿਚ ਜਾਂ ਸਰਗੁਣ ਸਰੂਪ ਬਦਲ ਸਕਦਾ ਹੈ। ਇਸ ਲਈ ਅਕਾਲ ਪੁਰਖ ਦਾ ਸਰੂਪ ਬਿਆਨ ਕਰਨਾ ਬਹੁਤ ਮੁਸ਼ਕਲ ਹੈ ਤੇ ਮਨੁੱਖ ਦੀ ਪਹੁੰਚ ਤੋਂ ਬਾਹਰ ਹੈ।
- ਅਕਾਲ ਪੁਰਖ ਮਾਇਆ ਦੇ ਤਿੰਨ ਗੁਣਾਂ ਦੀ ਪਹੁੰਚ ਤੋਂ ਪਰੇ ਹੈ, ਅਕਾਲ ਪੁਰਖ ਦਾ ਕੋਈ ਖ਼ਾਸ ਸਰੂਪ ਦੱਸਿਆ ਨਹੀਂ ਜਾ ਸਕਦਾ, ਅਕਾਲ ਪੁਰਖ ਨਾਸ ਰਹਿਤ ਹੈ, ਉਹ ਅਤੋਲ ਹੈ, ਉਸ ਨੂੰ ਤੋਲਿਆ ਨਹੀਂ ਜਾ ਸਕਦਾ।
- ਜੇਹੜੇ ਮਨੁੱਖ ਅਕਾਲ ਪੁਰਖ ਦੇ ਨਾਮੁ ਦਾ ਰਸ ਚੱਖ ਕੇ ਆਤਮਕ ਆਨੰਦ ਮਾਣਦੇ ਹਨ, ਉਹ ਪਵਿਤਰ ਆਤਮਾ ਵਾਲੇ ਹੋ ਜਾਂਦੇ ਹਨ, ਤੇ ਉਹ ਪਵਿਤਰ ਅਕਾਲ ਪੁਰਖ ਦਾ ਨਾਮੁ ਸਦਾ ਯਾਦ ਕਰਦੇ ਰਹਿੰਦੇ ਹਨ।
- ਅਕਾਲ ਪੁਰਖ ਮਾਇਆ ਦੇ ਤਿੰਨਾਂ ਗੁਣਾਂ ਤੋਂ ਪਰੇ ਵੀ ਆਪ ਹੀ ਹੈ, ਤੇ ਸੁੰਨ ਅਵਸਥਾ ਵਿਚ ਟਿਕਿਆ ਹੋਇਆ ਵੀ ਆਪ ਹੀ ਹੈ।
- ਅਕਾਲ ਪੁਰਖ ਆਪਣੇ ਇਕ ਸਰੂਪ ਤੋਂ ਅਨੇਕਾਂ ਰੂਪ ਬਣਾ ਲੈਂਦਾ ਹੈ, ਪਰ ਇਹ ਅਨੇਕ ਰੂਪ ਉਸ ਤੋਂ ਵੱਖਰੇ ਨਹੀਂ ਹਨ।
- ਜਿਹੜਾ ਮਨੁੱਖ ਗੁਰੂ ਦੀ ਸਹਾਇਤਾ ਨਾਲ ਆਪਣੇ ਅੰਦਰੋਂ ਮਾਇਆ ਲਈ ਭਟਕਣਾ ਤੇ ਡਰ ਦੂਰ ਕਰ ਲੈਂਦਾ ਹੈ, ਉਹ ਅਕਾਲ ਪੁਰਖ ਨੂੰ ਹਰ ਥਾਂ ਆਪਣੀਆਂ ਅੱਖਾਂ ਨਾਲ ਵੇਖ ਲੈਂਦਾ ਹੈ ਤੇ ਸਦਾ ਆਨੰਦ ਦੀ ਅਵਸਥਾ ਵਿਚ ਰਹਿੰਦਾ ਹੈ।
- ਜਦੋਂ ਜੀਵ ਸਬਦ ਗੁਰੂ ਦੀ ਸੰਗਤਿ ਵਿਚ ਆਉਂਦਾ ਹੈ, ਤਾਂ ਗੁਰੂ ਨੂੰ ਮਿਲਣ ਸਦਕਾ ਉਸ ਨੂੰ ਜਨਮ ਮਰਣ ਦੇ ਗੇੜ ਵਿਚ ਭਟਕਣਾ ਨਹੀਂ ਪੈਂਦਾ ਹੈ।
- ਅਕਾਲ ਪੁਰਖ ਮਾਇਆ ਦੇ ਤਿੰਨ ਗੁਣਾਂ ਤੋਂ ਪਰੇ ਵੀ ਹੈ, ਤੇ ਤਿੰਨ ਗੁਣਾਂ ਸਮੇਤ ਵੀ ਹੈ, ਪਰੰਤੂ ਅਕਾਲ ਪੁਰਖ ਨੂੰ ਸਭਨਾਂ ਵਿਚ ਵੇਖਣ ਦੀ ਸੂਝ ਸਬਦ ਗੁਰੂ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੀ ਹੈ।

ਇਸ ਲਈ ਆਓ ਸਾਰੇ ਜਾਣੇ ਗੁਰਬਾਣੀ ਦੁਆਰਾ ਸੂਝ ਪ੍ਰਾਪਤ ਕਰਕੇ ਅਕਾਲ ਪੁਰਖ ਦੇ ਨਿਰਗੁਨ ਤੇ ਸਰਗੁਨ ਰੂਪ ਨੂੰ ਸਮਝੀਏ ਤੇ ਅਕਾਲ ਪੁਰਖ ਨੂੰ ਸਭਨਾਂ ਵਿਚ ਵਿਆਪਕ ਵੇਖੀਏ ਤਾਂ ਜੋ ਪੂਰੀ ਦੁਨੀਆਂ ਵਿਚ ਸ਼ਾਂਤੀ ਤੇ ਆਪਸੀ ਪ੍ਰੇਮ ਪੈਦਾ ਹੋ ਸਕੇ।

"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"

ਡਾ: ਸਰਬਜੀਤ ਸਿੰਘ, ਵਾਸ਼ੀ, ਨਵੀਂ ਮੁੰਬਈ - ੪੦੦੭੦੩.

Email = sarbjitsingh@yahoo.com

05/03/2020 at 8:02pm 2 Likes

**Dr. Sarbjit Singh**

ਅਕਾਲ ਪੁਰਖੁ ਆਪ ਹੀ ਆਪਣੇ ਆਪ ਨੂੰ ਪੈਦਾ ਕਰਨ ਵਾਲਾ ਹੈ

Akal Purkh is His own creater

ਸਾਇੰਸ ਇਹ ਨਹੀਂ ਦੱਸ ਸਕਦੀ ਕਿ ਅੰਡਾ ਕਿਦਾਂ ਬਣਿਆ ਤੇ ਮੁਰਗੀ ਕਿੰਦਾਂ। ਕੌਣ ਸਾਹ ਲੈਂਣ ਦੀ ਸ਼ਕਤੀ ਦਿੰਦਾਂ ਹੈ, ਜੀਵ ਕਿਸ ਤਰ੍ਹਾਂ ਪੈਦਾ ਹੁੰਦਾ ਹੈ, ਕਿਸ ਤਰ੍ਹਾਂ ਤੇ ਕਿਉਂ ਖਾਂਦਾ ਹੈ ਤੇ ਵੱਡਾ ਹੁੰਦਾ ਹੈ। ਗੁਰਮਤਿ ਅਨੁਸਾਰ ਸੱਭ ਕੁਝ ਅਕਾਲ ਪੁਰਖੁ ਤੋਂ ਆਰੰਭ ਹੁੰਦਾ ਹੈ, ਤੇ ਉਸ ਦੇ ਬਣਾਏ ਹੋਏ ਹੁਕਮੁ ਅਨੁਸਾਰ ਹੁੰਦਾ ਹੈ।

ਅਕਾਲ ਪੁਰਖੁ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ, ਤੇ ਆਪ ਹੀ ਆਪਣਾ ਨਾਮਣਾ ਬਣਾਇਆ। ਫਿਰ, ਉਸ ਨੇ ਕੁਦਰਤ ਰਚੀ ਤੇ ਉਸ ਵਿਚ ਆਸਣ ਜਮਾ ਕੇ, ਭਾਵ, ਕੁਦਰਤ ਵਿਚ ਵਿਆਪਕ ਹੋ ਕੇ, ਇਸ ਜਗਤ ਦਾ ਆਪ ਤਮਾਸ਼ਾ ਵੇਖਣ ਲੱਗ ਪਿਆ। ਅਕਾਲ ਪੁਰਖ ਆਪ ਹੀ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ ਤੇ ਆਪ ਹੀ ਇਨ੍ਹਾਂ ਨੂੰ ਸਾਜਣ ਵਾਲਾ ਹੈ। ਆਪ ਹੀ ਤ੍ਰੁਠ ਕੇ ਜੀਵਾਂ ਨੂੰ ਦਿੰਦਾ ਹੈ ਤੇ ਬਖ਼ਸ਼ਸ਼ ਕਰਦਾ ਹੈ। ਉਹ ਸਭਨਾਂ ਜੀਆਂ ਦਾ ਜਾਣਨਹਾਰ ਹੈ। ਜਿੰਦ ਅਤੇ ਸਰੀਰ ਦੇ ਕੇ ਆਪ ਹੀ ਲੈ ਲੈਂਦਾ ਹੈ, ਭਾਵ, ਆਪ ਹੀ ਜਿੰਦ ਤੇ ਸਰੀਰ ਦਿੰਦਾ ਹੈਂ, ਆਪ ਹੀ ਮੁੜ ਵਾਪਸ ਲੈ ਲੈਂਦਾ ਹੈ। ਅਕਾਲ ਪੁਰਖ ਆਪਣੀ ਬਣਾਈ ਹੋਈ ਕੁਦਰਤ ਵਿਚ ਆਪਣਾ ਆਸਣ ਜਮਾ ਕੇ ਇਹ ਸਾਰਾ ਜਗਤ ਤਮਾਸ਼ਾ ਵੇਖ ਰਿਹਾ ਹੈ।

ਪਉੜੀ ॥ ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥ ਕਰਿ ਆਸਣੁ ਡਿਠੋ ਚਾਉ ॥੧॥ (੪੬੩)

ਅਕਾਲ ਪੁਰਖੁ ਆਪ ਹੀ ਆਪਣੇ ਆਪ ਨੂੰ ਜਗਤ ਦੇ ਰੂਪ ਵਿਚ ਪੈਦਾ ਕਰ ਕੇ, ਮਾਇਆ ਦੇ

ਮੋਹ ਤੋਂ ਨਿਰਲੇਪ ਵੀ ਰਹਿੰਦਾ ਹੈ। ਹਵਾ, ਪਾਣੀ, ਅੱਗ, ਆਦਿ ਤੱਤਾਂ ਦਾ ਮੇਲ ਕਰ ਕੇ, ਅਕਾਲ ਪੁਰਖੁ ਇਹ ਸਰੀਰ ਰੂਪੀ ਕਿਲ੍ਹਾ ਰਚਦਾ ਹੈ ਤੇ ਉਹ ਸਦਾ ਥਿਰ ਰਹਿਣ ਵਾਲਾ ਦਇਆਲ ਅਕਾਲ ਪੁਰਖੁ, ਇਸ ਸਰੀਰ ਨੂੰ ਆਪਣੇ ਰਹਿਣ ਲਈ ਥਾਂ ਬਣਾਂਦਾ ਹੈ। ਬਣਾਣ ਦੀ ਤਾਕਤ ਰੱਖਣ ਵਾਲੇ ਅਕਾਲ ਪੁਰਖੁ ਨੇ ਇਸ ਸਰੀਰ ਦੇ ਨੌ ਘਰ (ਇੰਦ੍ਰੇ) ਬਣਾਏ ਹਨ। ਦਸਵੇਂ ਦੁਆਰ ਵਿਚ ਉਸ ਅਦ੍ਰਿਸ਼ਟ ਤੇ ਬੇਅੰਤ ਅਕਾਲ ਪੁਰਖੁ ਆਪ ਰਹਿੰਦਾ ਹੈ। ਜੀਵ ਮਾਇਆ ਦੇ ਮੋਹ ਵਿਚ ਫਸ ਕੇ ਆਪਣੇ ਆਪ ਨੂੰ ਮਲੀਨ ਕਰ ਲੈਂਦੇ ਹਨ, ਪਰ ਜਿਹੜਾ ਮਨੁੱਖ ਗੁਰੂ ਦੇ ਸਨਮੁਖ ਹੁੰਦਾ ਹੈ, ਉਸ ਦੇ ਪੰਜੇ ਗਿਆਨ ਇੰਦ੍ਰੇ, ਉਸ ਦਾ ਮਨ ਤੇ ਬੁੱਧੀ, ਇਹ ਸੱਤੇ (੫+੨=੭) ਹੀ ਸਰੋਵਰ ਅਕਾਲ ਪੁਰਖੁ ਦੇ ਨਾਮੁ ਦੇ ਪਵਿਤ੍ਰ ਜਲ ਨਾਲ ਭਰੇ ਰਹਿੰਦੇ ਹਨ, ਇਸ ਲਈ ਗੁਰਮੁਖ ਨੂੰ ਮਾਇਆ ਦੀ ਮੈਲ ਨਹੀਂ ਲੱਗਦੀ। ਅਕਾਲ ਪੁਰਖੁ ਆਪ ਹੀ ਸੂਰਜ ਤੇ ਚੰਦ੍ਰਮਾ ਜਗਤ ਦੇ ਦੀਵੇ ਬਣਾ ਕੇ, ਆਪਣੀ ਵਡਿਆਈ ਵੇਖਦਾ ਹੈ, ਇਨ੍ਹਾਂ ਸੂਰਜ, ਚੰਦ੍ਰਮਾ ਆਦਿ ਦੀਵਿਆਂ ਵਿਚ, ਸਾਰੀ ਸ੍ਰਿਸ਼ਟੀ ਵਿਚ, ਉਸ ਦੀ ਆਪਣੀ ਜੋਤਿ ਚਾਨਣ ਕਰ ਰਹੀ ਹੈ। ਉਹ ਅਕਾਲ ਪੁਰਖੁ ਸਦਾ ਚਾਨਣ ਹੀ ਚਾਨਣ ਹੈ, ਉਹ ਸਦਾ ਜੀਵਾਂ ਨੂੰ ਸੁਖ ਦੇਣ ਵਾਲਾ ਹੈ। ਜਿਹੜਾ ਜੀਵ ਉਸ ਦਾ ਰੂਪ ਹੋ ਜਾਂਦਾ ਹੈ, ਉਸ ਨੂੰ ਅਕਾਲ ਪੁਰਖੁ ਆਪ ਹੀ ਸੋਭਾ ਦਿੰਦਾ ਹੈ। ਅਕਾਲ ਪੁਰਖੁ ਆਪਣੇ ਹੁਕਮੁ ਵਿਚ ਹੀ ਜਗਤ ਦੇ ਸਾਰੇ ਕੌਤਕ ਵਰਤਾ ਰਿਹਾ ਹੈ। ਅਕਾਲ ਪੁਰਖੁ ਆਪਣੇ ਹੁਕਮੁ ਅਨੁਸਾਰ ਹੀ ਜੀਵਾਂ ਨੂੰ ਸਾਹ ਦਿੰਦਾ ਹੈ ਤੇ ਸਦਾ ਰਿਜ਼ਕ ਦਿੰਦਾ ਹੈ, ਤੇ ਸੰਭਾਲ ਕਰਦਾ ਹੈ।

ਮਾਰੂ ਮਹਲਾ ੧ ॥ ਆਪੇ ਆਪੁ ਉਪਾਇ ਨਿਰਾਲਾ ॥ ਸਾਚਾ ਥਾਨੁ ਕੀਓ ਦਇਆਲਾ ॥ ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ ॥੧॥ ਨਉ ਘਰੁ ਥਾਪੇ ਥਾਪਣਹਾਰੈ ॥ ਦਸਵੈ ਵਾਸਾ ਅਲਖ ਅਪਾਰੈ ॥ ਸਾਇਰ ਸਪਤ ਭਰੇ ਜਲਿ ਨਿਰਮਲਿ ਗੁਰਮੁਖਿ ਮੈਲੁ ਨ ਲਾਇਦਾ ॥੨॥ ਰਵਿ ਸਸਿ ਦੀਪਕ ਜੋਤਿ ਸਬਾਈ ॥ ਆਪੇ ਕਰਿ ਵੇਖੈ ਵਡਿਆਈ ॥ ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ ॥੩॥ (੧੦੩੬)

ਜਿਸ ਮਨੁੱਖ ਨੇ ਸਦਾ ਆਪਣੇ ਜੀਵਨ ਨੂੰ ਪੜਤਾਲਿਆ ਹੈ, ਉਹ ਜਾਣਦਾ ਹੈ, ਕਿ ਅਕਾਲ ਪੁਰਖੁ ਆਪ ਹੀ ਆਪਣੇ ਆਪ ਨੂੰ ਪੈਦਾ ਕਰ ਕੇ ਪਰਗਟ ਹੋਇਆ, ਅਕਾਲ ਪੁਰਖੁ ਆਪ ਹੀ ਸਭ ਅੰਦਰ ਗੁਪਤ ਰੂਪ ਵਿਚ ਵਿਆਪਕ ਹੈ, ਤੇ ਉਹ ਅਕਾਲ ਪੁਰਖੁ ਸਭ ਜੀਵਾਂ ਦੀ ਸੰਭਾਲ ਕਰਦਾ ਹੈ। ਜਿਸ ਮਨੁੱਖ ਨੇ ਗੁਰੂ ਦੀ ਸਰਨ ਪੈ ਕੇ ਇਕ ਅਕਾਲ ਪੁਰਖੁ ਨੂੰ ਹਰ ਥਾਂ

ਵੱਸਦਾ ਜਾਣ ਲਿਆ, ਉਹ ਸਮਝ ਲੈਂਦਾ ਹੈ, ਕਿ ਜਿਸ ਅਕਾਲ ਪੁਰਖੁ ਨੇ ਬ੍ਰਹਮਾ ਵਿਸ਼ਨੂ ਸ਼ਿਵ ਪੈਦਾ ਕੀਤੇ, ਉਹ ਆਪ ਹੀ ਹਰੇਕ ਜੀਵ ਨੂੰ ਧੰਧੇ ਵਿਚ ਲਾਉਂਦਾ ਹੈ, ਤੇ, ਜਿਹੜਾ ਮਨੁੱਖ ਉਸ ਨੂੰ ਚੰਗਾ ਲੱਗਦਾ ਹੈ, ਉਸ ਨੂੰ ਆਪ ਹੀ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ। ਜਿਸ ਮਨੁੱਖ ਨੇ ਗੁਰੂ ਦੇ ਸ਼ਬਦ ਨਾਲ ਸਾਂਝ ਪਾ ਲਈ, ਉਹ ਜਾਣਦਾ ਹੈ, ਕਿ ਇਹ ਜਗਤ ਜਨਮ ਮਰਨ ਦਾ ਚੱਕਰ ਹੀ ਹੈ, ਇਥੇ ਮਾਇਆ ਦਾ ਮੋਹ ਪ੍ਰਬਲ ਹੈ, ਜਿਸ ਦੇ ਕਾਰਨ ਜੀਵ ਵਿਕਾਰ ਚਿਤਵਦਾ ਰਹਿੰਦਾ ਹੈ। ਇਥੇ ਸਦਾ ਕਾਇਮ ਰਹਿਣ ਵਾਲਾ ਅਕਾਲ ਪੁਰਖੁ ਹੀ ਸਦਾ ਸਾਲਾਹਣ ਜੋਗ ਹੈ। ਕਈ ਜੀਵ ਐਸੇ ਹਨ, ਜੋ ਜਗਤ ਦੇ ਰਚਨਹਾਰ ਅਕਾਲ ਪੁਰਖੁ ਦੀ ਯਾਦ ਵਿਚ ਜੁੜੇ ਰਹਿੰਦੇ ਹਨ, ਤੇ ਫਿਰ ਉਹ ਆਤਮਕ ਆਨੰਦ ਮਾਣਦੇ ਰਹਿੰਦੇ ਹਨ। ਪਰ ਜਿਹੜੇ ਮਨੁੱਖ ਮਾਇਕ ਪਦਾਰਥਾਂ ਵਿਚ ਲੱਗੇ ਰਹਿੰਦੇ ਹਨ, ਉਹ ਆਪਣਾ ਜੀਵਨ ਗਵਾ ਲੈਂਦੇ ਹਨ। ਆਤਮਕ ਜੀਵਨ ਦੇਣ ਵਾਲੇ ਫਲ ਉਨ੍ਹਾਂ ਨੂੰ ਹੀ ਲੱਗਦੇ ਹਨ, ਜਿਹੜੇ ਆਤਮਕ ਜੀਵਨ ਦੇਣ ਵਾਲੇ ਸਿਫ਼ਤਿ ਸਾਲਾਹ ਦੇ ਬੋਲ ਬੋਲਦੇ ਹਨ।

ਮਾਰੂ ਮਹਲਾ ੩ ॥ ਆਪੇ ਆਪੁ ਉਪਾਇ ਉਪੰਨਾ ॥ ਸਭ ਮਹਿ ਵਰਤੈ ਏਕੁ ਪਰਛੰਨਾ ॥ ਸਭਨਾ ਸਾਰ ਕਰੇ ਜਗਜੀਵਨੁ ਜਿਨਿ ਅਪਣਾ ਆਪੁ ਪਛਾਤਾ ਹੇ ॥੧॥ ਜਿਨਿ ਬ੍ਰਹਮਾ ਬਿਸਨੁ ਮਹੇਸੁ ਉਪਾਏ ॥ ਸਿਰਿ ਸਿਰਿ ਧੰਧੈ ਆਪੇ ਲਾਏ ॥ ਜਿਸੁ ਭਾਵੈ ਤਿਸੁ ਆਪੇ ਮੇਲੇ ਜਿਨਿ ਗੁਰਮੁਖਿ ਏਕੋ ਜਾਤਾ ਹੇ ॥੨॥ ਆਵਾ ਗਉਣੁ ਹੈ ਸੰਸਾਰਾ ॥ ਮਾਇਆ ਮੋਹੁ ਬਹੁ ਚਿਤੈ ਬਿਕਾਰਾ ॥ ਥਿਰੁ ਸਾਚਾ ਸਾਲਾਹੀ ਸਦ ਹੀ ਜਿਨਿ ਗੁਰ ਕਾ ਸਬਦੁ ਪਛਾਤਾ ਹੇ ॥੩॥ ਇਕਿ ਮੂਲਿ ਲਗੇ ਓਨੀ ਸੁਖੁ ਪਾਇਆ ॥ ਡਾਲੀ ਲਾਗੇ ਤਿਨੀ ਜਨਮੁ ਗਵਾਇਆ ॥ ਅੰਮ੍ਰਿਤ ਫਲ ਤਿਨ ਜਨ ਕਉ ਲਾਗੇ ਜੋ ਬੋਲਹਿ ਅੰਮ੍ਰਿਤ ਬਾਤਾ ਹੇ ॥੪॥ (੧੦੫੧)

ਅਕਾਲ ਪੁਰਖੁ ਨੇ ਆਪ ਹੀ ਆਪਣੇ ਆਪ ਨੂੰ ਪਰਗਟ ਕਰ ਕੇ, ਆਪਣਾ ਅਸਲਾ ਸਮਝਿਆ ਹੈ, ਆਕਾਸ਼ ਤੇ ਧਰਤੀ ਨੂੰ ਵਖੋ ਵਖ ਕਰ ਕੇ ਬਣਾਇਆ ਹੈ, ਤੇ ਇਹ ਆਕਾਸ਼ ਉਸ ਨੇ ਮਾਨੋ, ਆਪਣੇ ਤਖ਼ਤ ਉਤੇ ਚੰਦੋਆ ਤਾਣਿਆ ਹੋਇਆ ਹੈ। ਸਾਰੇ ਜਗਤ ਰੂਪੀ ਦਰਬਾਰ ਉੱਤੇ ਆਕਾਸ਼ ਨੂੰ ਥੰਮ੍ਹਾਂ ਤੋਂ ਬਿਨਾ ਟਿਕਾ ਕੇ, ਆਪਣੇ ਹੁਕਮੁ ਅਨੁਸਾਰ ਬਣਾਇਆ ਹੈ, ਆਪਣੀ ਜੋਤਿ ਟਿਕਾਈ ਹੈ, ਤੇ ਜੀਵਾਂ ਦੇ ਕਾਰ ਵਿਹਾਰ ਲਈ ਰਾਤ ਤੇ ਦਿਨ ਰੂਪੀ ਅਚਰਜ ਤਮਾਸ਼ੇ ਬਣਾ ਦਿੱਤੇ ਹਨ।

ਪਉੜੀ ॥ ਆਪੀਨੈ੍ ਆਪੁ ਸਾਜਿ ਆਪੁ ਪਛਾਣਿਆ ॥ ਅੰਬਰੁ ਧਰਤਿ ਵਿਛੋੜਿ ਚੰਦੋਆ

ਤਾਣਿਆ ॥ ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥ ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥ (੧੨੭੯)

ਅਕਾਲ ਪੁਰਖੁ ਆਪ ਹੀ ਸਭ ਜੀਵਾਂ ਨੂੰ ਪੈਦਾ ਕਰਦਾ ਹੈ, ਆਪ ਹੀ ਹਰੇਕ ਜੀਵ ਨੂੰ ਮਾਇਆ ਦੇ ਆਹਰ ਵਿਚ ਲਾਈ ਰੱਖਦਾ ਹੈ, ਅਕਾਲ ਪੁਰਖੁ ਆਪ ਹੀ ਜੀਵਾਂ ਦੀ ਬਣਤਰ ਬਣਾਂਦਾ ਹੈ, ਤੇ ਆਪ ਹੀ ਜੀਵ ਨੂੰ ਮਾਰਦਾ ਹੈ। ਅਕਾਲ ਪੁਰਖੁ ਆਪ ਹੀ ਇਹ ਸੰਸਾਰ ਰੂਪੀ ਨਦੀ ਉਤੇ ਪੱਤਣ ਹੈ, ਆਪ ਹੀ ਮਲਾਹ ਹੈ, ਆਪ ਹੀ ਜੀਵਾਂ ਨੂੰ ਪਾਰ ਲੰਘਾਂਦਾ ਹੈ। ਅਕਾਲ ਪੁਰਖੁ ਆਪ ਹੀ ਸੰਸਾਰ ਰੂਪੀ ਸਮੁੰਦਰ ਹੈ, ਆਪ ਹੀ ਜਹਾਜ਼ ਹੈ, ਆਪ ਹੀ ਗੁਰੂ-ਮਲਾਹ ਹੋ ਕੇ ਜਹਾਜ਼ ਨੂੰ ਚਲਾਂਦਾ ਹੈ। ਅਕਾਲ ਪੁਰਖੁ ਆਪ ਹੀ ਜਹਾਜ਼ ਵਿਚ ਚੜ੍ਹ ਕੇ ਪਾਰ ਲੰਘਦਾ ਹੈ। ਅਕਾਲ ਪੁਰਖੁ ਆਪ ਹੀ ਸਦਾ ਦਇਆ ਦਾ ਸੋਮਾ ਹੈ, ਆਪ ਹੀ ਬਖ਼ਸ਼ਸ਼ ਕਰ ਕੇ ਆਪਣੇ ਪੈਦਾ ਕੀਤੇ ਜੀਵਾਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ। ਇਸ ਲਈ ਆਪਣੇ ਜੀਵਨ ਨੂੰ ਸਫਲ ਕਰਨ ਲਈ ਸਦਾ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਕਰਿਆ ਕਰੋ। ਗੁਰੂ ਦੀ ਮਿਹਰ ਨਾਲ ਹੀ ਉਹ ਪਿਆਰਾ ਅਕਾਲ ਪੁਰਖੁ ਮਿਲ ਸਕਦਾ ਹੈ, ਜੋ ਆਤਮਕ ਜੀਵਨ ਦੇਣ ਵਾਲਾ ਹੈ, ਜੋ ਅਪਹੁੰਚ ਹੈ, ਤੇ, ਜੋ ਬਹੁਤ ਡੂੰਘਾ ਹੈ।

ਆਪੇ ਆਪਿ ਉਪਾਇਦਾ ਪਿਆਰਾ ਸਿਰਿ ਆਪੇ ਧੰਧੜੈ ਲਾਹੁ ॥ ਆਪਿ ਕਰਾਏ ਸਾਖਤੀ ਪਿਆਰਾ ਆਪਿ ਮਾਰੇ ਮਰਿ ਜਾਹੁ ॥ ਆਪੇ ਪਤਣੁ ਪਾਤਣੀ ਪਿਆਰਾ ਆਪੇ ਪਾਰਿ ਲੰਘਾਹੁ ॥ ੩॥ (੬੦੪)

ਅਕਾਲ ਪੁਰਖੁ ਨੇ ਆਪ ਹੀ ਸਾਰੇ ਜੀਵ ਪੈਦਾ ਕੀਤੇ ਹਨ, ਉਹ ਆਪ ਹੀ ਇਨ੍ਹਾਂ ਦੀ ਕਦਰ ਜਾਣਦਾ ਹੈ, ਉਸ ਅਕਾਲ ਪੁਰਖੁ ਦਾ ਅੰਤ ਨਹੀਂ ਪਾਇਆ ਜਾ ਸਕਦਾ ਭਾਵ, ਉਸ ਦੀ ਇਹ ਸੰਸਾਰ ਦੀ ਖੇਡ ਦੀ ਸਮਝੀ ਨਹੀਂ ਜਾ ਸਕਦੀ, ਗੁਰੂ ਦੇ ਸਬਦ ਦੀ ਰਾਹੀਂ ਅਕਾਲ ਪੁਰਖੁ ਸਮਝ ਦੀ ਬਖ਼ਸ਼ਸ ਆਪ ਹੀ ਕਰਦਾ ਹੈ। ਮਾਇਆ ਦੇ ਘੁੱਪ ਹਨੇਰੇ ਵਿਚ ਜੀਵ ਜ਼ਿੰਦਗੀ ਦਾ ਅਸਲੀ ਰਾਹ ਭੁੱਲ ਜਾਂਦਾ ਹੈ ਤੇ ਹੋਰ ਪਾਸੇ ਭਟਕਣ ਲੱਗ ਪੈਂਦਾ ਹੈ। ਮਨ ਦੇ ਪਿੱਛੇ ਤੁਰਨ ਵਾਲੇ ਬੰਦਿਆਂ ਨੂੰ ਜ਼ਿੰਦਗੀ ਦੇ ਸਫ਼ਰ ਦੀ ਅਸਲ ਮੰਜ਼ਲ ਨਹੀਂ ਲੱਭਦੀ, ਮਨਮੁਖ ਮਨੁੱਖ ਮੁੜ ਮੁੜ ਜੰਮਦਾ ਮਰਦਾ ਰਹਿੰਦਾ ਹੈ। ਉਸ ਅਕਾਲ ਪੁਰਖੁ ਨੂੰ ਜੋ ਕੁਝ ਭਾਉਂਦਾ ਹੈ, ਉਹੀ ਹੁੰਦਾ ਹੈ, ਤੇ ਇਹ ਸਾਰੀ ਸ੍ਰਿਸ਼ਟੀ ਉਸ ਦੀ ਰਜ਼ਾ ਵਿਚ ਚਲ ਰਹੀ ਹੈ।

ਪਉੜੀ ॥ ਆਪੇ ਆਪਿ ਉਪਾਇਅਨੁ ਆਪਿ ਕੀਮਤਿ ਪਾਈ ॥ ਤਿਸ ਦਾ ਅੰਤੁ ਨ ਜਾਪਈ

ਗੁਰ ਸਬਦਿ ਬੁਝਾਈ ॥ (੭੯੬)

ਗੁਰੂ ਸਾਹਿਬ ਨੇ ਲੋਕਾਂ ਨੂੰ ਕਰਮ ਕਾਂਡਾਂ, ਭਰਮਾਂ ਤੇ ਵਹਿਮਾਂ ਵਿਚੋਂ ਕੱਢਣ ਲਈ ਵੀ ਸਮਝਾ ਦਿੱਤਾ, ਕਿ ਇਸ ਜਗਤ ਦੀ ਰਚਨਾ ਤੋਂ ਪਹਿਲਾਂ ਨਾ ਕਿਤੇ ਜਪ ਹੋ ਰਹੇ ਸਨ, ਨਾ ਤਪ ਹੋ ਰਹੇ ਸਨ, ਨਾ ਕਿਤੇ ਸੰਜਮ ਸਾਧੇ ਜਾ ਰਹੇ ਸਨ, ਨਾ ਵਰਤ ਰੱਖੇ ਜਾ ਰਹੇ ਸਨ, ਤੇ ਨਾ ਹੀ ਪੂਜਾ ਕੀਤੀ ਜਾ ਰਹੀ ਸੀ। ਕੋਈ ਐਸਾ ਜੀਵ ਨਹੀਂ ਸੀ, ਜੋ ਅਕਾਲ ਪੁਰਖੁ ਤੋਂ ਬਿਨਾ ਕਿਸੇ ਹੋਰ ਦਾ ਜ਼ਿਕਰ ਕਰ ਸਕਦਾ। ਅਕਾਲ ਪੁਰਖੁ ਆਪ ਹੀ ਆਪਣੇ ਆਪ ਵਿਚ ਪਰਗਟ ਹੋ ਕੇ ਖ਼ੁਸ਼ ਹੋ ਰਿਹਾ ਸੀ ਤੇ ਆਪਣੇ ਵਡੱਪਣ ਦਾ ਮੁੱਲ ਆਪ ਹੀ ਪਾਉਂਦਾ ਸੀ।

ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾ ਕੋ ਆਖਿ ਵਖਾਣੈ ਦੂਜਾ ॥ ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ॥੬॥ (੧੦੩੫)

ਜਦੋਂ ਅਕਾਲ ਪੁਰਖੁ ਨੇ ਆਪਣੇ ਆਪ ਨੂੰ, ਆਪ ਹੀ ਪੈਦਾ ਕੀਤਾ ਸੀ, ਤਦੋਂ ਕੋਈ ਹੋਰ ਦੂਜਾ ਨਹੀਂ ਸੀ। ਉਸ ਨੂੰ ਸਲਾਹ ਮਸ਼ਵਰਾ ਦੇਣ ਵਾਲਾ ਕੋਈ ਹੋਰ ਨਹੀਂ ਸੀ, ਉਹ ਆਪ ਹੀ ਸਭ ਕੁਝ ਕਰਦਾ ਸੀ, ਤੇ ਜੋ ਉਹ ਕਰਦਾ ਸੀ, ਉਹੀ ਕੁਝ ਹੁੰਦਾ ਸੀ। ਉਸ ਵੇਲੇ ਨਾ ਆਕਾਸ਼ ਸੀ, ਨਾ ਪਾਤਾਲ ਸੀ ਤੇ ਨਾ ਇਹ ਤੀਨ ਲੋਕ ਸਨ, ਕੋਈ ਉਤਪਤੀ ਅਜੇ ਨਹੀਂ ਸੀ ਹੋਈ, ਆਕਾਰ ਰਹਿਤ ਅਕਾਲ ਪੁਰਖੁ ਅਜੇ ਆਪ ਹੀ ਆਪ ਸੀ। ਜੋ ਅਕਾਲ ਪੁਰਖੁ ਨੂੰ ਭਾਉਂਦਾ ਹੈ, ਉਹੀ ਕਰਦਾ ਹੈ, ਉਸ ਤੋਂ ਬਿਨਾ ਹੋਰ ਕੋਈ ਨਹੀਂ ਹੈ।

ਪਉੜੀ ॥ ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ ॥ ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ ॥ ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ ॥ ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ ॥ ਜਿਉ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨ ਕੋਈ ॥੧॥ (੫੦੯)

ਉਹ ਅਕਾਲ ਪੁਰਖ ਮਾਇਆ ਦੇ ਪਰਭਾਵ ਤੋਂ ਪਰੇ ਹੈ, ਕਿਉਂਕਿ ਉਹ ਨਿਰੋਲ ਆਪ ਹੀ ਆਪ ਹੈ, ਨਾ ਉਹ ਪੈਦਾ ਕੀਤਾ ਜਾ ਸਕਦਾ ਹੈ, ਨਾ ਹੀ ਸਾਡਾ ਬਣਾਇਆ ਬਣਦਾ ਹੈ, ਉਹ ਸਭ ਥਾਈਂ ਵਿਆਪਕ ਹੈ। ਅਕਾਲ ਪੁਰਖ ਦੇ ਹੁਕਮੁ ਦਾ ਕਥਨ ਨਹੀਂ ਕੀਤਾ ਜਾ ਸਕਦਾ। ਗੁਰੂ ਹੀ ਇਹ ਦ੍ਰਿੜ ਕਰਾਉਂਦਾ ਹੈ ਕਿ ਅਕਾਲ ਪੁਰਖ ਹਰ ਥਾਂ ਵੱਸ ਰਿਹਾ ਹੈ। ਕੋਈ ਦੂਸਰਾ ਅਕਾਲ ਪੁਰਖੁ ਨੂੰ ਪੈਦਾ ਨਹੀਂ ਕਰ ਸਕਦਾ ਹੈ, ਤੇ ਨਾ ਹੀ ਉਹ ਕਿਤੇ ਟਿਕਾਇਆ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਸਿੱਖ ਧਰਮ ਵਿਚ ਮੂਰਤੀ ਪੂਜਾ ਜਾਂ ਬੁੱਤ ਪੂਜਾ ਦੀ ਕੋਈ

ਥਾ ਨਹੀਂ ਹੈ।

ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥ (੨)

ਸਬਦ ਰੋਸ਼ਨੀ ਦੇਣ ਵਾਲਾ ਹੈ, ਜਿਸ ਦੁਆਰਾ ਜੀਵਨ ਵਿਚ ਚਲਣ ਲਈ ਸੋਝੀ ਪ੍ਰਾਪਤ ਹੁੰਦੀ ਹੈ। ਸਬਦ ਸੁਣ ਸਕਦੇ ਹਾਂ, ਪਰ ਵੇਖ ਨਹੀਂ ਸਕਦੇ, ਇਸੇ ਲਈ ਸਿੱਖ ਧਰਮ ਵਿਚ ਮੂਰਤੀ ਪੂਜਾ ਦਾ ਕੋਈ ਮਹੱਤਵ ਨਹੀਂ ਹੈ। ਗੁਰੂ ਸਾਹਿਬ ਨੇ ਸਾਰਿਆਂ ਦਾ ਮੁੱਖ ਧਰਮ, ਉਸ ਅਕਾਲ ਪੁਰਖੁ ਨੂੰ ਹਰੇਕ ਜੀਵ ਵਿਚ ਵਸਦਾ ਵੇਖਣਾ, ਉਸ ਨੂੰ ਆਪਣੇ ਹਿਰਦੇ ਵਿਚ ਵਸਾਉਂਣਾਂ ਤੇ ਗੁਰਬਾਣੀ ਦੁਆਰਾ ਉਸ ਦੇ ਗੁਣ ਗਾਇਨ ਕਰਨਾ ਦੱਸਿਆ ਹੈ। ਜੋ ਮਨੁੱਖ ਇਸ ਭੇਦ ਨੂੰ ਜਾਣਦਾ ਹੈ, ਨਾਨਕ ਉਸ ਦਾ ਦਾਸ ਹੈ, ਉਹ ਮਨੁੱਖ ਅਕਾਲ ਪੁਰਖੁ ਦਾ ਰੂਪ ਹੈ। ਗੁਰੂ ਸਾਹਿਬਾਂ ਨੇ ਸਮੁੱਚੀ ਮਨੁੱਖਤਾ ਲਈ ਇਕੋ ਧਰਮ ਹੀ ਮੰਨਿਆ ਹੈ, ਉਹ ਹੈ 'ਸਬਦ"। ਪੂਰੇ ਗੁਰੂ ਗਰੰਥ ਸਾਹਿਬ ਵਿਚ ਸਬਦ ਦਾ ਭੇਦ ਹੀ ਸਾਂਝਾ ਕੀਤਾ ਗਿਆ ਹੈ, ਤਾਂ ਜੋ ਅਸੀਂ ਅਕਾਲ ਪੁਰਖੁ ਦਾ ਹੁਕਮੁ ਤੇ ਉਸ ਦੀ ਅਸਲੀਅਤ ਨੂੰ ਸਮਝ ਸਕੀਏ।

ਮः ੨ ॥ ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ ॥ ਆਤਮਾ ਬਾਸੁਦੇਵਸਿ੍ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੪॥ (੪੬੯)

ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਨਿਸਚੇ ਨਾਲ ਸਮਝ ਸਕਦੇ ਹਾਂ, ਕਿ ਸੱਭ ਕੁਝ ਅਕਾਲ ਪੁਰਖੁ ਤੋਂ ਆਰੰਭ ਹੁੰਦਾ ਹੈ, ਤੇ ਉਸ ਦੇ ਬਣਾਏ ਹੋਏ ਹੁਕਮੁ ਅਨੁਸਾਰ ਹੁੰਦਾ ਹੈ। ਅਕਾਲ ਪੁਰਖੁ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ, ਕੁਦਰਤ ਰਚੀ ਅਤੇ ਉਸ ਵਿਚ ਵਿਆਪਕ ਹੋ ਕੇ, ਇਸ ਜਗਤ ਦਾ ਤਮਾਸ਼ਾ ਵੇਖ ਰਿਹਾ ਹੈ। ਅਕਾਲ ਪੁਰਖ ਆਪ ਹੀ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ, ਬਖ਼ਸ਼ਸ ਕਰਦਾ ਹੈ, ਜੀਆਂ ਦਾ ਜਾਣਨਹਾਰ ਹੈ, ਆਪ ਹੀ ਜਿੰਦ ਤੇ ਸਰੀਰ ਦਿੰਦਾ ਹੈਂ, ਆਪ ਹੀ ਮੁੜ ਵਾਪਸ ਲੈ ਲੈਂਦਾ ਹੈ। ਅਕਾਲ ਪੁਰਖੁ ਆਪ ਹੀ ਆਪਣੇ ਆਪ ਨੂੰ ਜਗਤ ਦੇ ਰੂਪ ਵਿਚ ਪੈਦਾ ਕਰ ਕੇ, ਮਾਇਆ ਦੇ ਮੋਹ ਤੋਂ ਨਿਰਲੇਪ ਵੀ ਰਹਿੰਦਾ ਹੈ। ਜੀਵ ਮਾਇਆ ਦੇ ਮੋਹ ਵਿਚ ਫਸ ਕੇ ਆਪਣੇ ਆਪ ਨੂੰ ਮਲੀਨ ਕਰ ਲੈਂਦੇ ਹਨ, ਪਰ ਜਿਹੜਾ ਮਨੁੱਖ ਗੁਰੂ ਦੇ ਸਨਮੁਖ ਹੁੰਦਾ ਹੈ, ਉਸ ਨੂੰ ਮਾਇਆ ਦੀ ਮੈਲ ਨਹੀਂ ਲੱਗਦੀ। ਅਕਾਲ ਪੁਰਖੁ ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਸ ਦੀ ਇਹ ਸੰਸਾਰ ਦੀ ਖੇਡ ਸਮਝੀ ਨਹੀਂ ਜਾ ਸਕਦੀ, ਗੁਰੂ ਦੇ ਸਬਦ ਰਾਹੀਂ ਅਕਾਲ ਪੁਰਖੁ ਸਮਝ ਦੀ ਬਖ਼ਸ਼ਸ ਆਪ ਹੀ ਕਰਦਾ ਹੈ। ਉਸ ਅਕਾਲ ਪੁਰਖੁ ਨੂੰ ਜੋ ਕੁਝ

ਭਾਉਂਦਾ ਹੈ, ਉਹੀ ਹੁੰਦਾ ਹੈ, ਤੇ ਇਹ ਸਾਰੀ ਸ੍ਰਿਸ਼ਟੀ, ਉਸ ਦੀ ਰਜ਼ਾ ਵਿਚ ਚਲ ਰਹੀ ਹੈ। ਗੁਰੂ ਸਾਹਿਬ ਨੇ ਲੋਕਾਂ ਨੂੰ ਕਰਮ ਕਾਂਡਾਂ, ਭਰਮਾਂ ਤੇ ਵਹਿਮਾਂ ਵਿਚੋਂ ਕੱਢਣ ਲਈ ਸਮਝਾ ਦਿੱਤਾ, ਕਿ ਇਸ ਜਗਤ ਦੀ ਰਚਨਾ ਤੋਂ ਪਹਿਲਾਂ ਨਾ ਕਿਤੇ ਜਪ ਹੋ ਰਹੇ ਸਨ, ਨਾ ਤਪ, ਨਾ ਸੰਜਮ, ਨਾ ਵਰਤ, ਤੇ ਨਾ ਹੀ ਪੂਜਾ ਕੀਤੀ ਜਾ ਰਹੀ ਸੀ। ਅਕਾਲ ਪੁਰਖੁ ਆਪ ਹੀ ਆਪਣੇ ਆਪ ਵਿਚ ਪਰਗਟ ਹੋ ਕੇ ਖ਼ੁਸ਼ ਹੋ ਰਿਹਾ ਸੀ ਤੇ ਆਪਣੇ ਵਡੱਪਣ ਦਾ ਮੁੱਲ ਆਪ ਹੀ ਪਾਉਂਦਾ ਸੀ। ਅਕਾਲ ਪੁਰਖੁ ਨੂੰ ਸਲਾਹ ਮਸ਼ਵਰਾ ਦੇਣ ਕੋਈ ਹੋਰ ਨਹੀਂ ਸੀ, ਉਹ ਆਪ ਹੀ ਸਭ ਕੁਝ ਕਰਦਾ ਸੀ, ਤੇ ਜੋ ਉਹ ਕਰਦਾ ਸੀ, ਉਹੀ ਕੁਝ ਹੁੰਦਾ ਸੀ। ਅਕਾਲ ਪੁਰਖ ਸਭ ਥਾਈਂ ਵਿਆਪਕ ਹੈ, ਤੇ ਉਸ ਦਾ ਹੁਕਮੁ ਕਥਨ ਨਹੀਂ ਕੀਤਾ ਜਾ ਸਕਦਾ। ਕੋਈ ਦੂਸਰਾ ਅਕਾਲ ਪੁਰਖੁ ਨੂੰ ਪੈਦਾ ਨਹੀਂ ਕਰ ਸਕਦਾ ਹੈ, ਤੇ ਨਾ ਹੀ ਉਹ ਕਿਤੇ ਟਿਕਾਇਆ ਜਾ ਸਕਦਾ ਹੈ। ਸਬਦ ਰੋਸ਼ਨੀ ਦੇਣ ਵਾਲਾ ਹੈ, ਜਿਸ ਦੁਆਰਾ ਜੀਵਨ ਵਿਚ ਚਲਣ ਲਈ ਸੋਝੀ ਪ੍ਰਾਪਤ ਹੁੰਦੀ ਹੈ। ਸਬਦ ਸੁਣ ਸਕਦੇ ਹਾਂ, ਪਰ ਵੇਖ ਨਹੀਂ ਸਕਦੇ, ਇਸੇ ਲਈ ਸਿੱਖ ਧਰਮ ਵਿਚ ਮੂਰਤੀ ਪੂਜਾ ਦਾ ਕੋਈ ਮਹੱਤਵ ਨਹੀਂ ਹੈ। ਗੁਰੂ ਸਾਹਿਬ ਨੇ ਸਾਰਿਆਂ ਦਾ ਮੁੱਖ ਧਰਮ, ਉਸ ਅਕਾਲ ਪੁਰਖੁ ਨੂੰ ਹਰੇਕ ਜੀਵ ਵਿਚ ਵਸਦਾ ਵੇਖਣਾ, ਉਸ ਨੂੰ ਆਪਣੇ ਹਿਰਦੇ ਵਿਚ ਵਸਾਉਂਣਾਂ ਤੇ ਗੁਰਬਾਣੀ ਦੁਆਰਾ ਉਸ ਦੇ ਗੁਣ ਗਾਇਨ ਕਰਨਾ ਦੱਸਿਆ ਹੈ। ਇਸ ਲਈ ਆਓ ਸਾਰੇ ਜਾਣੇ ਗੁਰਬਾਣੀ ਦੁਆਰਾ ਉਸ ਅਕਾਲ ਪੁਰਖੁ ਦਾ ਹੁਕਮੁ ਤੇ ਉਸ ਦੀ ਅਸਲੀਅਤ ਨੂੰ ਸਮਝੀਏ ਤੇ ਆਪਣਾ ਮਨੁੱਖਾ ਜਨਮ ਸਫਲ ਕਰੀਏ।

“ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ”

ਡਾ: ਸਰਬਜੀਤ ਸਿੰਘ, ਵਾਸ਼ੀ, ਨਵੀਂ ਮੁੰਬਈ - ੪੦੦੭੦੩.

Email = sarbjitsingh@yahoo.com

Web = http://www.geocities.ws/sarbjitsingh/,

05/03/2020 at 8:31pm 1 Like

**gurbachan singh panwan**

ਰੱਬ ਦੀ ਹੋਂਦ ਕਿਦਾਂ ਹੈ?

ਜੇ ਰੱਬ ਜੀ ਦਾ ਕੋਈ ਰੂਪ-ਰੇਖ ਨਹੀਂ ਹੈ ਤਾਂ ਉਸ ਦੀ ਹੋਂਦ ਕਿਦਾਂ ਹੈ?

ਕੀ ਰੱਬ ਜੀ ਜ਼ਰੇ ਜ਼ਰੇ ਵਿੱਚ ਵਿਅਪਕ ਹਨ?

ਫਰੀਦਾ ਖਾਲਕੁ ਖਲਕ ਮਹਿ, ਖਲਕ ਵਸੈ ਰਬ ਮਾਹਿ॥

ਮੰਦਾ ਕਿਸ ਨੋ ਆਖੀਐ, ਜਾਂ ਤਿਸੁ ਬਿਨੁ ਕੋਈ ਨਾਹਿ॥ ੭੫॥

ਸਲੋਕ ਸ਼ੇਖ਼ ਫ਼ਰੀਦ ਜੀ ਪੰਨਾ ੧੩੮੧

ਅੱਖਰੀਂ ਅਰਥ:-ਹੇ ਫਰੀਦ! (ਖ਼ਲਕਤ ਪੈਦਾ ਕਰਨ ਵਾਲਾ) ਪਰਮਾਤਮਾ (ਸਾਰੀ) ਖ਼ਲਕਤ ਵਿੱਚ ਮੌਜੂਦ ਹੈ, ਅਤੇ ਖ਼ਲਕਤ ਪਰਮਾਤਮਾ ਵਿੱਚ ਵੱਸ ਰਹੀ ਹੈ। ਜਦੋਂ (ਕਿਤੇ ਭੀ) ਉਸ ਪਰਮਾਤਮਾ ਤੋਂ ਬਿਨਾ ਹੋਰ ਦੂਜਾ ਨਹੀਂ ਹੈ, ਤਾਂ ਕਿਸ ਜੀਵ ਨੂੰ ਭੈੜਾ ਕਿਹਾ ਜਾਏ? (ਭਾਵ, ਕਿਸੇ ਮਨੁੱਖ ਨੂੰ ਮਾੜਾ ਨਹੀਂ ਕਿਹਾ ਜਾ ਸਕਦਾ)।

ਵਿਚਾਰ ਚਰਚਾ:-ਛੋਟੇ ਹੁੰਦਿਆਂ ਕਈ ਵਾਰੀ ਦੇਖਿਆ ਸੀ, ਕਿ ਜਦੋਂ ਹਾੜ ਦੇ ਮਹੀਨੇ ਤੀਕ ਮੀਂਹ ਨਾ ਪੈਣਾ, ਤਾਂ ਪਿੰਡਾਂ ਦੇ, ਕੀ ਨਿਆਣੇ, ਕੀ ਸਿਆਣੇ ਟਾਕੀਆਂ ਦੀਆਂ ਗੁੱਡੀਆਂ ਬਣਾ ਕਿ ਉਹਨਾਂ ਨੂੰ ਸਾੜਿਆ ਕਰਦੇ ਸਨ ਤੇ ਨਾਲ ਕਹਿੰਦੇ ਹੁੰਦੇ ਸਨ ਕਿ "ਰੱਬਾ ਰੱਬਾ ਮੀਂਹ ਵਸਾ ਸਾਡੀ ਕੋਠੀ ਦਾਣੇ ਪਾ"। ਮੀਂਹ ਨੂੰ ਪਵਾਉਣ ਲਈ ਪਿੰਡਾਂ ਵਿੱਚ ਜੱਗ ਵੀ ਕਰਾਏ ਜਾਂਦੇ ਹਨ। ਲੋਕਾਂ ਦਾ ਯਕੀਨ ਹੈ ਕਿ ਇੰਜ ਕਰਨ ਨਾਲ ਰੱਬ ਜੀ ਖੁਸ਼ ਹੁੰਦਾ ਹੈ ਤੇ ਫਿਰ ਲੋਕਾਂ ਤੇ ਤਰਸ ਕਰਕੇ ਉਹ ਮੀਂਹ ਪਾ ਦੇਂਦਾ ਹੈ। ਗੁੱਡੀਆਂ ਸਾੜਨ ਦੀ ਪੁੱਠੀ ਰੀਤ ਅੱਜ ਦੀ ਤਰੀਕ ਵਿੱਚ ਵੀ ਕਈ ਥਾਂਈ ਹੁੰਦੀ ਦੇਖੀ ਸੁਣੀ ਜਾ ਸਕਦੀ ਹੈ। ਮੀਂਹ ਨਾ ਪੈਣ ਤੇ ਲੋਕ ਸੁਭਾਵਕ ਹੀ ਕਹਿ ਦੇਂਦੇ ਹਨ ਕਿ ਰੱਬਾ ਕਿੱਥੇ ਦੂਰ ਚਲਾ ਗਿਆ ਏਂ ਐਤਕੀ ਤੂੰ ਮੀਂਹ ਹੀ ਨਹੀਂ ਪਾ ਰਿਹਾ? ਹੁਣ ਤਾਂ ਮੀਂਹਾਂ ਦੀ ਔਸਤ ਹੀ ਘੱਟ ਹੈ ਪਰ ਛੇਵੇਂ ਦਹਾਕੇ ਵਿੱਚ ਮੀਂਹ ਬਹੁਤ ਪਏ ਸਨ। ਮਕਾਨ ਕੱਚੇ ਹੁੰਦੇ ਸਨ। ਚੁੱਲ੍ਹਿਆਂ ਦਾ ਬਾਲਣ ਮੁੱਕ ਜਾਣਾ। ਪੁਸ਼ੂਆਂ ਦੇ ਚਾਰੇ ਦੀ ਮੁਸਬੀਤ ਖੜੀ ਹੋਣੀ, ਹਰ ਪਾਸਿਓਂ ਔਖਿਆਈ ਮਹਿਸੂਸ ਕਰਦਿਆਂ ਇਹ ਸ਼ਬਦ ਵੀ ਕਹਿਣ ਸੁਣਨ ਨੂੰ ਮਿਲਦੇ ਸਨ ਕਿ ਰੱਬਾ ਹੁਣ ਬੱਸ ਵੀ ਕਰ, ਸਾਨੂੰ ਰੋੜ ਕੇ ਹੀ ਛੱਡਣਾ ਈਂ?

ਆਮ ਲੁਕਾਈ ਇੰਜ ਮਹਿਸੂਸ ਕਰਦੀ ਹੈ ਕਿ ਰੱਬ ਜੀ ਮਨੁੱਖਾਂ ਵਾਂਗ ਸਰੀਰਕ ਤਲ਼ ਤੇ ਕਿਸੇ ਉਪਰਲੇ ਅਸਥਾਨ ਤੇ ਬੈਠੇ ਹਨ। ਉਸ ਦਾ ਜਦੋਂ ਜੀ ਕਰਦਾ ਹੈ ਉਹ ਮੀਂਹ ਪਾ ਦੇਂਦਾ ਹੈ ਤੇ ਜਦੋਂ ਉਸ ਦਾ ਜੀ ਕਰਦਾ ਹੈ ਉਹ ਸੋਕਾ ਪਾ ਦੇਂਦਾ ਹੈ। ਤੇਜ਼ ਗਰਮੀ ਵਿੱਚ ਕਦੇ ਮਿੱਠੀ ਹਵਾ ਦੇ ਝੋਕੇ ਆਉਣੇ ਤਾਂ ਦਾਦੀਆਂ ਅਕਸਰ ਕਹਿ ਦੇਂਦੀਆਂ ਸਨ ਕਿ ਅੱਜ ਕੋਈ ਧਰਮੀ

ਬੰਦਾ ਰਾਜ ਚਲਾ ਰਿਹਾ ਹੈ।

ਬਹੁਤੀਆਂ ਗੱਲਾਂ ਸਮਾਜ ਦੇ ਵਰਤਾਰੇ ਵਿਚੋਂ ਦੇਖ ਕੇ ਅਸਾਂ ਉਹ ਗੱਲਾਂ ਹੀ ਰੱਬ ਨਾਲ ਜੋੜ ਕੇ ਦੇਖਣ ਦਾ ਯਤਨ ਕੀਤਾ ਹੈ। ਜਿਸ ਤਰ੍ਹਾਂ ਸਮਾਜ ਵਿੱਚ ਕਈ ਦਫ਼ਾ ਬੇ-ਇਨਸਾਫ਼ੀ ਹੁੰਦੀ ਦਿਸਦੀ ਹੈ ਤਾਂ ਅਸੀਂ ਵੀ ਸਮਝਦੇ ਹਾਂ ਕਿ ਰੱਬ ਜੀ ਵੀ ਸ਼ਾਇਦ ਮਨੁੱਖਾਂ ਵਾਂਗ ਸਾਡੇ ਨਾਲ ਬੇ-ਇਨਸਾਫ਼ੀ ਕਰਦੇ ਹਨ। ਜਦੋਂ ਸਾਡਾ ਕੋਈ ਨੁਕਸਾਨ ਹੋ ਜਾਂਦਾ ਹੈ ਤਾਂ ਅਸੀਂ ਰੱਬ ਜੀ ਨੂੰ ਤਾਅਨੇ-ਮਿਹਣੇ ਮਾਰਨੇ ਸ਼ੁਰੂ ਕਰ ਦੇਂਦੇ ਹਾਂ ਕਿ ਰੱਬ ਜੀ ਨੇ ਸਾਡੇ ਨਾਲ ਬੇ-ਇਨਸਾਫ਼ੀ ਕੀਤੀ ਹੈ। ਹੇ ਰੱਬਾ! “ਸਾਡਾ ਨੁਕਸਾਨ ਕਰਨ ਲਈ ਤੈਨੂੰ ਸਾਡਾ ਹੀ ਘਰ ਲੱਭਾ ਸੀ” ? ਅਦਾਲਤ ਵਿਚੋਂ ਕੇਸ ਹਾਰਨ ਤੇ ਵੀ ਅਸੀਂ ਕਸੂਰ ਰੱਬ ਜੀ ਦਾ ਹੀ ਕੱਢਦੇ ਹਾਂ। ਨਿਆਣੇ ਦਾ ਜਮਾਤ ਵਿਚੋਂ ਫੇਲ੍ਹ ਹੋਣਾ ਰੱਬ ਦਾ ਕੰਮ ਹੀ ਦੀਦ੍ਹਾ ਹੈ। ਫਸਲ ਮਾਰੀ ਜਾਣੀ, ਮਕਾਨ ਢਹਿ ਜਾਣਾ ਸਭ ਰੱਬ ਦੇ ਖਾਤੇ ਹੀ ਪੈਂਦਾ ਹੈ। ਵੀਜ਼ਾ ਨਾ ਲੱਗਣ ਤੇ ਵੀ ਰੱਬ ਨੂੰ ਕੋਸਿਆ ਜਾਂਦਾ ਹੈ। ਕਈ ਤਾਂ ਰੱਬ ਨੂੰ ਬਦ ਦੁਆਵਾਂ ਵੀ ਦੇਖੇ ਸੁਣੇ ਜਾਂਦੇ ਹਨ।

ਗੁਰੂ ਨਾਨਕ ਸਾਹਿਬ ਜੀ ਦੇ ਦੱਸੇ ਹੋਏ ਰੱਬ ਜੀ ਨੂੰ ਸਮਝਣ ਦੀ ਥਾਂ ਤੇ ਅਸੀਂ ਵੀ ਦੂਜਿਆਂ ਮੱਤਾਂ ਵਾਂਗ ਰੱਬ ਜੀ ਨੂੰ ਮਨੁੱਖੀ ਸਰੀਰ ਸਮਝ ਕੇ ਉਸ ਦੀ ਪੂਜਾ ਕਰ ਰਹੇ ਹਾਂ। ਅਸੀਂ ਵੀ ਇਹ ਭਰਮ ਪਾਲਿਆ ਹੋਇਆ ਹੈ ਕਿ ਰੱਬ ਜੀ ਦੀ ਕੋਈ ਖਾਸ ਕਚਹਿਰੀ ਹੈ ਜਿੱਥੇ ਬੈਠ ਕੇ ਉਹ ਫੈਸਲੇ ਕਰਦਾ ਹੈ। ਆਮ ਕਰਕੇ ਇੰਜ ਹੀ ਸਮਝਿਆ ਜਾ ਰਿਹਾ ਹੈ ਕਿ ਰੱਬ ਜੀ ਆਪਣੀ ਮਰਜ਼ੀ ਅਨੁਸਾਰ ਕਿਸੇ ਥਾਂ ਤੇ ਸੋਕਾ ਪਾਉਂਦੇ ਹਨ ਤੇ ਕਿਸੇ ਥਾਂ ਵਾਧੂ ਮੀਂਹ ਪਾਈ ਜਾਂਦੇ ਹਨ। ਜੇ ਕੋਈ ਮਨ ਚਾਹੀ ਭਾਵਨਾ ਪੂਰੀ ਹੁੰਦੀ ਆ ਤਾਂ ਅਸੀਂ ਫੱਟ ਕਹਿ ਦੇਂਦੇ ਹਾਂ ਕਿ ਪ੍ਰਮਾਤਮਾ ਨੇ ਸਾਡੀ ਨੇੜੇ ਹੋ ਸੁਣੀ ਹੈ ਤੇ ਸਾਡਾ ਕੰਮ ਕਰ ਦਿੱਤਾ ਹੈ। ਇਸ ਦੇ ਵਿਰੁੱਧ ਜਦੋਂ ਸਾਡੀ ਭਾਵਨਾ ਪੂਰੀ ਨਹੀਂ ਹੁੰਦੀ ਤਾਂ ਅਸੀਂ ਇਹ ਵੀ ਕਹਿ ਦੇਂਦੇ ਹਾਂ ਕਿ ਰੱਬ ਜੀ ਨੂੰ ਏਦਾਂ ਹੀ ਭਉਂਦਾ ਸੀ।

ਬਹੁਤ ਸਾਰੇ ਲੇਖਾਂ ਵਿੱਚ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਰੱਬ ਜੀ ਦਾ ਕੋਈ ਰੂਪ, ਰੰਗ ਤੇ ਰੇਖਾ ਚਿਤ੍ਰ ਨਹੀਂ ਹੈ ਤੇ ਨਾ ਹੀ ਉਹ ਮਨੁੱਖੀ ਤਲ਼ ਤੇ ਮਨੁੱਖਾਂ ਵਾਂਗ ਵਿਚਰ ਰਹੇ ਹਨ। ਅਸੀਂ ਪਾਠ ਪੂਜਾ ਰੱਬ ਜੀ ਨੂੰ ਖੁਸ਼ ਕਰਨ ਲਈ ਕਰ ਰਹੇ ਹਾਂ, ਅਸੀਂ ਇਹ ਸਮਝ ਲਿਆ ਹੈ ਕਿ ਜਿਵੇਂ ਕਿਸੇ ਅਫ਼ਸਰ ਦੀ ਝੂਠੀ ਸੱਚੀ ਖੁਸ਼ਾਮਦ ਕਰਕੇ ਖੁਸ਼ ਕਰ ਲਈਦਾ ਹੈ ਏਸੇ ਤਰ੍ਹਾਂ ਜੇ ਰੱਬ ਜੀ ਨੂੰ ਅਸਾਂ ਖੁਸ਼ ਕਰ ਲਿਆ ਤਾਂ ਫਿਰ ਸਾਨੂੰ ਕੋਈ ਕੰਮ ਕਰਨ ਦੀ ਲੋੜ

ਨਹੀਂ ਰਹੇਗੀ। ਰੱਬ ਜੀ, ਬਿਨ੍ਹਾਂ ਕੰਮ ਕੀਤਿਆਂ ਸਾਡੀਆਂ ਲੋੜਾਂ ਪੂਰੀਆਂ ਕਰਦੇ ਰਹਿਣਗੇ ਬੱਸ ਦੱਸੀ ਹੋਈ ਵਿਧੀ ਮੂਜਬ ਕੇਵਲ ਪਾਠ ਪੂਜਾ ਹੀ ਕਰਨੀ ਹੈ। ਬਾਕੀ ਸਾਰੀ ਜ਼ਿੰਮੇਵਾਰੀ ਰੱਬ ਦੀ ਹੈ। ਅਸੀਂ ਇਹ ਚਾਹੁੰਦੇ ਹਾਂ ਬੇ-ਸ਼ੱਕ ਕਾਰ ਤੇਜ਼ ਅਸੀਂ ਚਲਾਈਏ ਪਰ ਰੱਬ ਜੀ ਕ੍ਰਿਪਾ ਕਰਕੇ ਸਾਡੀ ਦੁਰਘਟਨਾ ਨਾ ਹੋਣ ਦੇਣ। ਜਨੀ ਕਿ ਤੇਜ਼ ਕਾਰ ਚਲਾਉਣ ਦੀ ਜ਼ਿੰਮੇਵਾਰੀ ਸਾਡੀ, ਬਚਾਅ ਦੀ ਜ਼ਿੰਮੇਵਾਰੀ ਰੱਬ ਜੀ ਦੀ ਹੋਣੀ ਚਾਹੀਦੀ ਹੈ। ਰੱਬ ਜੀ ਦਾ ਹੁਕਮ ਕੁਦਰਤ ਵਿੱਚ ਇਕਸਾਰ ਚੱਲ ਰਿਹਾ ਹੈ। ਇਸ ਸਦੀਵ ਕਾਲ ਹੁਕਮ (ਨਿਯਮ) ਵਿੱਚ ਕਰਮ ਸਾਡਾ ਹੈ। ਜੇ ਅਸੀਂ ਕਾਰ ਤੇਜ਼ ਚਲਾਵਾਂਗੇ, ਸੜਕ ਦੇ ਨਿਯਮਾਂ ਦੀ ਅਣਦੇਖੀ ਕਰਾਂਗੇ ਤਾਂ ਦੁਰਘਟਨਾ ਦਾ ਵੀ ਖਤਰਾ ਨਾਲ ਹੀ ਚਲਣਾ ਹੈ। ਦਰ-ਅਸਲ ਅਸੀਂ ਆਪਣੀਆਂ ਗਲਤੀਆਂ ਰੱਬ ਜੀ ਦੇ ਖਾਤੇ ਵਿੱਚ ਪਾ ਕੇ ਆਪ ਸਰਖ਼ਰੂ ਹੋਣਾ ਚਾਹੁੰਦੇ ਹਾਂ।

ਜੇ ਰੱਬ ਜੀ ਦਾ ਕੋਈ ਰੂਪ ਰੰਗ ਨਹੀਂ ਹੈ ਤਾਂ ਉਹ ਸਾਡੇ ਵਿੱਚ ਤਥਾ ਸੰਸਾਰ ਵਿੱਚ ਵਿਆਪਕ ਕਿਦਾਂ ਹੈ? ਜੇ ਉਹ ਮਨੁੱਖਾਂ ਵਾਂਗ ਸਰੀਰਕ ਤਲ਼ ਤੇ ਨਹੀਂ ਹੈ ਤਾਂ ਫਿਰ ਉਸ ਦੀ ਹੋਂਦ ਕਿਸ ਤਰ੍ਹਾਂ ਦੀ ਹੈ? ਇਹ ਇੱਕ ਬਹੁਤ ਅਹਿਮ ਤੇ ਡੂੰਘਾ ਸਵਾਲ ਹੈ ਜਿਸ ਨੂੰ ਗੁਰਬਾਣੀ ਦੀ ਲੋਅ ਵਿੱਚ ਸਮਝਣ ਦਾ ਯਤਨ ਕਰਨਾ ਹੈ ਪਰ ਦਾਅਵਾ ਨਹੀਂ ਹੈ। ਜੋ ਦਿਸਦਾ ਤੇ ਅਣਦਿਸਦਾ ਸੰਸਾਰ ਹੈ ਇਹ ਸਾਰਾ ਪ੍ਰਮਾਤਮਾ ਦੀ ਹੋਂਦ ਦਾ ਸਾਕਾਰ ਰੂਪ ਹੈ। ਇਸ ਹੋਂਦ ਵਿੱਚ ਉਸ ਦੀ ਹੋਂਦ ਹੈ।

ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥ ੨॥
ਪੰਨਾ ੪੬੪ ਅੱਖਰੀਂ ਅਰਥ—

ਅੱਖ੍ਰੀਂ ਅਰਥ---ਪਉਣ, ਪਾਣੀ, ਅੱਗ, ਧਰਤੀ ਦੀ ਖ਼ਾਕ (ਆਦਿਕ ਤੱਤ), ਇਹ ਸਾਰੇ ਤੇਰਾ ਹੀ ਤਮਾਸ਼ਾ ਹਨ। (ਹੇ ਪ੍ਰਭੂ!) ਸਭ ਤੇਰੀ ਕਲਾ ਵਰਤ ਰਹੀ ਹੈ, ਤੂੰ ਕੁਦਰਤ ਦਾ ਮਾਲਕ ਹੈਂ, ਤੂੰ ਹੀ ਇਸ ਖੇਲ ਦਾ ਰਚਨਹਾਰ ਹੈਂ, ਤੇਰੀ ਵਡਿਆਈ ਸੁੱਚੀ ਤੋਂ ਸੁੱਚੀ ਹੈ, ਤੂੰ ਆਪ ਪਵਿੱਤਰ (ਹਸਤੀ ਵਾਲਾ) ਹੈਂ।

ਹੇ ਨਾਨਕ! ਪ੍ਰਭੂ (ਇਸ ਸਾਰੀ ਕੁਦਰਤ ਨੂੰ) ਆਪਣੇ ਹੁਕਮ ਵਿੱਚ (ਰੱਖ ਕੇ) (ਸਭ ਦੀ) ਸੰਭਾਲ ਕਰ ਰਿਹਾ ਹੈ, (ਤੇ ਸਭ ਥਾਈਂ, ਇਕੱਲਾ) ਆਪ ਹੀ ਆਪ ਮੌਜੂਦ ਹੈ।

ਵਿਚਾਰ ਚਰਚਾ--ਜਿਸ ਤਰ੍ਹਾਂ ਇੱਕ ਕਣਕ ਦੇ ਦਾਣੇ ਨੂੰ ਆਟਾ ਬਣਾ ਕੇ ਖਾਣ ਨਾਲ ਸਰੀਰ ਵਿੱਚ ਬਣਨ ਵਾਲਾ ਖ਼ੂਨ ਵੀ ਛੁਪਿਆ ਹੋਇਆ ਹੈ ਤੇ ਉਸ ਕਣਕ ਦੇ ਦਾਣੇ ਵਿੱਚ ਇੱਕ ਬੂਟੇ ਦੀ ਹੋਂਦ ਵੀ ਛੁੱਪੀ ਹੋਈ ਹੈ। ਜੇ ਕਣਕ ਦੇ ਦਾਣਿਆਂ ਦਾ ਆਟਾ ਖਾਵਾਂਗੇ ਤਾਂ ਅਵੱਸ਼ ਖ਼ੂਨ ਬਣੇਗਾ ਜੇ ਕਣਕ ਦੇ ਦਾਣਿਆਂ ਨੂੰ ਜ਼ਮੀਨ ਵਿੱਚ ਬੀਜ ਦੇਵਾਂਗੇ ਤਾਂ ਅਵੱਸ਼ ਬੂਟੇ ਪ੍ਰਗਟ ਹੋਣਗੇ। ਇਹ ਕਣਕ ਦੇ ਦਾਣੇ ਦੀ ਸ਼ਕਤੀ ਉਸ ਦਾ ਮੂਲ ਅਧਾਰ ਹੈ। ਕਮਾਲ ਦੀ ਗੱਲ ਤਾਂ ਇਹ ਹੈ ਕਿ ਨਾ ਤਾਂ ਸਾਨੂੰ ਕਣਕ ਦੇ ਦਾਣੇ ਵਿਚੋਂ ਖ਼ੂਨ ਦਿੱਸਦਾ ਹੈ ਤੇ ਨਾ ਹੀ ਸਾਨੂੰ ਇਸ ਦਾਣੇ ਵਿਚੋਂ ਬੂਟਾ ਦਿੱਸਦਾ ਹੈ। ਕਣਕ ਦੇ ਦਾਣੇ ਵਿੱਚ ਖ਼ੂਨ ਤਥਾ ਬੂਟੇ ਦੀ ਹੋਂਦ ਛੁਪੀ ਹੋਈ ਹੈ ਜੋ ਇੱਕ ਨਿਯਮ ਦੇ ਤਹਿਤ ਹੀ ਪ੍ਰਗਟ ਹੁੰਦੀ ਹੈ। ਏਸੇ ਤਰ੍ਹਾਂ ਹੀ ਰੱਬ ਜੀ ਭਾਵ ਸਦੀਵ ਕਾਲ ਨਿਯਮ ਸਾਰੀ ਕਾਇਨਾਤ ਵਿੱਚ ਵਿਆਪਕ ਹੈ। ਗੁਰੂ ਅਰਜਨ ਪਾਤਸ਼ਾਹ ਜੀ ਇਸ ਪ੍ਰਥਾਏ ਸੋਰਠਿ ਰਾਗ ਇੱਕ ਬੜਾ ਪਿਆਰਾ ਖ਼ਿਆਲ ਦੇਂਦੇ ਹਨ—

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥ ੧॥
ਸੰਤਹੁ ਘਟਿ ਘਟਿ ਰਹਿਆ ਸਮਾਹਿਓ॥
ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ ਆਹਿਓ॥ ੧॥ ਰਹਾਉ॥
ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ ਭਰਮੁ ਚੁਕਾਇਓ॥
ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ॥ ੨॥
ਰਾਗ ਸੋਰਠਿ ਮਹਲਾ ੫ ਪੰਨਾ ੬੧੭

ਅੱਖਰੀਂ ਅਰਥ--ਹੇ ਸੰਤ ਜਨੋ! ਪਰਮਾਤਮਾ ਹਰੇਕ ਸਰੀਰ ਵਿੱਚ ਮੌਜੂਦ ਹੈ। ਉਹ ਪੂਰੀ ਤਰ੍ਹਾਂ ਸਾਰੇ ਜੀਵਾਂ ਵਿੱਚ ਵਿਆਪਕ ਹੈ, ਉਹ ਸੋਹਣਾ ਰਾਮ ਪਾਣੀ ਵਿੱਚ ਹੈ ਧਰਤੀ ਵਿੱਚ ਹੈ। ੧। ਰਹਾਉ।

ਹੇ ਭਾਈ! ਜਿਵੇਂ ਸਭ ਬੂਟਿਆਂ ਵਿੱਚ ਅੱਗ (ਗੁਪਤ ਮੌਜੂਦ) ਹੈ, ਜਿਵੇਂ ਹਰੇਕ ਕਿਸਮ ਦੇ ਦੁੱਧ ਵਿੱਚ ਘਿਉ (ਮੱਖਣ) ਗੁਪਤ ਮੌਜੂਦ ਹੈ, ਤਿਵੇਂ ਚੰਗੇ ਮੰਦੇ ਸਭ ਜੀਵਾਂ ਵਿੱਚ ਪ੍ਰਭੂ ਦੀ ਜੋਤਿ ਸਮਾਈ ਹੋਈ ਹੈ, ਪਰਮਾਤਮਾ ਹਰੇਕ ਸਰੀਰ ਵਿੱਚ ਹੈ, ਸਭ ਜੀਵਾਂ ਵਿੱਚ ਹੈ। ੧।

ਹੇ ਭਾਈ! ਨਾਨਕ (ਉਸ) ਗੁਣਾਂ ਦੇ ਖ਼ਜ਼ਾਨੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦਾ ਗੀਤ ਗਾਂਦਾ ਹੈ। ਗੁਰੂ ਨੇ (ਨਾਨਕ ਦਾ) ਭੁਲੇਖਾ ਦੂਰ ਕਰ ਦਿੱਤਾ ਹੈ (ਤਾਂਹੀਏਂ ਨਾਨਕ ਨੂੰ ਯਕੀਨ

ਹੈ ਕਿ) ਪਰਮਾਤਮਾ ਸਭ ਜੀਵਾਂ ਵਿੱਚ ਵੱਸਦਾ ਹੈ (ਫਿਰ ਭੀ) ਸਦਾ (ਮਾਇਆ ਦੇ ਮੋਹ ਤੋਂ) ਨਿਰਲੇਪ ਹੈ, ਸਭ ਜੀਵਾਂ ਵਿੱਚ ਸਮਾ ਰਿਹਾ ਹੈ।

ਰਹਾਉ ਦੀਆਂ ਤੁਕਾਂ ਵਿੱਚ ਰੱਬ ਜੀ ਹਰੇਕ ਸਰੀਰ ਵਿੱਚ ਮੌਜੂਦ ਹਨ। ਉਹ ਮੁਕੰਮਲ ਤੌਰ ਤੇ ਜਿੱਥੇ ਹਰੇਕ ਸੀਰਰ ਵਿੱਚ ਮੌਜੂਦ ਹੈ ਓੱਥੇ ਧਰਤੀ ਤੇ ਪਾਣੀ ਵਿੱਚ ਵੀ ਰੱਬ ਜੀ ਦੀ ਹੋਂਦ ਮੌਜੂਦ ਹੈ—ਭਾਵ ਇੱਕ ਬੱਝਵੀਂ ਨਿਯਮਾਵਲੀ ਕੰਮ ਕਰ ਰਹੀ ਹੈ। ਇਹ ਨਿਯਮਾਵਲੀ ਬ੍ਰਹਿਮੰਡੀ ਹੈ। ਸੂਝਵਾਨਾਂ ਭਾਵ ਅਤਮ ਦਰਸ਼ੀਆਂ ਨੇ ਇਸ ਸਮੁੱਚੇ ਬ੍ਰਹਿਮੰਡੀ ਨਿਯਮਾਵਲੀ ਵਿਚੋਂ ਕਈ ਲੱਭਤਾਂ ਲੱਭੀਆਂ ਹਨ ਪਰ ਇਸ ਬ੍ਰਹਿਮੰਡ ਵਿੱਚ ਕਿੰਨੀਆਂ ਲੱਭਤਾਂ ਛੁਪੀਆਂ ਹਨ ਉਹਨਾਂ ਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ---- "ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ"॥

ਏਸੇ ਸ਼ਬਦ ਦੀਆਂ ਅਗਲੀਆਂ ਤੁਕਾਂ ਵਿੱਚ ਹੋਰ ਵਿਸਥਾਰ ਹੈ-

ਸੰਤਹੁ ਘਟਿ ਘਟਿ ਰਹਿਆ ਸਮਾਹਿਓ॥

ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ ਆਹਿਓ॥

ਰੱਬ ਜੀ ਦੀ ਹੋਂਦ ਸਬੰਧੀ ਉਪੋਰਕਤ ਸ਼ਬਦ ਵਿੱਚ ਬਨਾਸਪਤੀ ਦੀ ਉਦਾਹਰਣ ਦੇ ਕੇ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਬਨਸਪਤੀ ਵਿੱਚ ਅੱਗ ਮੌਜੂਦ ਹੈ ਪਰ ਸਾਨੂੰ ਦਿੱਸਦੀ ਨਹੀਂ ਹੈ। ਇਹ ਅੱਗ ਦਿੱਸਦੀ ਓਦੋਂ ਹੀ ਹੈ ਜਦੋਂ ਤੇਜ਼ ਹਨੇਰੀਆਂ ਨਾਲ ਜੰਗ਼ਲ ਦੇ ਦਰੱਖਤ ਆਪਸ ਵਿੱਚ ਟਕਰਾਉਂਦੇ ਹਨ ਤਾਂ ਮੀਲਾਂ ਬੱਧੀ ਜੰਗ਼ਲ ਅੱਗ ਦੀ ਭੇਟ ਹੋ ਜਾਂਦੇ ਹਨ। ਦੂਰੋਂ ਅੱਗ ਦੀਆਂ ਲਾਟਾਂ ਦਿੱਸਦੀਆਂ ਹਨ ਪਰ ਉਹਨਾਂ ਲਾਟਾਂ ਵਿੱਚ ਸਿੱਖਰ ਦੀ ਗਰਮੀ ਹੁੰਦੀ ਹੈ। ਦੂਸਰੀ ਉਦਾਹਰਣ ਗੁਰੂ ਪਾਤਸ਼ਾਹ ਜੀ ਦੁੱਧ ਦੀ ਦੇਂਦੇ ਹਨ ਕਿ ਜਿਸ ਤਰ੍ਹਾਂ ਦੁਨੀਆਂ ਦੇ ਹਰ ਪ੍ਰਕਾਰ ਦੇ ਦੁੱਧ ਵਿੱਚ ਘਿਉ ਹੈ ਪਰ ਘਿਓ ਦੀ ਪ੍ਰਾਪਤੀ ਲਈ ਦੁੱਧ ਨੂੰ ਵਿਸ਼ੇਸ਼ ਨਿਯਮ ਦੇ ਵਿੱਚ ਦੀ ਲੰਘਣਾ ਪਏਗਾ ਤਾਂ ਜਾ ਕੇ ਘਿਓ ਦੀ ਪ੍ਰਾਪਤੀ ਹੁੰਦੀ ਹੈ—

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥

ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥

ਹਰੇਕ ਸਰੀਰ ਵਿੱਚ ਜੋਤ (ਸਦੀਵ ਕਾਲ ਨਿਯਮਾਵਲੀ) ਸਮਾਈ ਹੋਈ ਹੈ। ਰੱਬ ਹਰੇਕ ਸਰੀਰ ਵਿੱਚ ਤੇ ਜ਼ਰੇ ਜ਼ਰੇ ਵਿੱਚ ਇੱਕ ਬੱਝਵੇਂ ਨਿਯਮ ਵਿੱਚ ਸਮਾਇਆ ਹੋਇਆ ਹੈ। ਸਦੀਵ ਕਾਲ ਨਿਯਮਾਵਲੀ ਦੇ ਸਦੀਵ ਕਾਲ ਦੈਵੀ ਗੁਣ ਹਨ ਜਿੰਨ੍ਹਾਂ ਨੂੰ ਸਮਝ ਕੇ ਜ਼ਿੰਦਗੀ

ਵਿੱਚ ਅਪਨਾਉਣਾ ਹੈ। ਗੁਰੂ ਅਰਜਨ ਪਾਤਸ਼ਾਹ ਜੀ ਫਰਮਾਉਂਦੇ ਹਨ ਕਿ ਮੈਂ ਉਸ ਸਰਬ ਵਿਆਪਕ ਰੱਬ ਦੇ ਗੁਣਾਂ ਨੂੰ ਗਾਉਂਦਾ ਹਾਂ ਭਾਵ ਸਦੀਵ ਕਾਲ ਪ੍ਰਭੂ ਦੇ ਗੁਣਾਂ ਦੀ ਵਰਤੋਂ ਕਰਦਾ ਹਾਂ—

ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ ਭਰਮੁ ਚੁਕਾਇਓ॥

ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ॥

ਅਕਾਲ ਪਰਖ ਸਭ ਜੀਵਾਂ ਵਿੱਚ ਸਮਾਇਆ ਹੋਇਆ ਹੈ ਪਰ ਉਹ ਮਾਇਕ ਪਦਾਰਥਾਂ ਤੋਂ ਨਿਰਲੇਪ ਹੈ। ਰੱਬ ਜੀ ਦੀ ਪ੍ਰਾਪਤੀ ਸਤਿਗੁਰ ਦੇ ਉਪਦੇਸ਼ ਦੁਆਰਾ ਸਮਝਾਈ ਗਈ। ਸਤਿਗੁਰ ਦਾ ਉਪਦੇਸ਼ ਸਾਡੇ ਆਪਣੇ ਬੁਣੇ ਹੋਏ ਭਰਮ ਜਾਲ ਨੂੰ ਤੋੜਦਾ ਹੈ। ਇਸ ਦਾ ਭਾਵ ਅਰਥ ਹੈ ਕਿ ਜੇ ਸਾਡੇ ਮਨ ਵਿਚਲੇ ਭਰਮ ਖਤਮ ਹੋ ਜਾਣ ਤਾਂ ਸਹਿਜੇ ਹੀ ਰੱਬੀ ਗੁਣਾਂ ਵਿੱਚ ਅਭੇਦ ਹੋ ਸਕਦੇ ਹਾਂ। ਰੱਬ ਦੈਵੀ ਗੁਣਾਂ ਦਾ ਖ਼ਜ਼ਾਨਾ ਹਨ ਜੋ ਸਾਡੇ ਜੀਵਨ ਦਾ ਅਧਾਰ ਹਨ।

ਰੱਬ ਦੀ ਹੋਂਦ ਤੇ ਉਸ ਦੀ ਸਰਬ ਵਿਆਪਕਤਾ ਸਬੰਧੀ ਗੁਰੂ ਤੇਗ ਬਹਾਦਰ ਜੀ ਰਾਗ ਧਨਾਸਰੀ ਵਿੱਚ ਇੱਕ ਅਗੰਮੀ ਫਰਮਾਣ ਹੈ—

ਕਾਹੇ ਰੇ ਬਨ ਖੋਜਨ ਜਾਈ॥

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ੧॥ ਰਹਾਉ॥

ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥

ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥ ੧॥

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥ ੨॥

ਧਨਾਸਰੀ ਮਹਲਾ ੯ ਪੰਨਾ ੬੮੪

ਅੱਖਰੀਂ ਅਰਥ--ਹੇ ਭਾਈ! (ਪਰਮਾਤਮਾ ਨੂੰ) ਲੱਭਣ ਵਾਸਤੇ ਤੂੰ ਜੰਗਲਾਂ ਵਿੱਚ ਕਿਉਂ ਜਾਂਦਾ ਹੈਂ? ਪਰਮਾਤਮਾ ਸਭ ਵਿੱਚ ਵੱਸਣ ਵਾਲਾ ਹੈ, (ਫਿਰ ਭੀ) ਸਦਾ (ਮਾਇਆ ਦੇ ਪ੍ਰਭਾਵ ਤੋਂ) ਨਿਰਲੇਪ ਰਹਿੰਦਾ ਹੈ। ਉਹ ਪਰਮਾਤਮਾ ਤੇਰੇ ਨਾਲ ਹੀ ਵੱਸਦਾ ਹੈ। ੧। ਰਹਾਉ।

ਹੇ ਭਾਈ! ਜਿਵੇਂ ਫੁੱਲ ਵਿੱਚ ਸੁਗੰਧੀ ਵੱਸਦੀ ਹੈ, ਜਿਵੇਂ ਸ਼ੀਸ਼ੇ ਵਿੱਚ (ਸ਼ੀਸ਼ਾ ਵੇਖਣ ਵਾਲੇ

ਦਾ) ਅਕਸ ਵੱਸਦਾ ਹੈ, ਤਿਵੇਂ ਪਰਮਾਤਮਾ ਇਕ-ਰਸ ਸਭਨਾਂ ਦੇ ਅੰਦਰ ਵੱਸਦਾ ਹੈ। (ਇਸ ਵਾਸਤੇ, ਉਸ ਨੂੰ) ਆਪਣੇ ਹਿਰਦੇ ਵਿੱਚ ਹੀ ਲੱਭ। ੧।

ਹੇ ਭਾਈ! ਗੁਰੂ ਦਾ (ਆਤਮਕ ਜੀਵਨ ਦਾ) ਉਪਦੇਸ਼ ਇਹ ਦੱਸਦਾ ਹੈ ਕਿ (ਆਪਣੇ ਸਰੀਰ ਦੇ) ਅੰਦਰ (ਅਤੇ ਆਪਣੇ ਸਰੀਰ ਤੋਂ) ਬਾਹਰ (ਹਰ ਥਾਂ) ਇੱਕ ਪਰਮਾਤਮਾ ਨੂੰ (ਵੱਸਦਾ) ਸਮਝੋ। ਹੇ ਦਾਸ ਨਾਨਕ! ਆਪਣਾ ਆਤਮਕ ਜੀਵਨ ਪਰਖਣ ਤੋਂ ਬਿਨਾ (ਮਨ ਉੱਤੋਂ) ਭਟਕਣਾ ਦਾ ਜਾਲਾ ਦੂਰ ਨਹੀਂ ਹੋ ਸਕਦਾ (ਤੇ, ਉਤਨਾ ਚਿਰ ਸਰਬ-ਵਿਆਪਕ ਪਰਮਾਤਮਾ ਦੀ ਸੂਝ ਨਹੀਂ ਆ ਸਕਦੀ)।

ਵਿਚਾਰ ਚਰਚਾ--ਰੱਬ ਜੀ ਦੀ ਪ੍ਰਾਪਤੀ ਸਬੰਧੀ ਹਰ ਬੰਦੇ ਦਾ ਆਪਣਾ ਆਪਣਾ ਖ਼ਿਆਲ ਰਿਹਾ ਹੈ। ਕੋਈ ਇਹ ਸਮਝਦਾ ਹੈ ਕਿ ਰੱਬ ਜੀ ਸਤਵੇਂ ਅਸਮਾਨ ਤੇ ਰਹਿੰਦੇ ਹਨ। ਕੋਈ ਕਹਿੰਦਾ ਹੈ ਕਿ ਰੱਬ ਜੀ ਦੇ ਵੱਖਰੇ ਵੱਖਰੇ ਵਿਭਾਗ ਹਨ ਤੇ ਅੱਗੇ ਉਸ ਦੇ ਵੱਖਰੇ ਵੱਖਰੇ ਕਰਿੰਦੇ ਹਨ ਜੋ ਅਗਾਂਹ ਦੁਨੀਆਂ ਦਾ ਕਾਰ-ਵਿਹਾਰ ਚਲਾਉਂਦੇ ਹਨ। ਕਿਸੇ ਮਨੁੱਖ ਦਾ ਇਹ ਪੱਕਾ ਵਿਸ਼ਵਾਸ ਹੈ ਕਿ ਰੱਬ ਜੀ ਜੰਗਲ਼ਾਂ ਵਿੱਚ ਰਹਿੰਦੇ ਹਨ। ਰੱਬ ਸਬੰਧੀ ਜਿੰਨੇ ਮੂੰਹ ਓਨੀਆਂ ਗੱਲਾਂ ਬਣੀਆਂ ਹੋਈਆਂ ਹਨ। ਹਰ ਦੇਸ਼, ਕੌਮ, ਬਰਾਦਰੀ, ਸਮਾਜ ਦਾ ਆਪੋ ਆਪਣਾ ਵਿਸ਼ਵਾਸ ਹੈ।

ਜਿਹੜੇ ਲੋਕ ਭਟਕਣਾ ਜੰਗਲ਼ਾਂ ਵਿੱਚ ਜਾ ਕੇ ਰੱਬ ਜੀ ਨੂੰ ਲੱਭਣ ਲਈ ਆਪਣੀਆਂ ਜ਼ਿੰਦਗੀਆਂ ਗਾਲ਼ ਰਹੇ ਉਹਨਾਂ ਨੂੰ ਗੁਰੂ ਸਾਹਿਬ ਜੀ ਸਮਝਾ ਰਹੇ ਹਨ, ਕਿ "ਐ ਬੰਦਿਆ! ਤੂੰ ਕਿਉਂ ਜੰਗਲ਼ਾਂ ਵਿੱਚ ਜਾ ਕੇ ਆਪਣੇ ਕੀਮਤੀ ਜੀਵਨ ਨੂੰ ਬਰਬਾਦ ਕਰ ਰਿਹਾ ਏਂ? ਜੰਗਲ ਦਾ ਭਾਵ ਦੁਬਿਧਾ, ਭਟਕਣਾ ਤੇ ਧਰਮ ਦੇ ਨਾਂ ਤੇ ਲੋਕ ਵਿਖਾਵੇ ਵਾਲੇ ਕਰਮ ਕਾਂਡ ਤੋਂ ਸਮਝਿਆ ਜਾ ਸਕਦਾ ਹੈ। ਰੱਬ ਜੀ ਤਾਂ ਸਰਬ ਵਿਆਪਕ ਹਨ। ਮਾਇਆ ਤੋਂ ਨਿਰਲੇਪ ਰਹਿਣ ਵਾਲਾ ਤੇਰੇ ਹਿਰਦੇ ਵਿੱਚ ਵੀ ਵੱਸ ਰਿਹਾ ਹੈ ਪਰ ਤੂੰ —

ਕਾਹੇ ਰੇ ਬਨ ਖੋਜਨ ਜਾਈ॥

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ"॥

ਗੁਰੂ ਸਾਹਿਬ ਜੀ ਫੁੱਲ ਦੀ ਉਦਾਹਰਣ ਦੇ ਕੇ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਇੱਕ ਫੁੱਲ ਵਿੱਚ ਸੁਗੰਧੀ ਹੈ ਪਰ ਉਹ ਸਾਨੂੰ ਦਿੱਸਦੀ ਨਹੀਂ ਹੈ। ਦੂਜੀ ਉਦਾਹਰਣ ਸ਼ੀਸ਼ੇ ਦੀ ਦੇਂਦੇ ਹਨ ਕਿ ਜਿਸ ਤਰ੍ਹਾਂ ਸ਼ੀਸ਼ਾ ਦੇਖਣ ਨਾਲ ਸਾਨੂੰ ਆਪਣਾ ਪ੍ਰਛਾਵਾਂ ਦਿੱਸਦਾ ਹੈ, ਏਸੇ ਤਰ੍ਹਾਂ ਹੀ ਰੱਬ

ਜੀ ਸਾਡੇ ਨਾਲ ਹਨ ਜਦੋਂ ਸ਼ਬਦਾਂ ਦੀ ਵਿਚਾਰ ਦੁਆਰਾ ਸਮਝਣ ਦਾ ਯਤਨ ਕਰਾਂਗੇ ਤਾਂ ਅਵੱਸ਼ ਸਾਨੂੰ ਆਪਣੇ ਫ਼ਰਜ਼ ਦੀ ਪਹਿਚਾਣ ਹੋਏਗੀ। ਆਪਣੇ ਮੂਲ ਦੀ ਪਹਿਚਾਣ ਹੋਵੇਗੀ। ਇੱਕ ਵਿਦਵਾਨ ਜੀ ਹੁਰਾਂ ਮੁੱਕਰ ਦੇ ਅਰਥ ਲਕੜੀ ਵੀ ਕੀਤੇ ਹਨ ਕਿ ਜਿਸ ਤਰ੍ਹਾਂ ਲਕੜੀ ਵਿੱਚ ਛਾਈ ਭਾਵ ਸੁਆਹ ਭਾਵ ਅਗਨੀ ਹੈ ਏਸੇ ਤਰ੍ਹਾਂ ਪ੍ਰਭੂ ਜੀ ਸਾਡੇ ਹਿਰਦੇ ਵਿੱਚ ਹਨ। ਫੁੱਲ ਦੀ ਸੁਗੰਧੀ ਵਾਂਗ ਰੱਬ ਜੀ ਸਾਡੇ ਹਿਰਦੇ ਵਿੱਚ ਸਮਾਏ ਹੋਏ ਹਨ। ਫੁੱਲ ਸੁਗੰਧੀ ਦੇਂਦਾ ਹੈ ਤੇ ਰੱਬੀ ਗੁਣ ਵੀ ਸਾਡੇ ਜੀਵਨ ਵਿਚੋਂ ਸੁਗੰਧੀ ਦੇਂਦੇ ਹਨ। ਜਿਸ ਤਰ੍ਹਾਂ ਸ਼ੀਸ਼ੇ ਵਿਚੋਂ ਆਪਣਾ ਮੂੰਹ ਦਿੱਸਦਾ ਹੈ, ਲਿਹਾਜਾ ਏਸੇ ਤਰ੍ਹਾਂ ਅਸੀਂ ਆਪਣੇ ਅੰਦਰੋਂ ਗੁਣਾਂ ਰੂਪੀ ਰੱਬ ਜੀ ਦੇਖਣਾ ਹੈ—

ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ"॥

ਸਾਡੀ ਅੰਦਰਲੀ ਚੇਤਨਤਾ, ਗਿਆਨ ਇੰਦ੍ਰਿਆਂ ਵਿੱਚ ਤੇ ਬਾਹਰ ਹਰ ਥਾਂ ਤੇ ਰੱਬ ਜੀ ਨੂੰ ਵੱਸਦਾ ਦੇਖਣ ਦਾ ਯਤਨ ਕਰਨਾ ਹੈ। ਜਿਨਾਂ ਚਿਰ ਆਪਣੇ ਆਪ ਨੂੰ ਪਰਖਣ ਦੀ ਕੋਸ਼ਿਸ ਨਹੀਂ ਕਰਦਾ ਉਨ੍ਹਾ ਚਿਰ ਇਸ ਨੂੰ ਆਪਣੇ ਅੰਦਰ ਬੈਠੇ ਰੱਬ ਭਾਵ ਸੱਚ ਦਾ ਅਹਿਸਾਸ ਨਹੀਂ ਹੋ ਸਕਦਾ। ਮਨ ਦੀ ਭਟਕਣਾ ਦਾ ਜਾਲਾ ਗੁਰ-ਗਿਆਨ ਦੁਆਰਾ ਹੀ ਉੱਤਰਨਾ ਹੈ—

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥

ਲੰਬਾ ਸਮਾਂ ਇੱਕ ਜਗ੍ਹਾ ਪਾਣੀ ਖੜਾ ਰਹੇ ਤਾਂ ਉਸ ਵਿੱਚ ਹਰੇ ਰੰਗ ਦਾ ਜਾਲਾ ਜੰਮ ਜਾਂਦਾ ਹੈ। ਇਹ ਜਾਲਾ ਪਾਣੀ ਨੂੰ ਜ਼ਮੀਨ ਵਿੱਚ ਰਚਣ ਨਹੀਂ ਦੇਂਦਾ। ਏਸੇ ਤਰ੍ਹਾਂ ਹੀ ਜੇ ਵਿਕਾਰਾਂ ਦੀ ਤਹਿ ਮਨੁੱਖੀ ਮਨ ਤੇ ਚੜ੍ਹੀ ਹੋਈ ਹੈ ਤਾਂ ਇਸ ਦੀ ਚੇਤਨਤਾ ਵਿੱਚ ਰੱਬੀ ਗੁਣਾਂ ਦਾ ਟਿਕਾਅ ਨਹੀਂ ਹੋ ਸਕਦਾ।

ਹਜ਼ਾਰਾਂ ਮਣਕਿਆਂ ਨੂੰ ਇੱਕ ਧਾਗੇ ਨੇ ਇੱਕ ਥਾਂ ਬੰਨ ਕੇ ਰੱਖਿਆ ਹੁੰਦਾ ਹੈ। ਇੱਕ ਕਪੜਾ ਤਾਂ ਹੀ ਤਿਆਰ ਹੁੰਦਾ ਹੈ ਜੇ ਉਸ ਵਿੱਚ ਤਾਣਾ ਤੇ ਪੇਟਾ ਪਾਇਆ ਜਾਏ। ਏਸੇ ਤਰ੍ਹਾਂ ਹੀ ਰੱਬ ਸਾਰੇ ਜੀਵਾਂ ਵਿੱਚ ਤਥਾ ਸਾਰੇ ਸੰਸਾਰ ਵਿੱਚ ਨਿਯਮਾਵਲੀ ਦੇ ਰੂਪ ਵਿੱਚ ਰਵਿਆ ਹੋਇਆ ਹੈ ਜੇਹਾ ਭਗਤ ਨਾਮਦੇਵ ਜੀ ਆਸਾ ਰਾਗ ਵਿੱਚ ਫਰਮਾਉਂਦੇ ਹਨ—

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥

ਸੂਤੁ ਏਕੁ ਮਣਿ ਸਤ ਸਹੰਸ ਜੈਸੇ, ਓਤਿ ਪੋਤਿ ਪ੍ਰਭੁ ਸੋਈ॥ ੧॥

ਰਾਗ ਆਸਾ ਬਾਣੀ ਭਗਤ ਨਾਮਦੇਵ ਜੀ ਕੀ ਪੰਨਾ ੪੮੫

ਸਮੁੰਦਰ ਦੇ ਕਿਨਾਰੇ ਤੇ ਖਲੋ ਕੇ ਦੇਖਿਆਂ ਪਤਾ ਚੱਲਦਾ ਹੈ ਕਿੰਨੇ ਬੁਲਬਲੇ, ਕਿੰਨੀਆਂ ਪਾਣੀ ਦੀਆਂ ਲਹਿਰਾਂ ਜਨਮ ਲੈਂਦੀਆਂ ਹਨ ਤੇ ਨਾਲ ਹੀ ਪਾਣੀ ਵਿੱਚ ਰਲ਼ਦੀਆਂ ਜਾਂਦੀਆਂ ਹਨ। ਦੇਖਣ ਨੂੰ ਇੰਜ ਮਹਿਸੂਸ ਹੁੰਦਾ ਹੈ ਕਿ ਸ਼ਾਇਦ ਪਾਣੀਆਂ ਦੇ ਬੁਲਬਲੇ ਤੇ ਲਹਿਰਾਂ ਵੱਖੋ ਵੱਖਰੀ ਹੋਂਦ ਰੱਖਦੀਆਂ ਹੋਣ, ਪਰ ਅਸਲ ਵਿੱਚ ਇਹ ਪਾਣੀ ਦਾ ਹੀ ਮੂਲ ਰੂਪ ਹਨ ਕੁੱਝ ਏਸੇ ਤਰ੍ਹਾਂ ਸੰਸਾਰ ਤੇ ਰੱਬ ਦੇਖਣ ਨੂੰ ਵੱਖਰੀ ਵੱਖਰੀ ਹਸਤੀ ਲੱਗਦੀ ਹੈ। ਅਸਲ ਵਿੱਚ ਇਹ ਸਾਰਾ ਰੱਬ ਦਾ ਹੀ ਖਿਲਾਰਾ ਹੈ ਤੇ ਇਸ ਖਿਲਾਰੇ ਵਿੱਚ ਸਦੀਵ ਨਿਯਮ ਦੇ ਰੂਪ ਬੈਠਾ ਹੋਇਆ ਹੈ—

ਜਲ ਤਰੰਗ ਅਰੁ ਫੇਨ ਬੁਦਬੁਦਾ, ਜਲ ਤੇ ਭਿੰਨ ਨ ਹੋਈ॥

ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ, ਬਿਚਰਤ ਆਨ ਨ ਹੋਈ॥

ਰਾਗ ਆਸਾ ਬਾਣੀ ਭਗਤ ਨਾਮਦੇਵ ਜੀ ਕੀ ਪੰਨਾ ੪੮੫

ਅੱਖਰੀਂ ਅਰਥ--ਪਾਣੀ ਦੀਆਂ ਠਿੱਲ੍ਹਾਂ, ਝੱਗ ਅਤੇ ਬੁਲਬੁਲੇ—ਇਹ ਸਾਰੇ ਪਾਣੀ ਤੋਂ ਵੱਖਰੇ ਨਹੀਂ ਹੁੰਦੇ, ਤਿਵੇਂ ਹੀ ਇਹ ਦਿੱਸਦਾ ਤਮਾਸ਼ਾ-ਰੂਪ ਜਗਤ ਪਰਮਾਤਮਾ ਦੀ ਰਚੀ ਹੋਈ ਖੇਡ ਹੈ, ਗਹੁ ਨਾਲ ਸੋਚਿਆਂ (ਇਹ ਸਮਝ ਆ ਜਾਂਦੀ ਹੈ ਕਿ ਇਹ ਉਸ ਤੋਂ) ਵੱਖਰਾ ਨਹੀਂ ਹੈ। ੨।

ਭਗਤ ਨਾਮਦੇਵ ਜੀ ਨੇ ਵਿਚਾਰਣ ਦੇ ਵਿਸ਼ੇ ਤੇ ਜ਼ੋਰ ਦੇਂਦਿਆਂ ਸਮਝਾਇਆ ਹੈ ਰੱਬ ਦੀ ਰਚੀ ਹੋਈ ਰਚਨਾ ਇੱਕ ਖੇਲ ਹੈ। ਇਸ ਖੇਲ ਵਿੱਚ ਪਤਝੜ੍ਹ, ਬਰਸਾਤ, ਬੱਦਲ, ਬਸੰਤ ਰੁੱਤ, ਧੁੱਪ-ਛਾਂ ਸਦੀਵ ਕਾਲ ਇੱਕ ਬੱਝਵੇਂ ਨਿਯਮ ਵਿੱਚ ਚਲ ਰਹੀ ਦਿੱਸਦੀ ਹੈ। ਜੇ ਵਿਚਾਰਵਾਨ ਬਣ ਕੇ ਦੇਖਾਂਗੇ ਤਾਂ ਸਾਨੂੰ ਸਾਰਿਆਂ ਵਿੱਚ ਉਸ ਦਾ ਹੀ ਰੂਪ ਨਜ਼ਰ ਆਏਗਾ—

ਕਹਤ ਨਾਮਦੇਉ ਹਰਿ ਕੀ ਰਚਨਾ, ਦੇਖਹੁ ਰਿਦੈ ਬੀਚਾਰੀ॥

ਘਟ ਘਟ ਅੰਤਰਿ ਸਰਬ ਨਿਰੰਤਰਿ, ਕੇਵਲ ਏਕ ਮੁਰਾਰੀ॥

ਰਾਗ ਆਸਾ ਬਾਣੀ ਭਗਤ ਨਾਮਦੇਵ ਜੀ ਕੀ ਪੰਨਾ ੪੮੫

ਅੱਖਰੀਂ ਅਰਥ--ਨਾਮਦੇਵ ਆਖਦਾ ਹੈ— (ਹੇ ਭਾਈ!) ਆਪਣੇ ਹਿਰਦੇ ਵਿੱਚ ਵਿਚਾਰ ਕੇ ਵੇਖ ਲਵੋ ਕਿ ਇਹ ਪਰਮਾਤਮਾ ਦੀ ਰਚੀ ਹੋਈ ਖੇਡ ਹੈ, ਇਸ ਵਿੱਚ ਹਰੇਕ ਘਟ ਅੰਦਰ

ਹਰ ਥਾਂ ਸਿਰਫ਼ ਇੱਕ ਪਰਮਾਤਮਾ ਹੀ ਵੱਸਦਾ ਹੈ।

ਭਾਵ -—ਪਰਮਾਤਮਾ ਆਪਣੀ ਇਸ ਰਚੀ ਸ੍ਰਿਸ਼ਟੀ ਵਿੱਚ ਹਰ ਥਾਂ ਮੌਜੂਦ ਹੈ। ਗੁਰੂ ਦੀ ਕਿਰਪਾ ਨਾਲ ਮਨੁੱਖ ਨੂੰ ਇਹ ਸੂਝ ਪੈਂਦੀ ਹੈ।

ਰੱਬ ਜੀ ਦੀ ਸਰਬ ਵਿਆਪਕਤਾ ਸਬੰਧੀ ਗੁਰੂ ਨਾਨਕ ਸਾਹਿਬ ਜੀ ਇੱਕ ਬੜੀ ਪਿਆਰੀ ਉਦਾਹਰਣ ਦੇਂਦਿਆਂ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਚਾਦਨੀ ਰਾਤ ਵਿੱਚ ਸੈਂਕੜੇ ਘੜੇ ਪਾਣੀ ਨਾਲ ਭਰੇ ਹੋਣ ਤਾਂ ਹਰੇਕ ਘੜੇ ਵਿਚੋਂ ਚੰਦ੍ਰਮਾ ਦਾ ਪ੍ਰਛਾਵਾਂ ਦਿਸੇਗਾ---ਹਭ ਸਮਾਣੀ ਜੋਤਿ, ਜਿਉ ਜਲ ਘਟਾਊ ਚੰਦ੍ਰਮਾ॥

ਪਰਗਟੁ ਥੀਆ ਆਪਿ, ਨਾਨਕ ਮਸਤਕਿ ਲਿਖਿਆ॥ ੨॥

ਸਲੋਕ ਮ: ੫ ਪੰਨਾ ੧੦੯੯ –

ਅੱਖਰੀਂ ਅਰਥ--ਹੇ ਨਾਨਕ! ਪ੍ਰਭੂ ਦੀ ਜੋਤਿ ਤਾਂ ਹਰ ਥਾਂ ਸਮਾਈ ਹੋਈ ਹੈ (ਮੌਜੂਦ ਹੈ) ਜਿਵੇਂ ਪਾਣੀ ਦੇ ਘੜਿਆਂ ਵਿੱਚ ਚੰਦ੍ਰਮਾ (ਦਾ ਪ੍ਰਤਿਬਿੰਬ) ਹੈ। (ਪਰ ਮਾਇਆ-ਵੇੜ੍ਹੇ ਜੀਵ ਨੂੰ ਆਪਣੇ ਅੰਦਰ ਉਸ ਦਾ ਦੀਦਾਰ ਨਹੀਂ ਹੁੰਦਾ)। ਜਿਸ ਮਨੁੱਖ ਦੇ ਮੱਥੇ ਉਤੇ (ਪੂਰਬਲਾ) ਲਿਖਿਆ ਲੇਖ ਜਾਗਦਾ ਹੈ, ਉਸ ਦੇ ਅੰਦਰ ਪ੍ਰਭੂ ਦੀ ਜੋਤਿ ਪਰਤੱਖ ਹੋ ਪੈਂਦੀ ਹੈ।

ਏੱਥੇ ਸਵਾਲ ਪੈਦਾ ਹੁੰਦਾ ਹੈ ਕਿ ਮੱਥੇ ਤੇ ਜੋ ਪੂਰਬਲੇ ਕਰਮ ਲਿਖੇ ਹਨ ਕੀ ਉਸ ਦੇ ਅਧਾਰਤ ਰੱਬ ਦੀ ਜੋਤ ਪ੍ਰਗਟ ਹੋਣੀ ਹੈ? ਇਸ ਦੀ ਇੱਕ ਮਿਸਾਲ ਸਮਝਦੇ ਹਾਂ ਜਿਸ ਤਰ੍ਹਾਂ ਕੋਈ ਵਿਦਿਆਰਥੀ ਛੇਵੀਂ ਜਮਾਤ ਵਿੱਚ ਪੜ੍ਹਦਾ ਹੋਇਆ ਚੰਗੇ ਨੰਬਰ ਲੈ ਕੇ ਪਾਸ ਹੋ ਜਾਂਦਾ ਹੈ ਤਾਂ ਉਸ ਨੂੰ ਸੱਤਵੀਂ ਜਮਾਤ ਵਿੱਚ ਦਾਖਲਾ ਮਿਲ ਜਾਏਗਾ। ਉਹਦੀ ਅੰਦਰਲੀ ਪ੍ਰਤਿਭਾ ਉਸ ਨੂੰ ਸਤਵੀਂ ਜਮਾਤ ਵਿੱਚ ਲੈ ਗਈ। ਓਦ੍ਹੇ ਮੱਥੇ ਤੇ ਛੇਵੀਂ ਜਮਾਤ ਦੀ ਵਿਦਿਆ ਲਿਖੀ ਗਈ ਭਾਵ ਛੇਵੀਂ ਜਮਾਤ ਦਾ ਦਿਮਾਗ ਨੇ ਅਧਿਆਪਕਾਂ ਕੋਲੋਂ ਗਿਆਨ ਹਾਸਲ ਕਰ ਲਿਆ ਤੇ ਸਤਵੀਂ ਵਿੱਚ ਚਲਾ ਗਿਆ। ਏਸੇ ਤਰ੍ਹਾਂ ਜੇ ਰੱਬ ਜੀ ਦੇ ਗੁਣਾਂ ਨੂੰ ਸਮਝ ਕੇ ਧਾਰਨ ਕਰਦਾ ਹੈ ਉਦੋਂ ਤੋਂ ਉਸ ਦਾ ਪੂਰਬਲਾ ਕਰਮ ਬਣਨਾ ਸ਼ੁਰੂ ਹੁੰਦਾ ਹੈ। ਭਾਵ ਕੇ ਏਸੇ ਜੀਵਨ ਵਿੱਚ ਜਦੋਂ ਸਮਝ ਆਉਣੀ ਸ਼ੁਰੂ ਹੋ ਜਾਂਦੀ ਹੈ ਤਾਂ ਰੱਬੀ ਗੁਣ ਵਿਹਾਰ ਵਿਚੋਂ ਪ੍ਰਗਟ ਹੋਣੇ ਸ਼ੁਰੂ ਹੁੰਦੇ ਹਨ।

ਧਨਾਸਰੀ ਰਾਗ ਵਿੱਚ ਗੁਰੂ ਅਰਜਨ ਪਾਤਸ਼ਾਹ ਜੀ ਫਰਮਾਉਂਦੇ ਹਨ ਕਿ ਮੈਂ ਜਿਸ ਪਾਸੇ ਵੀ ਦੇਖਦਾ ਹਾਂ ਰੱਬ ਜੀ ਦਾ ਹੀ ਪਸਾਰਾ ਲੱਗਦਾ ਹੈ—

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥

ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥ ੧॥

ਧਨਾਸਰੀ ਮਹਲਾ ੫ ਪੰਨਾ ੬੭੭

ਅੱਖਰੀਂ ਅਰਥ--ਹੇ ਭਾਈ! ਮੈਂ ਜਿੱਥੇ ਜਿੱਥੇ ਵੇਖਦਾ ਹਾਂ ਉੱਥੇ ਉੱਥੇ ਹੀ ਪਰਮਾਤਮਾ ਹਾਜ਼ਰ-ਨਾਜ਼ਰ ਹੈ, ਉਹ ਕਿਸੇ ਥਾਂ ਤੋਂ ਭੀ ਦੂਰ ਨਹੀਂ ਹੈ। ਹੇ (ਮੇਰੇ) ਮਨ! ਤੂੰ ਸਦਾ ਉਸ ਪ੍ਰਭੂ ਨੂੰ ਸਿਮਰਿਆ ਕਰ, ਜੇਹੜਾ ਸਭਨਾਂ ਵਿੱਚ ਵੱਸ ਰਿਹਾ ਹੈ। ੧।

ਆਪਣੇ ਮਨ ਨੂੰ ਸਲਾਹ ਦੇਂਦਿਆਂ ਗੁਰੂ ਸਾਹਿਬ ਜੀ ਫਰਮਾਉਂਦੇ ਹਨ ਕਿ ਹੇ ਮੇਰੇ ਮਨ ਤੂੰ ਉਸ ਸਰਬ ਵਿਆਪਕ ਰੱਬ ਜੀ ਨੂੰ ਸਦਾ ਧਿਆਇਆ ਕਰ। ਭਾਵ ਉਸ ਦੇ ਗੁਣਾਂ ਨੂੰ ਸਮਝ ਕੇ ਉਸ ਦੀ ਸਦੀਵ ਕਾਲ ਨਿਯਮਾਵਲੀ ਵਿੱਚ ਚੱਲਣ ਦਾ ਯਤਨ ਕਰ।

ਗੁਰੂ ਤੇਗ ਬਹਾਦਰ ਜੀ ਦਾ ਫੁਰਮਾਣ ਹੈ ਕਿ ਪ੍ਰਮਾਤਮਾ ਹਰੇਕ ਸਰੀਰ ਵਿੱਚ ਵੱਸਿਆ ਹੋਇਆ ਹੈ। ਇਸ ਦਾ ਭਾਵ ਅਰਥ ਹੈ ਕਿ ਸਾਡੇ ਦਿਮਾਗ ਵਿੱਚ ਸ਼ੁਭ ਗੁਣ ਭਰੇ ਹੋਏ ਹਨ ਤੇ ਇਹਨਾਂ ਗੁਣਾਂ ਨੂੰ ਗੁਰਬਾਣੀ ਗਿਆਨ ਦੁਆਰਾ ਸਮਝਣਾ ਹੈ। ਇਹਨਾਂ ਸਦੀਵ ਕਾਲ ਗੁਣਾਂ ਦੀ ਵਰਤੋਂ ਕਰਨ ਵਾਲਾ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਹੋ ਸਕੀਦਾ ਹੈ। ਭਾਵ ਜ਼ਿੰਦਗੀ ਜਿਉਣ ਦੇ ਮਹੱਤਵ ਦੀ ਜਾਚ ਆ ਜਾਂਦੀ ਹੈ---

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥

ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥ ੧੨॥

ਸਲੋਕ ਮ: ੯ ਪੰਨਾ ੧੪੨੭

ਅੱਖਰੀਂ ਅਰਥ--ਹੇ ਨਾਨਕ! ਆਖ—ਹੇ ਮਨ! ਸੰਤ ਜਨਾਂ ਨੇ ਉੱਚੀ ਕੂਕ ਕੇ ਦੱਸ ਦਿੱਤਾ ਹੈ ਕਿ ਪਰਮਾਤਮਾ ਹਰੇਕ ਸਰੀਰ ਵਿੱਚ ਵੱਸ ਰਿਹਾ ਹੈ। ਤੂੰ ਉਸ (ਪਰਮਾਤਮਾ) ਦਾ ਭਜਨ ਕਰਿਆ ਕਰ, (ਭਜਨ ਦੀ ਬਰਕਤਿ ਨਾਲ) ਸੰਸਾਰ-ਸਮੁੰਦਰ ਤੋਂ ਤੂੰ ਪਾਰ ਲੰਘ ਜਾਹਿéਗਾ। ੧੨।

ਗੁਰੂ ਅਰਜਨ ਪਾਤਸ਼ਾਹ ਜੀ ਰਾਗ ਦੇਵਗੰਧਾਰੀ ਵਿੱਚ ਫਰਮਾਉਂਦੇ ਹਨ ਕਿ ਜਿਸ ਤਰ੍ਹਾਂ ਲਕੜੀ ਵਿੱਚ ਅੱਗ ਹੈ ਤੇ ਜੁਗਤ ਤੋਂ ਬਿਨਾਂ ਕਾਰਜ ਨਹੀਂ ਸਵਾਰ ਸਕਦੀ ਕੁੱਝ ਏਸੇ ਤਰ੍ਹਾਂ ਹੀ ਰੱਬ ਜੀ ਸਾਡੇ ਹਿਰਦੇ ਵਿੱਚ ਬੈਠੈ ਹਨ ਪਰ ਗੁਰੂ-ਜੁਗਤ ਤੋਂ ਬਿਨ੍ਹਾਂ ਰੱਬੀ ਗੁਣਾਂ ਨੂੰ ਸਮਝਣਾ ਔਖਾ ਹੈ—

ਜਿਉ ਬੈਸੰਤਰੁ ਕਾਸਟ ਮਝਾਰਿ ਬਿਨੁ ਸੰਜਮ ਨਹੀ ਕਾਰਜ ਸਾਰਿ॥

ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ॥

ਮਿਲਿ ਸੰਗਤਿ ਤਜਿ ਅਭਿਮਾਨ ਕਹੁ ਨਾਨਕ ਪਾਏ ਹੈ ਪਰਮ ਨਿਧਾਨ॥ ੨॥

ਦੇਵ ਗੰਧਾਰੀ ਮਹਲਾ ੫ ਪੰਨਾ ੫੩੫

ਅੱਖਰੀਂ ਅਰਥ--ਹੇ ਭਾਈ! ਜਿਵੇਂ (ਹਰੇਕ) ਲੱਕੜ ਵਿੱਚ ਅੱਗ (ਵੱਸਦੀ ਹੈ, ਪਰ) ਜੁਗਤਿ ਤੋਂ ਬਿਨਾ (ਉਹ ਅੱਗ ਹਾਸਲ ਨਹੀਂ ਕੀਤੀ ਜਾ ਸਕਦੀ, ਤੇ, ਅੱਗ ਨਾਲ ਕੀਤੇ ਜਾਣ ਵਾਲੇ) ਕੰਮ ਸਿਰੇ ਨਹੀਂ ਚੜ੍ਹ ਸਕਦੇ। (ਇਸੇ ਤਰ੍ਹਾਂ, ਭਾਵੇਂ ਪਰਮਾਤਮਾ ਹਰ ਥਾਂ ਵੱਸ ਰਿਹਾ ਹੈ, ਪਰ) ਗੁਰੂ ਨੂੰ ਮਿਲਣ ਤੋਂ ਬਿਨਾ ਕੋਈ ਮਨੁੱਖ ਪਰਮਾਤਮਾ ਦਾ ਦਰ ਨਹੀਂ ਲੱਭ ਸਕੇਗਾ। ਹੇ ਨਾਨਕ! ਆਖ—ਸਾਧ ਸੰਗਤਿ ਵਿੱਚ ਮਿਲ ਕੇ ਆਪਣਾ ਅਹੰਕਾਰ ਤਿਆਗ ਕੇ ਸਭ ਤੋਂ ਸ੍ਰੇਸ਼ਟ (ਨਾਮ-) ਖ਼ਜ਼ਾਨਾ ਮਿਲ ਜਾਂਦਾ ਹੈ। ੨।

ਰੱਬੀ ਹੋਂਦ ਸਰਬ -ਵਿਆਪਕ ਹੈ ਜੋ ਇੱਕ ਸਦੀਵ ਕਾਲ ਬੱਝਵੇਂ ਨਿਯਮ ਤਹਿਤ ਚੱਲ ਰਹੀ ਹੈ ਜਿਸ ਨੂੰ ਗੁਰਬਾਣੀ ਹੁਕਮ ਫਰਮਾਉਂਦੀ ਹੈ ਕਿ ਸਾਰਾ ਸੰਸਾਰ ਹੀ ਇਸ ਹੁਕਮ ਵਿੱਚ ਚੱਲ ਰਿਹਾ ਹੈ—

ਹੁਕਮੈ ਅੰਦਰਿ ਸਭੁ ਕੋ, ਬਾਹਰਿ ਹੁਕਮ ਨ ਕੋਇ॥

ਨਾਨਕ ਹੁਕਮੈ ਜੇ ਬੁਝੈ, ਤ ਹਉਮੈ ਕਹੈ ਨ ਕੋਇ॥ ੨

ਜਪੁ

ਸਦੀਵ ਕਾਲ ਬੱਝਵੀਂ ਨਿਯਮਾਵਲੀ ਜੋ ਸਤਿ ਦੇ ਅਧਾਰਤ ਖੜੀ ਹੈ ਉਸ ਦਾ ਨਾਂ ਰੱਬ ਹੈ ਤੇ ਰੱਬ ਦੇ ਦੈਵੀ ਗੁਣ ਹਨ ਜਿੰਨ੍ਹਾਂ ਨੂੰ ਸਮਝ ਕੇ ਆਪਣੇ ਸੁਭਾਅ ਵਿੱਚ ਲੈ ਕੇ ਆਉਣਾ ਹੈ। ਰੱਬ ਲੱਭਣਾ ਨਹੀਂ ਹੈ ਬਲ ਕੇ ਸਮਝਣਾ ਹੈ ਤੇ ਵਰਤਮਾਨ ਜੀਵਨ ਵਿੱਚ ਹੀ ਰੱਬ ਦਾ ਰੂਪ ਬਣਨਾ ਹੈ ਗੁਰਬਾਣੀ ਨੇ ਬੜਾ ਸੌਖਾ ਰਸਤਾ ਨਿਰਧਾਰਤ ਕੀਤਾ ਹੈ। ਇਸ ਸਬੰਧੀ ਕਬੀਰ ਸਾਹਿਬ ਸਮਝਾਉਂਦੇ ਹਨ--

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ, ਜਹਾ ਝੂਠੁ ਤਹ ਪਾਪੁ॥

ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥ ੧੫੫॥

ਸਲੋਕ ਕਬੀਰ ਜੀ ਪੰਨਾ ੧੩੭੨}

ਜਿੰਨ੍ਹਾਂ ਨੇ ਰੱਬ ਨੂੰ ਸਮਝ ਲਿਆ ਉਹਨਾਂ ਦੇ ਰੱਬੀ ਮਿਲਾਪ ਦੀਆਂ ਨਿਸ਼ਾਨੀਆਂ ਕਿਹੜੀਆਂ

ਹਨ—ਇਸ ਸਬੰਧੀ ਗੁਰੂ ਅਰਜਨ ਪਾਤਸ਼ਾਹ ਫਰਮਾਉਂਦੇ ਹਨ---

ਪ੍ਰਭ ਮਿਲਣੈ ਕੀ ਏਹ ਨੀਸਾਣੀ॥ ਮਨਿ ਇਕੋ ਸਚਾ ਹੁਕਮੁ ਪਛਾਣੀ॥

ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ॥ ੩॥

ਮਾਝ ਮਹਲਾ ੫ ਪੰਨਾ ੧੦੬

ਹੁਕਮ ਦੀ ਪਛਾਣ, ਸੰਤੋਖ ਤੇ ਸਹਿਜ ਅਵਸਥਾ ਵਿੱਚ ਵਿਚਰਨ ਵਾਲਾ ਰੱਬੀ ਗੁਣਾਂ ਦਾ ਧਾਰਨੀ ਹੈ।

ਨੋਟ— "ਅਕਾਲ ਪੁਰਖ ਦਾ ਸੰਕਲਪ" ਜਿਹੜੀ ਪਹਿਲੀ ਪੁਸਤਕ ਛਪੀ ਸੀ ਉਸ ਵਿਚਲੇ ਸਾਰੇ ਲੇਖ ਸਿੱਖ ਮਾਰਗ ਤੇ ਵੀ ਪਏ ਹੋਏ ਹਨ।

ਇਹ ਲੇਖ ਅਕਾਲ ਪੁਰਖ ਦਾ ਸੰਕਲਪ ਪੁਸਤਕ ਜੋ ਦੂਸਰੀ ਵਾਰ ਛੱਪੀ ਹੈ ਉਸ ਦੇ ਸਤਵੇਂ ਅਧਿਆਏ ਵਿੱਚ ਵਾਧਾ ਕਰਕੇ ਦੁਬਾਰਾ ਲਿਖਿਆ ਸੀ।

ਜਿੰਨੀ ਕੁ ਸਮਝ ਆਈ ਹੈ ਉਹ ਲਿਖਿਆ ਹੈ ਪਰ ਦਾਅਵਾ ਨਹੀਂ ਹੈ।

ਗੁਰਬਚਨ ਸਿੰਘ ਪੰਨਵਾਂ

05/03/2020 at 10:33pm

## ਮੇਜਰ ਸਿੰਘ 'ਬੁਢਲਾਡਾ'

ਰੱਬ ਨੂੰ ਮੰਨਣ ਵਾਲੇ ਅਤੇ ਨਾ ਮੰਨਣ ਵਾਲਿਆਂ ਦੀ ਬਹਿਸ ਸਦਾ ਰਹਿਣੀ ਹੈ।

ਕਦੇ ਰੱਬ ਦੇ ਮੰਨਣ ਵਾਲਿਆਂ ਚੋਂ ਕੁਝ ਕੁ,ਨਾ ਮੰਨਣ ਵਾਲਿਆਂ ਵੱਲ ਚਲੇ ਜਾਂਦੇ ਹਨ ਅਤੇ ਕਦੇ ਨਾ ਮੰਨਣ ਵਾਲਿਆਂ 'ਚੋਂ ਕੁਝ ਕੁ ਮੰਨਣ ਵਾਲੇ ਪਾਸੇ ਹੋ ਜਾਂਦੇ ਹਨ। ਵਰਤ ਰਹੀਆਂ ਘਟਨਾਵਾਂ ਕਿਸੇ-ਕਿਸੇ ਨੂੰ ਮਜਬੂਰ ਕਰ ਦਿੰਦੀਆਂ ਹਨ, ਇਹ ਆਇਆ ਹੈ,ਚਲਦਾ ਰਹਿਣਾ ਹੈ।

ਇਨਸਾਨ ਦਾ ਦਿਮਾਗ ਕਿਥੋ ਤੱਕ ਕੰਮ ਕਰਦਾ,ਇਹ ਵੀ "ਪਤਾਲਾ ਪਤਾਲ" ਵਾਂਗ ਪਰੇ ਤੋਂ ਪਰੇ ਹੈ,ਜਿਉਂ-ਜਿਉਂ ਗਿਆਨ ਵਿੱਚ ਵਾਧਾ ਹੁੰਦਾ ਰਹਿੰਦਾ ਹੈ,ਇਨਸਾਨ ਦੇ ਬਹੁਤ ਸਾਰੇ ਵਿਚਾਰ ਤਬਦੀਲ ਹੁੰਦੇ ਰਹਿੰਦੇ ਹਨ। ਇਸ ਵਕਤ ਮੇਰਾ 'ਮਨ' ਗੁਰਬਾਣੀ ਵਾਲੇ ਰੱਬ ਨੂੰ ਮੰਨਦਾ ਹੈ, ਇਹ ਕਿਹੜਾ ਰੱਬ ਹੈ ? ਤਾਂ ਗੁਰਬਾਣੀ ਕਹਿੰਦੀ ਹੈ:- ਕੁਦਰਤਿ ਕਵਣ, ਕਹਾ ਵੀਚਾਰੁ ॥ ਮੇਰੀ ਕੀਹ ਤਾਕਤ ਹੈ ਕਿ (ਕਰਤਾਰ ਦੀ ਕੁਦਰਤਿ ਦੀ) ਵਿਚਾਰ ਕਰ ਸਕਾਂ ?

ਕੇਤੇ ਆਖਹਿ, ਆਖਣਿ ਪਾਹਿ ॥ ਕੇਤੇ, ਕਹਿ ਕਹਿ, ਉਠਿ ਉਠਿ ਜਾਹਿ ॥ ਏਤੇ ਕੀਤੇ, ਹੋਰਿ ਕਰੇਹਿ ॥ ਤਾ, ਆਖਿ ਨ ਸਕਹਿ ਕੇਈ ਕੇਇ ॥ (ਜਪੁ ਜੀ ਸਹਿਬ)

ਅਰਥ :- ਬੇਅੰਤ ਜੀਵ ਅਕਾਲ ਪੁਰਖ ਦਾ ਅੰਦਾਜ਼ਾ ਲਾ ਰਹੇ ਹਨ, ਅਤੇ ਬੇਅੰਤ ਹੀ ਲਾਉਣ ਦਾ ਜਤਨ ਕਰ ਰਹੇ ਹਨ, ਬੇਅੰਤ ਜੀਵ ਅੰਦਾਜ਼ਾ ਲਾ ਲਾ ਕੇ ਇਸ ਜਗਤ ਤੋਂ ਤੁਰੇ ਜਾ ਰਹੇ ਹਨ। ਜਗਤ ਵਿਚ ਇਤਨੇ (ਬੇਅੰਤ) ਜੀਵ ਪੈਦਾ ਕੀਤੇ ਹੋਏ ਹਨ (ਜੋ ਬਿਆਨ ਕਰ ਰਹੇ ਹਨ), (ਪਰ ਹੇ ਹਰੀ !) ਜੇ ਤੂੰ ਹੋਰ ਭੀ (ਬੇਅੰਤ ਜੀਵ) ਪੈਦਾ ਕਰ ਦੇਵੇਂ ਤਾਂ ਭੀ ਕੋਈ ਜੀਵ ਤੇਰਾ ਅੰਦਾਜ਼ਾ ਨਹੀਂ ਲਾ ਸਕਦੇ ।(ਪ੍ਰੋ.ਸਹਿਬ ਸਿੰਘ ਜੀ)

ਕੁਦਰਤਿ ਕਵਣ, ਕਹਾ ਵੀਚਾਰੁ ॥ ਮੇਰੀ ਕੀਹ ਤਾਕਤ ਹੈ ਕਿ (ਕਰਤਾਰ ਦੀ ਕੁਦਰਤਿ ਦੀ) ਵਿਚਾਰ ਕਰ ਸਕਾਂ?

ਹਰੀ ਅੰਤੁ ਨਾਹੀ ਪਾਰਾਵਾਰੁ ਕਉਨੁ ਹੈ ਕਰੈ ਬੀਚਾਰੁ ਜਗਤ ਪਿਤਾ ਹੈ ਸ੍ਰਬ ਪ੍ਰਾਨ ਕੋ ਅਧਾਰੁ ॥ {1385}

ਹਰੀ (ਰੱਬ) ਦਾ ਅੰਤ ਨਹੀਂ ਪਾਇਆ ਜਾ ਸਕਦਾ।

ਇਸ ਤਰਾਂ ਗੁਰਬਾਣੀ ਅੰਦਰ ਅਨੇਕਾਂ ਸ਼ਬਦ ਹੋਰ ਹਨ,ਜੋ ਦਸਦੇ ਹਨ,ਰੱਬ ਦਾ ਪਤਾ ਨਹੀਂ ਲਾਇਆ ਜਾ ਸਕਦਾ।

ਮੇਜਰ ਸਿੰਘ 'ਬੁਢਲਾਡਾ'

94176 42327

05/03/2020 at 10:45pm

**Iqbal Singh Dhillon** In reply to ਮੇਜਰ ਸਿੰਘ 'ਬੁਢਲਾਡਾ'

ਮੇਜਰ ਸਿੰਘ ਬੁਢਲਾਡਾ ਜੀ,

ਜੋ ਤੁਸੀਂ ਗੁਰਬਾਣੀ ਵਿੱਚੋਂ ਪੰਕਤੀਆਂ ਲੈ ਕੇ ਪੇਸ਼ ਕੀਤੀਆਂ ਹਨ ਉਹਨਾਂ ਵਿਚ 'ਰੱਬ' ਸ਼ਬਦ ਤਾਂ ਕਿਧਰੇ ਵੀ ਨਹੀਂ ਵਰਤਿਆ ਗਿਆ। ਫਿਰ ਤੁਸੀਂ ਇਹ ਕਿਸ ਤਰ੍ਹਾ ਕਹਿ ਸਕਦੇ ਹੋ ਕਿ ਇਹਨਾਂ ਪੰਕਤੀਆਂ ਵਿਚ ਕਿਸੇ ਮੰਨੇਂ ਜਾਂਦੇ 'ਰੱਬ' ਦੀ ਗੱਲ

ਕੀਤੀ ਗਈ ਹੈ। ਇਸ ਤਰ੍ਹਾਂ ਤੁਹਾਡੇ ਇਸ ਦਾਵੇ ਦਾ ਕੋਈ ਅਧਾਰ ਨਹੀਂ ਰਹਿ ਜਾਂਦਾ ਕਿ " ਰੱਬ ਦਾ ਪਤਾ ਨਹੀਂ ਲਾਇਆ ਜਾ ਸਕਦਾ"।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/05/2020 at 3:49pm

**ਮੇਜਰ ਸਿੰਘ 'ਬੁਢਲਾਡਾ'**

ਸਤਿਕਰਯੋਗ ਇਕਬਾਲ ਸਿੰਘ ਢਿੱਲੋ ਜੀ,

ਸਤਿ ਸ੍ਰੀ ਅਕਾਲ!

ਇਹਨਾਂ ਪੰਕਤੀਆਂ ਵਿਚ ਰੱਬ ਦਾ ਸਿੱਧਾ ਜਿਕਰ ਹੈ ਜਾ ਨਹੀਂ,ਗੱਲ ਤਾਂ ਉਸ ਪ੍ਰਮਾਤਮਾ ਦੀ ਹੀ ਹੋ ਰਹੀ,ਜੋ ਉਪਰੋਕਤ ਪ੍ਰੋ. ਸਹਿਬ ਸਿੰਘ ਜੀ, ਵਿਆਖਿਆ ਕਰ ਰਹੇ ਹਨ,ਫਿਰ ਉਹ ਕਿਸ ਦੀ ਕਰ ਰਹੇ ਹਨ ?

ਅੱਗੇ ਤਾਂ ਸਿੱਧਾ 'ਹਰੀ' (ਰੱਬ) ਦਾ ਜਿਕਰ ਹੈ ਹੀ ਹੈ।

ਹਰੀ ਅੰਤੁ ਨਾਹੀ ਪਾਰਾਵਾਰੁ ਕਉਨੁ ਹੈ ਕਰੈ ਬੀਚਾਰੁ ਜਗਤ ਪਿਤਾ ਹੈ ਸ੍ਰਬ ਪ੍ਰਾਨ ਕੋ ਅਧਾਰੁ ॥ {1385}

ਹਰੀ (ਰੱਬ) ਦਾ ਅੰਤ ਨਹੀਂ ਪਾਇਆ ਜਾ ਸਕਦਾ।

05/05/2020 at 11:17pm

**Iqbal Singh Dhillon**

ਸ. ਮੇਜਰ ਸਿੰਘ ਬੁਢਲਾਡਾ ਜੀ,

ਦੁੱਖ ਦੀ ਗੱਲ ਤਾਂ ਏਹੋ ਹੀ ਹੈ ਕਿ ਅਸੀਂ ਆਪਣੀ ਸੋਝੀ ਦੀ ਵਰਤੋਂ ਕਰਨ ਦੀ ਬਜਾਇ ਕਿਸੇ ਹੋਰ ਦੀ ਕੀਤੀ ਹੋਈ ਗੱਲ ਤੇ ਵਿਸ਼ਵਾਸ (ਅੰਧ-ਵਿਸ਼ਵਾਸ) ਦਿਖਾਉਂਦੇ ਰਹਿੰਦੇ ਹਾਂ। ਏਸੇ ਨੂੰ ਹੀ ਮਾਨਸਿਕ ਗੁਲਾਮੀ ਕਿਹਾ ਜਾਂਦਾ ਹੈ। ਫਰੀਦਕੋਟੀ ਟੀਕੇ ਤੋਂ ਲੈਕੇ ਗੁਰਬਾਣੀ ਦੀ ਬ੍ਰਾਹਮਣਵਾਦੀ ਵਿਆਖਿਆ ਇਸ ਤਰ੍ਹਾਂ ਪਰਚਲਤ ਹੋ ਚੁੱਕੀ ਹੋਈ ਹੈ ਕਿ ਉੱਚ-ਕੋਟੀ ਦੇ ਵਿਦਵਾਨ ਵੀ ਏਸੇ ਵਹਿਣ

ਵਿਚ ਵਹਿੰਦੇ ਹੋਏ ਅਜਿਹੀ ਮਾਨਸਿਕ ਗੁਲਾਮੀ ਸ਼ਿਕਾਰ ਬਣੇ ਹੋਏ ਆ ਰਹੇ ਹਨ, ਆਮ ਵਿਅਕਤੀ ਦੀ ਗੱਲ ਤਾਂ ਕੀ ਕਰਨੀ ਹੈ। ਪ੍ਰੋ. ਸਾਹਿਬ ਸਿੰਘ ਵੀ ਅਜਿਹੇ ਵਿਦਵਾਨਾਂ ਵਿਚ ਸ਼ਾਮਲ ਹਨ। ਮੈਂ ਤਾਂ ਇਕ ਸਾਦਾ ਜਿਹਾ ਸਵਾਲ ਤੁਹਾਡੇ ਅੱਗੇ ਪੇਸ਼ ਕੀਤਾ ਹੈ ਪਰੰਤੂ ਤੁਸੀਂ ਅੱਗੋਂ ਪ੍ਰੋ. ਸਾਹਿਬ ਸਿੰਘ ਦਾ ਨਾਮ ਲੈ ਦਿੱਤਾ ਹੈ। ਮੈਂ ਤੁਹਾਨੂੰ ਕਿਸੇ ਤੋਂ ਘਟ ਬੁੱਧੀਮਾਨ ਨਹੀਂ ਸਮਝਦਾ। ਬੇਨਤੀ ਹੈ ਕਿ ਤੁਸੀਂ ਕੇਵਲ ਆਪਣੇ ਮਨ ਵਿਚ ਵਿਚਾਰ ਕਰਕੇ ਮੇਰੇ ਸਵਾਲ ਦਾ ਉੱਤਰ ਦੇਵੋ ਜੀ।

ਇਕਬਾਲ ਸਿੰਘ ਢਿੱਲੋਂ।

05/06/2020 at 2:24pm

**ਮੇਜਰ ਸਿੰਘ 'ਬੁਢਲਾਡਾ'**

ਇਕਬਾਲ ਸਿੰਘ ਜੀ,

ਮੈਂ ਇਸ ਗੱਲ ਨਾਲ ਸਹਿਮਤ ਹਾਂ,ਜਰੂਰੀ ਨਹੀਂ ਕੋਈ ਵਿਦਵਾਨ, ਹਰ ਥਾਂ ਸਹੀ ਹੋਵੇ,ਕਿਸੇ ਥਾਂ ਉਹਦੇ ਵਿਚਾਰਾਂ ਨਾਲ ਸਹਿਮਤ ਤਾਂ ਵੱਖਰੀ ਗੱਲ,ਉਹਦੇ ਵਿਚਾਰਾਂ ਦੇ ਉਲਟ ਵੀ ਵਿਚਾਰ ਹੋ ਜਾਂਦੇ ਹਨ ਅਤੇ ਕਈ ਵਾਰ ਆਮ ਲੋਕ ਘੱਟ ਪੜੇ ਲਿਖੇ,ਜਾਂ ਅਨਪੜ੍ਹ ਵੀ ਐਸੀ ਗੱਲ ਕਰਦੇ ਹਨ ,ਵੱਡੇ ਵਿਦਵਾਨ ਵੀ ਉਸਦੀ ਗੱਲ ਨਾਲ ਸਹਿਮਤ ਹੋਣ ਲਈ ਮਜਬੂਰ ਹੋ ਜਾਂਦੇ ਹਨ। ਜੇ ਮੈਂ ਪ੍ਰੋ. ਸਹਿਬ ਸਿੰਘ ਜੀ ਦੇ ਵਿਚਾਰ ਇਥੇ ਦਿੱਤੇ ਹਨ,ਤਾਂ ਮੈਂ ਇਹਨਾਂ ਵਿਚਾਰਾਂ ਨੂੰ ਸਹੀ ਮੰਨਕੇ ਹੀ ਲਿਖੇ ਹਨ,ਕਹਿਣ ਦਾ ਭਾਵ ਮੇਰੇ ਵੀ ਇਹੀ ਵਿਚਾਰ ਹਨ। ਬਾਕੀ ਮੈਂ ਕੋਈ ਵਿਦਵਾਨ ਨਹੀਂ ਹਾਂ, ਮੈਂ ਤਾਂ ਇਕ ਆਮ ਜਿਹਾ ਬੰਦਾ ਹਾਂ,ਲਿਖਣ ਵੇਲੇ ਕੋਸ਼ਿਸ਼ ਕਰੀ ਦੀ ਹੈ,ਕੋਈ

ਗਲਤੀ ਨਾ ਰਹਿ ਜਾਵੇ,ਫਿਰ ਵੀ ਤੁਹਾਡੇ ਜਿਹੇ ਸੱਜਣਾਂ ਕੋਲੋ ਕੁਝ ਨਾ ਕੁਝ ਸਿੱਖਦੇ ਰਹਾਂਗੇ।

05/06/2020 at 10:01pm

**Dr. Sarbjit Singh**

ਆਮ ਲੋਕਾਂ ਦਾ ਇਹ ਵਿਚਾਰ ਹੈ ਕਿ ਧਰਮ ਤੇ ਸਾਇੰਸ ਇਕੱਠੇ ਨਹੀਂ ਚਲਦੇ ਹਨ। ਅਜੇਹੀ ਵਿਚਾਰਧਾਰਾ ਤੋਂ ਪ੍ਰਭਾਵਤ ਹੋ ਕੇ ਕਈਆਂ ਨੇ ਸਿੱਖ ਧਰਮ ਸਬੰਧੀ ਵੀ ਅਜੇਹਾ ਹੀ ਕਹਿਣਾਂ ਸ਼ੁਰੂ ਕਰ ਦਿਤਾ ਹੈ। ਹੋ ਸਕਦਾ ਹੈ ਕਿ ਹੋਰਨਾਂ ਧਰਮਾਂ ਦੇ ਸਾਇੰਸ ਨਾਲ ਮਤਭੇਦ ਹੋਣ, ਪਰੰਤੂ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੇ ਆਧਾਰ ਤੇ ਧਿਆਨ ਨਾਲ ਖੋਜਿਆ ਜਾਵੇ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਿੱਖ ਧਰਮ ਤੇ ਸਾਇੰਸ ਦਾ ਪੂਰਨ ਤੌਰ ਤੇ ਤਾਲਮੇਲ ਹੈ। ਬਲਕਿ ਇਥੋਂ ਤਕ ਕਹਿ ਸਕਦੇ ਹਾਂ ਕਿ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ, ਧਰਮ ਦੀ ਸਾਇੰਸ ਦਾ ਇਕ ਪਹਿਲਾ ਆਰੰਭ ਹੈ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਅਤੇ ਸਾਇੰਸ ਸਬੰਧੀ ਵੱਧ ਤੋਂ ਵੱਧ ਜਾਣਕਾਰੀ ਨੂੰ ਇਕ ਕਿਤਾਬ ਦੇ ਰੂਪ ਵਿਚ ਇਕੱਠਾ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਸ ਕਿਤਾਬ ਵਿਚ ਗੁਰਮਤਿ ਅਤੇ ਸਾਇੰਸ ਸਬੰਧੀ ਇਕੱਤਰ ਕੀਤੀ ਗਈ ਜਾਣਕਾਰੀ ਨੂੰ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੇ ਆਧਾਰ ਤੇ ੨੬ ਭਾਗਾਂ ਵਿਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਆਰੰਭਕ ਜਾਣਕਾਰੀ ਵਿਚ ਇਨ੍ਹਾਂ ਸਾਰੇ ਭਾਗਾਂ ਦਾ ਸੰਖੇਪ ਵਿਚ ਵਰਨਣ ਕੀਤਾ ਗਿਆ ਹੈ ਤਾਂ ਜੋ ਪਾਠਕਾਂ ਨੂੰ ਸਮਝਣ ਵਿਚ ਆਸਾਨੀ ਹੋ ਸਕੇ।

ਇਸ ਕਿਤਾਬ ਵਿਚ ਅੰਕਿਤ ੨੬ ਭਾਗਾਂ ਦੇ ਸਿਰਲੇਖ ਹਨ:- ਗੁਰਸਿੱਖ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੀ ਖੋਜ਼ ਕਰਨੀ ਜਰੂਰੀ ਹੈ; ਅਕਾਲ ਪੁਰਖੁ ਦੀ ਪਰਿਭਾਸ਼ਾ ਤੇ ਉਸ ਦਾ ਹੁਕਮੁ; ਗੁਰਬਾਣੀ ਅਨੁਸਾਰ ਕੁਦਰਤ ਦਾ ਕੋਈ ਅੰਤ ਨਹੀਂ; ਸ੍ਰਿਸ਼ਟੀ ਕਿਸ ਤਰ੍ਹਾਂ ਪੈਦਾ ਹੋਈ?; ਸਰੀਰਕ ਜੀਵਨ ਦਾ ਆਧਾਰ ਪਾਣੀ ਅਤੇ ਹਵਾ ਹਨ ਤੇ ਆਤਮਿਕ ਜੀਵਨ ਦਾ ਆਧਾਰ ਗੁਰੂ ਹੈ; ਅਕਾਲ ਪੁਰਖੁ ਆਪ ਹੀ ਆਪਣੇ ਆਪ ਨੂੰ ਪੈਦਾ ਕਰਨ ਵਾਲਾ ਹੈ; ਅਕਾਲ ਪੁਰਖੁ ਆਪ ਹੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਤੇ ਆਪ ਹੀ ਸੰਭਾਲਣ ਵਾਲਾ ਹੈ; ਅਕਾਲ ਪੁਰਖੁ ਨੇ ਇਹ ਕੁਦਰਤ ਸੁੰਨ ਤੋਂ ਪੈਦਾ ਕੀਤੀ; ਅਕਾਲ ਪੁਰਖੁ ਨੂੰ ਅੱਖਾਂ ਨਾਲ ਨਹੀਂ

ਵੇਖਿਆ ਜਾ ਸਕਦਾ ਪਰੰਤੂ ਉਸ ਦੀ ਰਚਨਾ ਵਿਚੋਂ ਅਨੁਭਵ ਕੀਤਾ ਜਾ ਸਕਦਾ ਹੈ; ਅਕਾਲ ਪੁਰਖੁ ਆਪ ਹੀ ਇਸ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਹੈ ਤੇ ਸਮੇਟਣ ਵਾਲਾ ਹੈ; ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ; ਜੀਵਾਂ ਦੀ ਉਤਪਤੀ ਕਿਸ ਤਰ੍ਹਾਂ ਹੁੰਦੀ ਹੈ ਤੇ ਪਦਾਰਥ ਕਿਵੇ ਬਣਦੇ ਹਨ; ਮਨੁੱਖ ਕੋਲ ਬੁਧੀ ਹੈ ਪਰ ਆਮ ਜੀਵਾਂ ਕੋਲ ਨਹੀਂ; ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਅਨੁਸਾਰ ਬੇਅੰਤ ਖਾਣੀਆਂ ਹਨ; ਆਮ ਤੌਰ ਤੇ ੮੪ ਲੱਖ ਜੂਨਾਂ ਮੰਨੀਆਂ ਜਾਂਦੀਆਂ ਹਨ, ਪਰੰਤੂ ਗੁਰਬਾਣੀ ਅਨੁਸਾਰ ਬੇਅੰਤ ਜੂਨਾਂ ਹੋ ਸਕਦੀਆਂ ਹਨ; ਅਕਾਲ ਪੁਰਖੁ ਜੀਵ ਨੂੰ ਬਿਨਾ ਸੁਆਸ ਦੇ ਵੀ ਰੱਖ ਸਕਦਾ ਹੈ; ਪੌਦੇ ਵੀ ਜੀਵ ਹਨ ਤੇ ਸਭ ਦੇ ਜੀਵਨ ਦਾ ਆਧਾਰ ਪਾਣੀ ਹੈ; ਅਕਾਲ ਪੁਰਖ ਅਤੇ ਉਸ ਦੀ ਰਚਨਾ ਦਾ ਅੰਤ ਨਹੀਂ ਪਾਇਆ ਜਾ ਸਕਦਾ; ਜੋ ਵੀ ਪੈਦਾ ਹੋਇਆ ਹੈ ਉਸ ਨੇ ਇਕ ਦਿਨ ਮਰਨਾ ਹੈ; ਗੁਰਬਾਣੀ ਸੱਚ ਅਤੇ ਸੱਚੇ ਜੀਵਨ ਦੀ ਜਾਚ ਸਿਖਾਉਂਦੀ ਹੈ, ਪਰੰਤੂ ਸਾਇੰਸ ਸਿਰਫ ਵੇਖ ਸਕਣ ਵਾਲੇ ਸੱਚ ਦੀ ਗੱਲ ਕਰਦੀ ਹੈ; ਸ੍ਰਿਸ਼ਟੀ ਦੀ ਸਾਜਨਾ ਕਿਸ ਨੇ ਕੀਤੀ; ਗੁਰੂ ਸਾਹਿਬਾਂ ਨੇ ਅਕਾਲ ਪੁਰਖ ਨੂੰ ਅੰਦਰ ਖੋਜਣ ਲਈ ਕਿਹਾ ਹੈ, ਜੋ ਬਾਹਰ ਹੈ, ਉਹੀ ਅੰਦਰ ਹੈ; ਅਕਾਲ ਪੁਰਖ ਦੇ ਨਿਰਗੁਨ ਸਰਗੁਨ ਸਰੂਪ; ਸਿੱਖ ਧਰਮ ਵਿਚ ਕੇਸਾਂ ਦੀ ਮਹੱਤਤਾ; ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ; ਚੰਦਰਮਾ ਸੂਰਜ ਕੋਲੋ ਚਾਨਣ ਲੈਂਦਾ ਹੈ।

ਕੋਸ਼ਿਸ਼ ਕੀਤੀ ਗਈ ਹੈ ਕਿ ਹਰੇਕ ਵਿਸ਼ੇ ਸਬੰਧੀ ਪ੍ਰਮਾਣ ਦੇ ਤੌਰ ਤੇ ਵੱਧ ਤੋਂ ਵੱਧ ਸ਼ਬਦ ਸਾਂਝੇ ਕੀਤੇ ਜਾਣ ਤਾਂ ਜੋ ਗੁਰੂ ਗਰੰਥ ਸਾਹਿਬ ਅਨੁਸਾਰ ਉਸ ਵਿਸ਼ੇ ਸਬੰਧੀ ਸਹੀ ਤੇ ਪੂਰਣ ਜਾਣਕਾਰੀ ਹਾਸਲ ਹੋ ਸਕੇ। ਕਈ ਸ਼ਬਦਾਂ ਵਿਚ ਇਕ ਤੋਂ ਵੱਧ ਵਿਸ਼ੇ ਵੀ ਆ ਜਾਂਦੇ ਹਨ। ਉਨ੍ਹਾਂ ਸਬੰਧੀ ਵੀ ਸੰਖੇਪ ਵਿਚ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਗਿਆ ਹੈ। ਅਜੇਹਾ ਕਰਨ ਨਾਲ ਹਰੇਕ ਭਾਗ ਕਾਫੀ ਵੱਡਾ ਵੀ ਹੋ ਗਿਆ ਹੈ। ਜਿਸ ਕਰਕੇ ਪਾਠਕਾਂ ਨੂੰ ਸਮਝਣ ਵਿਚ ਕੁਝ ਮੁਸ਼ਕਲ ਆ ਸਕਦੀ ਹੈ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਹਰੇਕ ਭਾਗ ਦੇ ਅੰਤ ਵਿਚ ਸੰਖੇਪ ਵਿਚ ਉਸ ਵਿਸ਼ੇ ਸਬੰਧੀ ਜਾਣਕਾਰੀ ਦਿਤੀ ਗਈ ਹੈ, ਤਾਂ ਜੋ ਪਾਠਕ ਆਸਾਨੀ ਨਾਲ ਸਮਝ ਸਕਣ।

ਸਭ ਤੋਂ ਪਹਿਲਾਂ ਤਾਂ ਦਾਸ ਉਸ ਅਕਾਲ ਪੁਰਖੁ ਦਾ ਬਹੁਤ ਧੰਨਵਾਦੀ ਹੈ, ਜਿਸ ਨੇ ਗੁਰੂ ਨਾਨਕ ਸਾਹਿਬ ਦੇ ਆਰੰਭ ਕੀਤੇ ਸਿੱਖ ਧਰਮ ਵਿਚ ਮਨੁੱਖਾ ਜਨਮ ਦਿਤਾ ਤੇ ਗੁਰੂ ਗਰੰਥ

ਸਾਹਿਬ ਬਾਰੇ ਜਾਣਨ ਤੇ ਸਮਝਣ ਦਾ ਉਦਮ ਤੇ ਬਲ ਬਖਸ਼ਿਆ। ਗੁਰਮਤਿ ਅਤੇ ਸਾਇੰਸ ਦੇ ਵਿਸ਼ੇ ਬਾਰੇ ਗਿਆਨ ਦਾ ਅਸਲੀ ਸੋਮਾਂ ਤਾਂ ਗੁਰੂ ਗਰੰਥ ਸਾਹਿਬ ਹੀ ਹਨ, ਜਿਨ੍ਹਾਂ ਦੁਆਰਾ ਗੁਰਬਾਣੀ ਤੇ ਸਾਇੰਸ ਸਬੰਧੀ ਗਿਆਨ ਹਾਸਲ ਕਰਕੇ ਦਾਸ ਲੇਖਾਂ ਦੇ ਰੂਪ ਵਿਚ ਢਾਲ ਕੇ ਆਪ ਸਭ ਦੇ ਸਾਹਮਣੇ ਪੇਸ਼ ਕਰਨ ਦੇ ਯੋਗ ਹੋ ਸਕਿਆ ਹਾਂ।

ਅਕਾਲ ਪੁਰਖੁ ਆਪ ਬੇਅੰਤ ਹੈ ਤੇ ਉਸ ਦੀ ਰਚਨਾ ਵੀ ਬੇਅੰਤ ਹੈ। "ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ"। ਮੇਰੇ ਵਰਗੇ ਆਮ ਮਨੁੱਖ ਦੇ ਲਈ ਉਸ ਅਕਾਲ ਪੁਰਖੁ ਨੂੰ ਸਮਝਣਾ ਬਹੁਤ ਕਠਿਨ ਹੈ। ਗੁਰੂ ਗਰੰਥ ਸਾਹਿਬ ਦੀ ਸਹਾਇਤਾ ਨਾਲ ਗੁਰਮਤਿ ਅਤੇ ਸਾਇੰਸ ਸਬੰਧੀ ਜਾਣਕਾਰੀ ਨੂੰ ਸਮਝਣ ਤੇ ਬਿਆਨ ਕਰਨ ਵਿਚ ਕਾਫੀ ਖਾਮੀਆਂ ਰਹਿ ਗਈਆਂ ਹੋਣਗੀਆਂ। "ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥" ਆਪ ਸਭ ਅੱਗੇ ਬੇਨਤੀ ਹੈ ਕਿ ਇਸ ਕਿਤਾਬ ਨੂੰ ਪੜ੍ਹ ਕੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੇ ਆਧਾਰ ਤੇ ਵੀਚਾਰੋ ਤੇ ਆਪਣੇ ਸੁਝਾਵ ਭੇਜੋ ਤਾਂ ਜੋ ਇਸ ਵਿਚ ਲੋੜੀਦੇ ਸੁਧਾਰ ਕੀਤੇ ਜਾ ਸਕਣ।

ਸਿੱਖ ਮਾਰਗ ਵਿਚ (ਮਈ ੨੦੨੦) ਅਕਾਲ ਪੁਰਖੁ ਸਬੰਧੀ ਕੁਝ ਸਵਾਲਾਂ ਦੇ ਉੱਤਰ ਸਾਂਝੇ ਕਰਨ ਲਈ ਲੇਖਕਾਂ ਨੂੰ ਕਿਹਾ ਗਿਆ ਹੈ। ਹੋ ਸਕਦਾ ਹੈ ਕਿ ਉਨ੍ਹਾਂ ਸਵਾਲਾਂ ਦੇ ਉੱਤਰ ਸਿਧੇ ਤੌਰ ਤੇ ਨਾ ਹੋਣ, ਪਰੰਤੂ ਅਕਾਲ ਪੁਰਖੁ ਸਬੰਧੀ ਬਹੁਤ ਸਾਰੇ ਵਿਸ਼ਿਆਂ ਸਬੰਧੀ ਜਾਣਕਾਰੀ ਇਸ ਕਿਤਾਬ ਵਿਚੋਂ ਮਿਲ ਸਕਦੀ ਹੈ। ਆਪ ਜੀ ਹੇਠਾਂ ਲਿਖੇ ਵੈਬ ਸਾਈਟ ਤੋਂ ਡਾਊਨਲੋਡ ਕਰਕੇ ਪੜ੍ਹ ਸਕਦੇ ਹੋ ਜੀ।

ਡਾ: ਸਰਬਜੀਤ ਸਿੰਘ, ਵਾਸ਼ੀ, ਨਵੀਂ ਮੁੰਬਈ - ੪੦੦੭੦੩.

Email = sarbjitsingh@yahoo.com

Web= http://www.geocities.ws/sarbjitsingh/,

http://www.sikhmarg.com/article-dr-sarbjit.html ;

Web links for downloading the book:

http://www.geocities.ws/sarbjitsingh/BookGurmatAndScience.pdf,

http://www.sikhmarg.com/2017/1022-gurmat-ate-science.html,

http://www.sikhmarg.com/pdf-files/book-gurmat-ate-science.pdf,

http://sikhbulletin.com/Books/GurmatAndScience.pdf,

05/04/2020 at 8:31am

**Makhan Singh Purewal**

ਹੁਣ ਤੱਕ ਜਿਹੜੇ ਪਾਠਕਾਂ/ਲੇਖਕਾਂ ਦੇ ਵਿਚਾਰ ਰੱਬ ਦੀ ਹੋਂਦ ਬਾਰੇ ਆਏ ਹਨ ਉਨ੍ਹਾਂ ਸਾਰਿਆਂ ਦਾ ਧੰਨਵਾਦ। ਭਾਵੇਂ ਕਿ ਤਕਰੀਬਨ ਸਾਰਿਆਂ ਨੇ ਹੀ ਹੱਦ ਤੋਂ ਵੱਧ ਵਿਸਥਾਰ ਵਿੱਚ ਦੱਸਣ ਦੀ ਕੋਸ਼ਿਸ਼ ਕੀਤੀ ਹੈ ਪਰ ਜੇ ਕਰ ਇਹ ਗੱਲ ਸੰਕੋਚ ਵਿੱਚ ਕੀਤੀ ਜਾਂਦੀ ਤਾਂ ਜ਼ਿਆਦਾ ਲਾਹੇਬੰਦ ਹੋਣੀ ਸੀ। ਕਿਉਂਕਿ ਗੁਰਬਾਣੀ ਦੇ ਜਿਹੜੇ ਸ਼ਬਦਾਂ ਜਾਂ ਪੰਗਤੀਆਂ ਦੇ ਅਰਥ ਕੀਤੇ ਗਏ ਹਨ ਉਹ ਤਾਂ ਤਕਰੀਬਨ ਸਾਰਿਆਂ ਨੇ ਪੜ੍ਹੇ ਸੁਣੇ ਹੋਏ ਹੀ ਹਨ ਇਸ ਲਈ ਇਸ ਦੀ ਬਹੁਤੀ ਲੋੜ ਨਹੀਂ ਸੀ। ਲੋੜ ਤਾਂ ਸੀ ਥੋੜੀਆਂ ਜਿਹੀਆਂ ਲਈਨਾ ਵਿੱਚ ਗੱਲ ਸਪਸ਼ਟ ਕਰਨ ਦੀ। ਇਸ ਨਾਲ ਸਾਰਿਆਂ ਦਾ ਸਮਾਂ ਬਚ ਜਾਂਦਾ ਅਤੇ ਗੱਲ ਕਿਸੇ ਸਿੱਟੇ ਤੇ ਛੇਤੀਂ ਪਹੁੰਚ ਜਾਂਦੀ। ਚਲੋ ਕੋਈ ਗੱਲ ਨਹੀਂ ਹੁਣ ਖਿਆਲ ਰੱਖੋ ਅਤੇ ਇਸ ਤਰ੍ਹਾਂ ਕਰੋ।
ਆਪਾਂ ਸਾਰਿਆਂ ਨੇ ਗੱਲ ਗੁਰਮਤਿ ਦੇ ਦਾਇਰੇ ਵਿੱਚ ਰਹਿ ਕੇ ਕਰਨੀ ਹੈ ਇਸ ਲਈ ਸਿਰਫ ਦੋ ਗੱਲਾਂ ਬਾਰੇ ਸੰਖੇਪ ਵਿਚਾਰ ਦਿਓ।

1- ਅਨਰਜ਼ੀ (ਨਿਰਗੁਣ ਰੱਬ)

2- ਪਦਾਰਥ (ਸਰਗੁਣ ਰੱਬ)

ਇਸ ਬਾਰੇ ਵੀ ਤਕਰੀਬਨ ਸਾਰੇ ਹੀ ਸਹਿਮਤ ਹੋਣਗੇ ਕਿ ਅਨਰਜ਼ੀ ਪਦਾਰਥ ਵਿੱਚ ਬਦਲ ਸਕਦੀ ਹੈ ਅਤੇ ਪਦਾਰਥ ਅਨਰਜ਼ੀ ਵਿਚ। ਕਾਫੀ ਦੇਰ ਪਹਿਲਾਂ ਮੈਂ ਕਿਤੇ ਪੜ੍ਹਿਆ ਸੀ ਕਿ ਜੇ ਕਰ ਪਦਾਰਥ ਦੀ ਵੰਡ ਕੀਤੀ ਜਾਵੇ ਤਾਂ ਉਹ ਅਣੂ, ਪ੍ਰਮਾਣੂ, ਇਲੈਕਟ੍ਰੋਨ, ਪ੍ਰੋਟ੍ਰੋਨ ਅਤੇ ਨਿਊਟ੍ਰੋਨ ਵਿੱਚ ਬਦਲ ਜਾਂਦੀ ਹੈ ਜੋ ਕਿ ਇੱਕ ਅਣਦਿਸਦੀ ਸ਼ਕਤੀ ਹੀ ਹੁੰਦੀ ਹੈ। ਇਹ ਸਿਰਫ ਮੈਂ ਯਾਦਦਾਸ਼ਤ ਅਨੁਸਾਰ ਲਿਖਿਆ ਹੈ, ਇਸ ਦੀ ਠੀਕ ਜਾਣਕਾਰੀ ਰੱਖਣ ਵਾਲੇ ਸੱਜਣ ਇਸ ਨੂੰ ਠੀਕ ਕਰ ਸਕਦੇ ਹਨ। ਜੋ ਵੀ ਅਸੀਂ ਆਪਣੀਆਂ ਅੱਖਾਂ ਨਾਲ ਦੇਖ ਸਕਦੇ ਹਾਂ ਉਸ ਨੂੰ ਅਸੀਂ ਪਦਾਰਥ, ਕੁਦਰਤ, ਰੱਬ ਦਾ ਸਰਗੁਣ ਸਰੂਪ ਜਾਂ ਹੋਰ ਕੋਈ ਵੀ ਨਾਮ ਦੇ

ਸਕਦੇ ਹਾਂ। ਇਸ ਬਾਰੇ ਕੋਈ ਵਖਰੇਵਾਂ ਨਹੀਂ ਹੈ ਸਿਰਫ ਨਾਮ ਦਾ ਹੋ ਸਕਦਾ ਹੈ। ਜੋ ਵਖਰੇਵਾਂ ਹੈ ਉਹ ਹੈ ਨਿਰਗੁਣ ਸਰੂਪ ਬਾਰੇ। **ਇੱਕ ਉਸ ਨੂੰ ਰੱਬ ਦਾ ਨਾਮ ਦਿੰਦੇ ਹਨ ਅਤੇ ਦੂਸਰੇ ਖਾਸ ਕਰਕੇ ਡਾ: ਇਕਬਾਲ ਸਿੰਘ ਢਿੱਲੋਂ ਉਸ ਨੂੰ "ਬ੍ਰਹਮੰਡੀ ਨਿਯਮ-ਤੰਤਰ (cosmic system) ਦੇ ਅਧਾਰ ਤੇ ਬ੍ਰਹਮੰਡੀ-ਨਿਯਮਾਵਲੀ" ਕਹਿੰਦੇ ਹਨ।** ਇਸ ਬਾਰੇ ਵੀ ਤਕਰੀਬਨ ਸਾਰੇ ਸਹਿਮਤ ਹਨ ਕਿ ਉਸ ਨਿਰਗੁਣ ਰੱਬ ਦਾ ਜਾਂ ਬ੍ਰਹਮੰਡੀ ਨਿਯਮ-ਤੰਤਰ ਦਾ ਕੋਈ ਰੂਪ, ਰੰਗ ਜਾਂ ਸ਼ਕਲ ਨਹੀਂ ਹੈ। ਮੇਰੇ ਖਿਆਲ ਮੁਤਾਬਕ ਤਾਂ ਇੱਕ ਧਿਰ ਸੋਚਦੀ ਹੈ ਕਿ ਉਹ ਉਸ ਸ਼ਕਤੀ ਜਾਂ ਰੱਬ ਨੂੰ ਯਾਦ ਕਰਕੇ ਜਾਂ ਉਸ ਅੱਗੇ ਅਰਦਾਸ ਕਰਕੇ ਉਸ ਦੀ ਰਹਿਮਤ ਲਈ ਜਾ ਸਕਦੀ ਹੈ ਜਾਂ ਉਹ ਕਿਸੇ ਗੁਪਤ ਰੂਪ ਵਿੱਚ ਕੋਈ ਸਹਾਇਤਾ ਕਰ ਸਕਦਾ ਹੈ। ਅਤੇ ਦੂਸਰੀ ਧਿਰ ਇਹ ਸੋਚਦੀ ਹੈ ਕਿ ਇਹ ਸਾਰਾ ਸਿਸਟਮ ਇੱਕ ਬੱਝਵੇਂ ਨਿਯਮ ਅਨੁਸਾਰ ਕੰਮ ਕਰ ਰਿਹਾ ਹੈ ਅਤੇ ਇਸ ਨੂੰ ਅਰਦਾਸਾਂ ਜਾਂ ਹੋਰ ਕਿਸੇ ਤਰੀਕੇ ਨਾਲ ਬਦਲਿਆ ਨਹੀਂ ਜਾ ਸਕਦਾ। ਜੇ ਕਰ ਮੇਰੀ ਗੱਲ ਠੀਕ ਨਹੀਂ ਤਾਂ ਤੁਸੀਂ ਆਪਣੀ ਮਰਜੀ ਅਨੁਸਾਰ ਇਸ ਦੀ ਠੀਕ ਵਿਆਖਿਆ ਕਰ ਸਕਦੇ ਹੋ। ਹੁਣ ਤੁਸੀਂ ਇਨ੍ਹਾਂ ਦੋ ਗੱਲਾਂ ਨੂੰ ਮੁੱਖ ਰੱਖ ਕੇ ਖਾਸ ਕਰਕੇ ਨਿਰਗੁਣ ਵਾਲੇ ਰੱਬ ਨੂੰ ਸਾਹਮਣੇ ਰੱਖ ਕੇ ਇੱਕ ਦੂਰੇ ਤੇ ਸਵਾਲ ਕਰ ਸਕਦੇ ਹੋ ਤਾਂ ਕਿ ਕਿਸੇ ਨਤੀਜੇ ਤੇ ਪੁੱਜਿਆ ਜਾ ਸਕੇ।

05/04/2020 at 11:10am

**Iqbal Singh Dhillon** In reply to Makhan Singh Purewal

ਸ. ਮੱਖਣ ਸੌਂਘ ਪੁਰੇਵਾਲ ਜੀ,

ਮੈਂ ਇਸ ਗੱਲ ਉੱਤੇ ਵੀ ਜ਼ੋਰ ਦਿੰਦਾ ਹਾਂ ਕਿ ਬ੍ਰਹਮੰਡੀ ਨਿਯਮ-ਤੰਤਰ ਲਈ 'ਰੱਬ' ਸ਼ਬਦ ਦੀ ਵਰਤੋਂ ਨਾ ਕੀਤੀ ਜਾਵੇ। ਗੁਰਬਾਣੀ ਵੀ 'ਰੱਬ' ਸ਼ਬਦ ਨੂੰ ਕੋਈ ਮਹੱਤਤਾ ਨਹੀਂ ਦੇਂਦੀ ਅਤੇ 'ਜਪੁ ਬਾਣੀ' ਵਿਚ ਿਾਹ ਸ਼ਬਦ ਜਾਂ ਇਸਦਾ ਕੋਈ ਪਰਿਆਇਵਾਚੀ ਨਾਂਵ-ਰੂਪ ਵਰਤਿਆ ਹੀ ਨਹੀਂ ਗਿਆ ਅਤੇ 'ਪਰਮਾਤਮਾ' ਸ਼ਬਦ ਦੀ ਤਾਂ ਸਾਰੀ ਗੁਰਬਾਣੀ ਵਿਚ ਹੀ ਵਰਤੋਂ ਨਹੀਂ ਹੋਈ। ਗੁਰਬਾਣੀ ਬ੍ਰਹਮੰਡ ਦੇ ਸੰਦਰਭ ਵਿਚ 'ਨਿਰਗੁਣ' ਅਤੇ 'ਸਰਗੁਣ' ਨੂੰ ਕੋਈ ਵਿਸ਼ੇਸ਼ ਮਹੱਤਤਾ ਨਹੀਂ ਦਿੰਦੀ ਸਗੋਂ ਪਦਾਰਥਕ ਰੂਪ ਨੂੰ ਨਿਯਮ-ਤੰਤਰ ਨਾਲ ਜੋੜ ਕੇ ਹੀ ਵੇਖਦੀ ਹੈ ਜਿਵੇਂ ਕਿ

ਤੁਸੀਂ ਬਿਲਕੁਲ ਠੀਕ ਕਹਿ ਰਹੇ ਹੋ ਕਿ ਪਦਾਰਥਕ ਰੂਪ Energy ਦਾ ਹੀ ਪ੍ਰਗਟਾਵਾ ਹੈ। ਮੇਰਾ ਦ੍ਰਿੜ ਵਿਚਾਰ ਹੈ ਕਿ ਗੁਰਬਾਣੀ ਬ੍ਰਹਮੰਡੀ ਨਿਯਮ-ਤੰਤਰ ਨੂੰ ਪਰੰਪਰਾਗਤ 'ਰੱਬ' ਦੇ ਵਿਕਲਪ ਦੇ ਤੌਰ ਤੇ ਪੇਸ਼ ਕਰਦੀ ਹੈ ਅਤੇ ਇਸ ਨੂੰ 'ਹੁਕਮ' (cosmic system ਜਾਂ cosmic order) ਦਾ ਨਾਮ ਦੇਂਦੀ। ਇਸ ਕਰਕੇ ਸਾਨੂੰ ਗੁਰਬਾਣੀ ਦੇ ਸੰਦਰਭ ਵਿਚ 'ਰੱਬ' ਅਤੇ 'ਪਰਮਾਤਮਾ' ਸ਼ਬਦਾਂ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਇਕਬਾਲ ਸਿੰਘ ਢਿੱਲੋਂ

05/05/2020 at 2:30pm 1 Like

**Makhan Singh Purewal**

ਡ: ਇਕਬਾਲ ਸਿੰਘ ਢਿੱਲੋਂ ਜੀ,
ਅਸੀਂ ਹਾਲੇ ਕਿਸੇ ਨਿਰਣੈ ਤੱਕ ਨਹੀਂ ਪਹੁੰਚੇ ਇਸ ਲਈ ਜਿਤਨਾ ਚਿਰ ਕਿਸੇ ਨਿਰਣੈ ਤੱਕ ਨਹੀਂ ਪਹੁੰਚਦੇ ਉਤਨਾ ਚਿਰ ਤੁਹਾਨੂੰ ਰੱਬ ਸ਼ਬਦ ਦੀ ਵਰਤੋਂ ਤੇ ਇਤਰਾਜ਼ ਨਹੀਂ ਹੋਣਾ ਚਾਹੀਦਾ ਨਹੀਂ ਤਾਂ ਵਿਚਾਰ ਦਾ ਰੁੱਖ ਕਿਸੇ ਹੋਰ ਪਾਸੇ ਚਲੇ ਜਾਵੇਗਾ। ਸਵਾਲ ਤਾਂ ਇਹ ਹੱਲ ਕਰਨਾ ਹੈ ਕਿ ਜਿਸ ਨਿਰਗੁਣ ਸਰੂਪ ਨੂੰ ਮੰਨਣ ਦੀ ਗੱਲ ਹੋ ਰਹੀ ਹੈ ਕੀ ਉਹ ਆਪਣੀ ਖੁਸ਼ਾਮਦ ਦਾ ਭੁੱਖਾ ਹੈ ਕਿ ਉਸ ਦੀ ਉਸਤਤ ਕੀਤੀ ਜਾਵੇ? ਕੀ ਉਹ ਇਸ ਤਰ੍ਹਾਂ ਖੁਸ਼ ਹੋ ਜਾਂਦਾ ਹੈ? ਕੀ ਇਸ ਤਰ੍ਹਾਂ ਕਰਨ ਵਾਲਿਆਂ ਤੇ ਆਪਣੀ ਕੋਈ ਮਿਹਰ ਕਰ ਦਿੰਦਾ ਹੈ? ਕੀ ਉਸ ਅੱਗੇ ਅਰਦਾਸ ਬੇਨਤੀਆਂ ਕਰਨ ਨਾਲ ਕੁਦਰਤੀ ਕਾਨੂੰਨ ਬਦਲ ਸਕਦੇ ਹਨ ਅਤੇ ਬਦਲ ਜਾਂਦੇ ਹਨ? ਕੀ ਉਹ ਛਲੇਡੇ ਵਾਂਗ ਕੋਈ ਵੀ ਰੂਪ ਧਾਰਨ ਕਰ ਸਕਦਾ ਹੈ ਅਤੇ ਨਾਮ ਜਪਣ ਵਾਲਿਆਂ ਭਗਤਾਂ ਦੀ ਸਹਾਇਤਾ ਕਰ ਸਕਦਾ ਹੈ? **ਜੇ ਕਰ ਇਹ ਅਤੇ ਇਸ ਤਰ੍ਹਾਂ ਦੇ ਹੋਰ ਸਵਾਲਾਂ ਦੇ ਜਵਾਬ ਹਾਂ ਵਿੱਚ ਹਨ ਤਾਂ ਮੰਨਣਾ ਪਵੇਗਾ ਕਿ ਉਹ ਹੈਗਾ ਆ ਅਤੇ ਉਹ ਆਪਣੀ ਕੋਈ ਹੋਂਦ ਰੱਖਦਾ ਹੈ। ਜੇ ਕਰ ਇਹ ਗੱਲਾਂ ਸਾਬਤ ਨਹੀਂ ਹੁੰਦੀਆਂ ਤਾਂ ਤੁਹਾਡੀ ਗੱਲ ਨੂੰ ਠੀਕ ਮੰਨਣਾ**

**ਪਵੇਗਾ।**

**ਮੱਖਣ ਸਿੰਘ ਪੁਰੇਵਾਲ।**

05/06/2020 at 11:04am

**Iqbal Singh Dhillon**

ਸ. ਮੱਖਣ ਸਿੰਘ ਪੁਰੇਵਾਲ ਜੀ।

ਠੀਕ ਹੈ ਜੀ, ਇਤਨੀ ਜਲਦੀ ਕਿਸੇ ਨਿਰਨੇ ਤੇ ਪਹੁੰਚਿਆ ਵੀ ਨਹੀਂ ਜਾ ਸਕਦਾ। ਪਰੰਤੂ ਵਿਚਾਰ-ਚਰਚਾ ਕਿਸੇ ਤਰਕ-ਅਧਾਰਿਤ ਸਿੱਟੇ (logical point) ਤੇ ਪਹੁੰਚਣ ਤੱਕ ਚਲਦੀ ਰਹਿਣੀ ਚਾਹੀਦੀ ਹੈ। ਏਥੇ ਹੋ ਰਹੀ ਵਿਚਾਰ-ਚਰਚਾ ਦਾ ਇਕ ਦੁਖਦਾਈ ਪਹਿਲੂ ਇਹ ਹੈ ਕਿ ਕੁਝ ਲੇਖਕ ਆਪਣੀ ਲਿਖਤ/ਕੁਮੈਂਟ/ਉੱਤਰ ਦਾ ਜਵਾਬ ਨਹੀਂ ਦੇਂਦੇ ਅਤੇ ਕੁਝ ਅਜਿਹੇ ਵੀ ਹਨ ਜੋ ਇਹ ਕਹਿ ਕੇ ਪੱਲਾ ਝਾੜ ਲੈਂਦੇ ਹਨ ਕਿ "ਇਹ ਮੇਰੇ ਵਿਚਾਰ ਹਨ, ਕੋਈ ਦਾਵਾ ਨਹੀਂ"। ਮੈਂ ਇਸ ਨੂੰ ਬੇਈਮਾਨੀ ਸਮਝਦਾ ਹਾਂ ਕਿਉਂਕਿ ਜਦੋਂ ਅਸੀਂ ਆਪਣੀ ਕੋਈ ਲਿਖਤ/ਟਿੱਪਣੀ ਜਨਤਕ ਕਰਦੇ ਹਾਂ ਤਾਂ ਜਵਾਬ ਦੇਣਾ ਸਾਡੀ ਨੈਤਿਕ ਜ਼ਿੰਮੇਂਵਾਰੀ ਬਣ ਜਾਂਦੀ ਹੈ ਪਰੰਤੂ ਕਈ ਲੇਖਕ ਇਸ ਜ਼ਿੰਮੇਂਵਾਰੀ ਤੋਂ ਭੱਜ ਜਾਂਦੇ ਹਨ। ਇਸ ਲਈ ਵਿਚਾਰ-ਚਰਚਾ ਤੋਂ ਭੱਜਣ ਵਾਲੇ ਅਜਿਹੇ ਲੇਖਕਾਂ ਦੀ ਫੋਕੀ 'ਹਾਂ' ਨੂੰ ਕੋਈ ਮਹੱਤਵ ਦੇਣਾ ਨਹੀਂ ਬਣਦਾ। ਸਨਿਮਰ ਬੇਨਤੀ ਹੈ ਕਿ ਮੇਰੇ ਇਸ ਨੁਕਤੇ ਨੂੰ ਧਿਆਨ ਵਿਚ ਰੱਖਿਆ ਜਾਵੇ ਜੀ।

ਇਕਬਾਲ ਸਿੰਘ ਢਿੱਲੋਂ

05/06/2020 at 2:06pm 1 Like

**Hakam Singh** In reply to Makhan Singh Purewal

ਸ. ਮੱਖਨ ਸਿੰਘ ਪੁਰੇਵਾਲ ਜੀ,

ਅਨਰਜੀ ਪਦਾਰਥ ਦਾ ਹੀ ਦੂਜਾ ਰੂਪ ਹੈ। ਇਸ ਨੂੰ ਕੰਮ ਕਰਨ ਦੀ ਸਮ੍ਰਥਾ ਮੰਨਿਆ ਜਾਂਦਾ ਹੈ। ਇਸ ਦਾ ਸਬੰਧ ਪਾਵਰ (ਸ਼ਕਤੀ) ਨਾਲ ਹੈ। ਇਸ ਨੂੰ ਨਿਰਗੁਣ ਸਰੂਪ ਆਖਣਾ ਸਹੀ ਨਹੀਂ ਕਿਉਂਕੇ ਇਸ ਦੀ ਗਿਣਤੀ ਮਿਣਤੀ ਕੀਤੀ ਜਾ ਸਕਦੀ ਹੈ ਅਤੇ ਇਸ ਨੂੰ ਜੰਤਰਾਂ ਰਹੀਂ ਦੇਖਿਆ ਜਾਂ ਅਨੁਭਵ ਕੀਤਾ ਜਾ ਸਕਦਾ ਹੈ।

ਕੀ ਰੱਬ ਦਾ ਸਿਮਰਣ ਕਰਕੇ ਜਾਂ ਅਰਦਾਸ ਦੁਆਰਾ ਉਸ ਦੀ ਮਹਿਰ ਦੇ ਪਾਤਰ ਬਣ ਸਕੀਦਾ ਹੈ? ਗੁਰਬਾਣੀ ਮਨੁੱਖ ਨੂੰ ਧਰਮ ਦੇ ਮਾਰਗ ਤੇ ਚਲਣ ਲਈ ਸੰਸਾਰਕ ਮਾਇਆ ਅਤੇ ਹਉਮੈ ਦੇ ਪ੍ਰਭਾਵ ਤੋਂ ਮੁਕਤ ਹੋਣ ਲਈ ਨਾਮ ਸਿਮਰਣ ਅਤੇ ਅਰਦਾਸ ਕਰਨ ਦਾ ਉਪਦੇਸ਼ ਕਰਦੀ ਹੈ ਕਿਉਂਕੇ ਮਨੁੱਖ ਵਿਚ ਇਨ੍ਹਾਂ ਸ਼ਕਤੀਆਂ ਦੇ ਪ੍ਰਭਾਵ ਤੋਂ ਬਚਣ ਦੀ ਸਮ੍ਰਥਾ ਨਹੀਂ ਹੈ। ਪਰ ਸਮਾਜਕ ਧਰਮ ਨੇ ਨਾਮ ਸਿਮਰਣ, ਦਾਨ ਅਤੇ ਅਰਦਾਸ ਨੂੰ ਸੰਸਾਰਕ ਸੁਵਿਧਾਵਾਂ, ਸਫਲਤਾਵਾਂ ਅਤੇ ਅਰੋਗਤਾ ਪ੍ਰਾਪਤੀ ਦੇ ਸਾਧਨ ਬਣਾ ਲਿਆ ਹੈ। ਇਸ ਨਾਲ ਸਿਮਰਣ ਅਤੇ ਅਰਦਾਸ ਬਾਰੇ ਸ਼ੰਕੇ ਉਤਪਨ ਹੋ ਜਾਣੇ ਸੁਭਾਵਕ ਸਨ।

ਵਿਗਿਆਨ ਦਿਖਾਈ ਦੇਣ ਵਾਲੇ ਪਦਾਰਥ, ਅਨੁਭਵ ਕੀਤੀ ਜਾਣ ਵਾਲੀ ਊਰਜਾ ਅਤੇ ਉਨ੍ਹਾਂ ਨਾਲ ਸਬੰਧਤ ਕੁਦਰਤੀ ਨਿਯਮਾਂ ਦਾ ਗਿਆਨ ਹੈ। ਅਦ੍ਰਿਸ਼ਟ ਰੱਬ ਵਿਗਿਆਨ ਦਾ ਵਿਸ਼ਾ ਹੀ ਨਹੀਂ ਹੈ ਅਤੇ ਵਿਗਿਆਨੀ ਇਸ ਬਾਰੇ ਕੋਈ ਰਾਏ ਵੀ ਨਹੀਂ ਦਿੰਦੇ। ਵਿਗਿਆਨੀ ਸ੍ਰਿਸ਼ਟੀ ਦੀ ਰਚਨਾ ਬਿਗ ਬੈਂਗ ਤੋਂ ਹੋਈ ਮੰਨਦੇ ਹਨ। ਗੁਰਬਾਣੀ ਸ੍ਰਿਸ਼ਟੀ ਦੀ ਰਚਨਾ ਰੱਬ ਦੇ ਭਾਣੇ ਤੋਂ ਹੋਈ ਮੰਨਦੀ ਹੈ: “ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥”। ਅਸਲ ਵਿਚ ਸੰਸਾਰਕ ਗਿਆਨ ਅਤੇ ਅਧਿਆਤਮਕ ਗਿਆਨ ਦੋ ਵਖਰੀਆਂ ਅਤੇ ਅਸਬੰਧਤ ਗਿਆਨ ਪ੍ਰਣਾਲੀਆਂ ਹਨ। ਸੰਸਾਰਕ ਗਿਆਨ ਦਾ ਵਿਗਿਆਨ ਗਣਿਤ ਅਤੇ ਸਬੂਤਾਂ ਤੇ ਆਧਾਰਤ ਹੁੰਦਾ ਹੈ ਅਤੇ ਇਸ ਨੂੰ ਪਰਦਰਸ਼ਤ ਕੀਤਾ ਜਾ ਸਕਦਾ ਹੈ। ਇਸ ਦੇ ਉਲਟ ਅਧਿਆਤਮਕ ਗਿਆਨ ਮਹਾਂਪੁਰਸ਼ਾਂ ਦੇ ਬਚਨਾਂ ਤੇ ਨਿਰਧਰਤ ਹੁੰਦਾ ਹੈ। ਇਸ ਤੇ ਵਿਸ਼ਵਾਸ ਕਰਨਾ ਪੈਂਦਾ ਹੈ। ਗੁਰਬਾਣੀ ਮਨੁੱਖੀ ਮਨ ਨੂੰ ਸਾਧਣ ਦੀ ਵਿਧੀ ਹੈ ਅਤੇ ਸੰਸਾਰ ਵਿਚ ਸ਼ਾਂਤੀ ਅਤੇ ਪ੍ਰੇਮ ਭਾਵਨਾ ਪੈਦਾ ਕਰਨ ਦੀ ਪ੍ਰੇਰਨਾ ਹੈ।

ਡਾ. ਇਕਬਾਲ ਸਿੰਘ ਢਿਲੋਂ ਜੀ ਗੁਰਬਾਣੀ ਨੂੰ ਇੱਕ ਵਿਗਿਆਨ ਪ੍ਰਣਾਲੀ ਸਿੱਧ ਕਰਨ ਦਾ ਯਤਨ ਕਰਦੇ ਹਨ। ਗੁਰਬਾਣੀ ਵਿਗਿਆਨ ਨਹੀਂ ਹੈ। ਇਹ ਪਦਾਰਥ ਜਾਂ ਊਰਜਾ ਦਾ ਗਿਆਨ ਨਹੀਂ ਹੈ। ਇਹ ਤਿੰਨ ਅਦ੍ਰਿਸ਼ਟ ਅਸਤਿੱਤਵਾਂ ਅਤੇ ਉਨ੍ਹਾਂ ਦੇ ਸਬੰਧਾਂ ਦਾ ਗਿਆਨ ਹੈ। ਉਹ ਤਿੰਨ ਅਸਤਿੱਤਵ ਹਨ: ਰੱਬ, ਸੰਸਾਰਕ ਮਾਇਆ ਅਤੇ ਮਨੁੱਖੀ ਮਨ। ਗੁਰਬਾਣੀ ਮਾਇਆ ਦੇ ਪੰਜ ਵਿਸ਼ੇ ਵਿਕਾਰਾਂ, ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਅਤੇ ਮਨੁੱਖੀ ਮਨ ਦੀ ਹਉਮੈ ਤੋਂ ਨਿਜਾਤ ਪਾ ਕੇ ਨਿਰਮਲ ਮਨ ਨਾਲ ਧਰਮ ਦੇ ਮਾਰਗ ਤੇ ਚਲਦਿਆਂ ਅਦ੍ਰਿਸ਼ਟ ਵਾਸਤਵਿਕਤਾ ਦਾ ਗਿਆਨ ਪ੍ਰਾਪਤ ਕਰਨ ਦੀ ਵਿਧੀ ਬਿਆਨ ਕਰਦੀ ਹੈ।

ਹਾਕਮ ਸਿੰਘ

05/07/2020 at 4:16pm

**Iqbal Singh Dhillon**

ਸ. ਹਾਕਮ ਸਿੰਘ ਜੀ,

ਤੁਸੀਂ ਇਹ ਗਲਤ ਕਹਿ ਰਹੇ ਹੋ ਕਿ ਮੈਂ "ਗੁਰਬਾਣੀ ਨੂੰ ਇੱਕ ਵਿਗਿਆਨ ਪ੍ਰਣਾਲੀ ਸਿੱਧ ਕਰਨ ਦਾ ਯਤਨ" ਕਰਦਾ ਹਾਂ। ਹਾਂ, ਇਤਨਾਂ ਜ਼ਰੂਰ ਹੈ ਕਿ ਮੈਂ ਗੁਰਬਾਣੀ ਨੂੰ ਵਿਗਿਆਨਕ ਸੋਚ ਤੇ ਅਧਾਰਿਤ ਰਚਨਾ ਮੰਨਦਾ ਹਾਂ ਅਤੇ ਇਹ ਵੀ ਕਿ ਗੁਰਬਾਣੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਗਟਾਵਾ ਹੈ ਨਾ ਕਿ ਆਤਮਿਕਤਾ (spirituality) ਦਾ।

ਹਾਕਮ ਸਿੰਘ ਜੀ ਵਿਚਾਰ-ਚਰਚਾ ਦਾ ਵਿਸ਼ਾ 'ਰੱਬ ਦੀ ਹੋਂਦ' ਹੈ ਪਰੰਤੂ ਇਸ reply ਵਿਚ ਤੁਸੀਂ 'ਗੁਰਬਾਣੀ' ਨੂੰ ਮੁੱਢਲਾ ਵਿਸ਼ਾ ਬਣਾ ਕੇ ਗੱਲ ਕਰ ਰਹੇ ਹੋ। ਕਿਰਪਾ ਕਰਕੇ ਵਿਚਾਰ-ਚਰਚਾ ਦੇ ਵਿਸ਼ੇ ਉੱਤੇ ਹੀ ਕੇਂਦ੍ਰਿਤ ਰਹਿਣ ਦਾ ਯਤਨ ਕਰੋ ਜੀ।

ਇਕਬਾਲ ਸਿੰਘ ਢਿੱਲੋਂ।

05/08/2020 at 12:00am

**Jarnail Singh**

ਸ ਮੱਖਣ ਸਿੰਘ ਜੀ

ਕੁਝ ਸਮਾ ਮਿਲ ਗਿਆ ਇਸ ਕਰਕੇ ਰੱਬ ਦੀ ਹੋਂਦ ਵਾਰੇ ਮੈਂ ਕੁਝ ਹੋਰ ਵਿਚਾਰ ਦੇ ਰਿਹਾ ਹਾਂ।

ਗੁਰਬਾਣੀ ਦੀ ਜਿੰਨੀ ਕੁ ਮੈਨੂੰ ਸਮਝ ਪਈ ਹੈ ਉਸ ਅਨੁਸਾਰ ਇਹ ਸਵਾਲ ਕਿ "ਰੱਬ" ਹੈ ਜਾਂ ਨਹੀ ਬੇਮਾਇਨਾ ਸਵਾਲ ਹੈ।ਗੁਰਬਾਣੀ ਅਨੁਸਾਰ"ਰੱਬ" ਦੀ ਹੋਂਦ ਤੋਂ ਮੁਨਕਰ ਹੋਣਾ ਹੀ ਨਾ ਮੁਮਕਿਨ ਹੈ।ਇਸੇ ਕਰਕੇ ਗੁਰਬਾਣੀ ਵਿੱਚ ਕਿਤੇ ਵੀ ਨਾਸਤਿਕ ਜਾਂ ਇਸ ਦਾ ਕੋਈ ਸਮਅਰਥੀ ਲਫਜ਼ ਨਹੀਂ ਆਇਆ।ਇਸਦੇ ਬਦਲ ਵਜੋਂ ਗੁਰਬਾਣੀ ਮਨਮੁੱਖ ਦਾ ਸੰਕਲਪ ਪੇਸ਼ ਕਰਦੀ ਹੈ।ਪਰ ਮਨਮੁੱਖ ਅਤੇ ਗੁਰਮੁਖ ਦੋਨੋਂ ਹੀ ਕਰਤਾਰ ਦੇ ਹੁਕਮ ਤਹਿਤ ਬਣਦੇ ਅਤੇ ਵਿਚਰਦੇ ਨੇ।ਜਿਸ ਤਰ੍ਹਾਂ ਅਗਰ ਕੋਈ ਕਿਸੇ ਮੁਲਖ ਦੇ ਹੁਕਮ ਜਾਂ ਕਨੂੰਨ ਦੀ ਉਲੰਘਣਾ ਵੀ ਕਰਦਾ ਹੈ ਤਾਂ ਵੀ ਉਹ ਉਸ ਮੁਲਖ ਦੇ ਹੁਕਮ ਅੰਦਰ ਹੀ ਰਹਿੰਦਾ ਹੈ।ਇਸੇ ਤਰ੍ਹਾਂ ਮਨਮੁੱਖ ਵੀ ਕਰਤਾਰ ਦੇ ਹੁਕਮ ਅੰਦਰ ਹੀ ਵਿਚਰਦਾ ਹੈ।ਹਾਂ ਗੁਰਬਾਣੀ ਦਾ "ਰੱਬ" ਪ੍ਰੰਪਰਾਗਤ ਧਰਮਾਂ ਦੇ ਰੱਬ ਨਾਲੋਂ ਭਿੰਨ ਜ਼ਰੂਰ ਹੈ।ਇਹ ਸਾਨੂੰ "ਮੂ਼ਲ ਮੰਤ੍ਰ" ਜਾਂ ਮੰਗਲਾਚਰਣ ਤੋਂ ਹੀ ਪਤਾ ਚਲ ਜਾਂਦਾ ਹੈ।

ਅਕਸਰ ਇਹ ਗੱਲ ਵੀ ਕਹੀ ਜਾਂਦੀ ਹੈ ਕਿ ਪ੍ਰੰਪਰਾਗਤ ਰੱਬ ਦਾ ਸੰਕਲਪ ਪੁਜਾਰੀ ਵਰਗ ਨੇ ਆਮ ਆਦਮੀ ਦੀ ਲੁੱਟ ਖਸੁੱਟ ਲਈ ਪੈਦਾ ਕੀਤਾ ਹੈ।ਇਹ ਗੱਲ ਸੱਚ ਤਾਂ ਹੈ ਪਰ ਪੂਰਾ ਸੱਚ ਨਹੀਂ ਹੈ।ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਰੱਬ ਦੇ ਨਾਂ ਤੇ ਪੁਜਾਰੀ ਵਰਗ ਵਲੋਂ ਆਮ ਜਨਤਾ ਦੀ ਬੇਤਹਾਸ਼ਾ ਲੁੱਟ ਖਸੁੱਟ ਹੋਈ ਹੈ, ਹੋ ਰਹੀ ਹੈ ਅਤੇ ਹੁੰਦੀ ਵੀ ਰਹੇਗੀ।ਪਰ ਸਵਾਲ ਉੱਠਦਾ ਹੈ ਕਿ ਪੁਜਾਰੀ ਵਰਗ ਨੂੰ ਇਹ ਸਭ ਕਰਨ ਲਈ ਕਿਹੜੀ ਸ਼ਕਤੀ ਉਕਸਾਉਂਦੀ ਜਾਂ ਪ੍ਰੇਰਦੀ ਹੈ? ਉਹ ਸ਼ਕਤੀ ਕਿਸ ਨੇ ਪੈਦਾ ਕੀਤੀ ਹੈ? ਅਗਰ ਉਹ ਲਾਲਚ ਹੈ, ਲਾਲਸਾ ਹੈ, ਹਉਮੈ ਹੈ ਤਾਂ ਇਹ ਕਿਸ ਨੇ ਪੈਦਾ ਕੀਤੇ ਨੇ।ਗੁਰਬਾਣੀ ਇਸ ਸਭ ਨੂੰ ਧਾਤ ਕਹਿੰਦੀ ਹੈ ਜਿਸ ਦਾ ਮੋੜ ਗੁਰਬਾਣੀ ਲਿਵ ਦੱਸਦੀ ਹੈ।ਦੋਨੋ ਕਰਤਾਰ ਦੇ ਪੈਦਾ ਕੀਤੇ ਹੋਏ ਨੇ ਜੋ ਇਸ ਸ੍ਰਿਸ਼ਟੀ ਦਾ ਕਾਰੋਬਾਰ ਚਲਾਉਣ ਲਈ ਜ਼ਰੂਰੀ ਹਨ।ਇਸ ਦਾ ਇਹ ਮਤਲਬ

ਕਦਾਚਿੱਤ ਨਹੀ ਕਿ ਇਹ ਲੁੱਟ ਖਸੁੱਟ ਜ਼ਾਇਜ਼ ਹੈ ਜਾਂ ਇਸ ਨੂੰ ਬਰਦਾਸ਼ਤ ਕਰਦੇ ਰਹਿਣਾ ਚਾਹੀਦਾ ਹੈ।ਇਸੇ ਕਰਕੇ ਗੁਰੂ ਸਾਹਿਬ ਸਾਨੂੰ ਅਕਲ ਜਾਂ ਬਿਬੇਕ ਬੁੱਧ ਰਾਹੀਂ ਰੱਬ ਨੂੰ ਮੰਨਣ, ਪੂਜਣ ਲਈ ਪ੍ਰੇਰਦੇ ਨੇ।ਲੋੜ ਪੈਣ ਤੇ ਹਥਿਆਰਬੰਦ ਸੰਘਰਸ਼ ਕਰਨ ਨੂੰ ਵੀ ਕਹਿੰਦੇ ਨੇ।ਉਹਨਾਂ ਖੁਦ ਇਹ ਸਭ ਕਰਕੇ ਮਿਸਾਲ ਵੀ ਕਾਇਮ ਕੀਤੀ ਹੈ।

ਜਰਨੈਲ਼ ਸਿੰਘ

ਸਿਡਨੀ, ਅਸਟ੍ਰੇਲੀਆ

05/04/2020 at 9:40pm

**Jarnail Singh**

ਸ ਇਕਬਾਲ ਸਿੰਘ ਜੀ

ਤੁਸੀਂ ਹਾਲੇ ਵੀ ਗੱਲਾਂ ਰਲਗੱਡ ਕਰ ਰਹੇ ਹੋ।ਮੈਂ ਇਹ ਜ਼ਰੂਰ ਕਿਹਾ ਹੈ ਅਤੇ ਮੈ ਇਸ ਤੇ ਹੁਣ ਵੀ ਕਾਇਮ ਹਾਂ ਕਿ ਰੱਬ ਦਾ ਸੰਕਲਪ ਵੀ ਉਹਨਾਂ ਦੋ ਸਵਾਲਾਂ ਦਾ ਜਵਾਬ ਲੱਭਣ ਦੀ ਕੋਸ਼ਿਸ਼ ਹੈ ਜਿਨ੍ਹਾ ਸਵਾਲਾਂ ਨਾਲ ਮਨੁੱਖ ਸਦੀਆਂ ਤੋਂ ਜੂਝ ਰਿਹਾ ਹੈ।ਮੈ ਇਹ ਵੀ ਕਿਹਾ ਹੈ ਕਿ ਮੂਲ ਮੰਤ੍ਰ ਵੀ ਇਹਨਾਂ ਸਵਾਲਾਂ ਦਾ ਜਵਾਬ ਦੇ ਰਿਹਾ ਹੈ ਪਰ ਇਹ ਕਿਤੇ ਨਹੀਂ ਕਿਹਾ ਕਿ ਮੂ਼ਲ ਮੰਤ੍ਰ ਵਿੱਚ ਰੱਬ ਲਫਜ਼ ਵਰਤਿਆ ਗਿਆ ਹੈ।ਅਗਰ ਤੁਹਾਨੂੰ ਯਾਦ ਹੈ ਤੁਸੀਂ ਮੈਨੂੰ ਪਹਿਲਾ ਸਵਾਲ ਇਹ ਕੀਤਾ ਸੀ ਕਿ ਮੂਲ ਮੰਤ੍ਰ ਵਿੱਚ "ਰੱਬ ਸ਼ਬਦ ਕਿਥੇ ਆਇਆ ਹੈ?" ਜਦ ਕਿ ਮੈ ਅਜਿਹੀ ਕੋਈ ਗੱਲ ਨਹੀਂ ਕੀਤੀ।ਇਹ ਹੈ ਤੁਹਾਡੀ ਗੱਲਾਂ ਰਲਗੱਡ ਕਰਨ ਦੀ ਇੱਕ ਮਿਸਾਲ।

ਜਦੋਂ ਮੈ ਇਹ ਕਿਹਾ ਹੈ ਕਿ "ਰੱਬ" ਹੈ ਜਾਂ ਨਹੀ ਬੇਮਾਇਨਾ ਸਵਾਲ ਹੈ।ਗੁਰਬਾਣੀ ਅਨੁਸਾਰ"ਰੱਬ" ਦੀ ਹੋਂਦ ਤੋਂ ਮੁਨਕਰ ਹੋਣਾ ਹੀ ਨਾ ਮੁਮਕਿਨ ਹੈ।" ਨਾਲ ਮੈ ਇਹ ਵੀ ਕਹਿ ਦਿੱਤਾ ਕਿ ਗੁਰਬਾਣੀ ਦਾ ਰੱਬ ਪ੍ਰੰਪਰਾਗਤ ਧਰਮਾਂ ਨਾਲੋਂ ਭਿੰਨ ਹੈ।ਸ ਇਕਬਾਲ ਸਿੰਘ ਜੀ ਤੁਸੀਂ ਜਾਂ ਤਾਂ ਮੇਰੀ ਗੱਲ ਸਮਝ ਨਹੀਂ ਸਕੇ ਜਾਂ ਫਿਰ ਸਮਝਣ ਤੋਂ ਇਨਕਾਰੀ ਹੋ (ਇਹ ਸੰਭਾਵਨਾ ਜ਼ਿਆਦਾ ਹੈ)।ਮੇਰਾ ਕਹਿਣਾ ਹੈ ਕਿ ਗੁਰਬਾਣੀ ਨਾਸਤਿਕਤਾ ਦੀ ਹਮਾਇਤ ਨਹੀਂ ਕਰਦੀ ਬਲਕਿ ਗੁਰਬਾਣੀ ਅਨੁਸਾਰ ਨਾਸਤਿਕ ਹੋਣਾ ਹੀ ਨਾ ਮੁਮਕਿਨ ਹੈ।ਪ੍ਰੰਪਰਾਗਤ

"ਰੱਬ" ਤੋਂ ਤਾਂ ਬੰਦਾ ਨਾਸਤਿਕ ਹੋ ਸਕਦਾ ਹੈ ਪਰ ਗੁਰਬਾਣੀ ਦੇ "ਰੱਬ" ਤੋਂ ਨਹੀਂ।ਤੁਸੀ ਮੇਰੀ ਕਹੀ ਗੱਲ ਨੂੰ ਆਪਣੇ ਪਹਿਲਾਂ ਤੋਂ ਬਣੇ ਵਿਚਾਰਾਂ ਨਾਲ ਰਲਗੱਡ ਕਰ ਕੇ ਮੇਰੀ ਕਹੀ ਹੋਈ ਗੱਲ ਦੇ ਆਪਣੇ ਮਤਲਬ ਦੇ ਅਰਥ ਨਿਕਾਲ ਰਹੇ ਹੋ।ਇਹ ਹੈ ਤੁਹਾਡੇ ਰਲਗੱਡ ਕਰਨ ਦੀ ਇੱਕ ਹੋਰ ਮਿਸਾਲ।

ਤੁਹਾਡਾ ਇਹ ਕਹਿਣਾ ਵੀ ਗਲਤ ਹੈ ਕਿ ਮੈ ਲਫਜ਼ "ਸਿੱਟਾ" ਨੂੰ ਹੁਣ "ਕੋਸ਼ਿਸ਼" ਵਿਚ ਤਬਦੀਲ ਕਰ ਦਿੱਤਾ ਹੈ।ਲਫਜ਼ "ਕੋਸ਼ਿਸ਼" ਪਹਿਲਾਂ ਤੋਂ ਹੀ ਮੌਜੂਦ ਹੈ।ਅਤੇ ਨਾ ਹੀ ਦੋਨਾਂ ਸਟੇਟਮੈਂਟਾ ਵਿੱਚ ਕੋਈ ਖਾਸ ਅਰਥ ਭੇਦ ਹੈ।ਇਹ ਹੈ ਇਸ ਗੱਲ ਦਾ ਸਬੂਤ ਕਿ ਤੁਸੀਂ ਮੇਰੀ ਲਿਖਤ ਧਿਆਨ ਨਾਲ ਪੜ੍ਹੀ ਹੀ ਨਹੀਂ।

ਮੈਨੂੰ ਇਹ ਵੀ ਸਮਝ ਨਹੀਂ ਆਉਂਦੀ ਤੁਹਾਨੂੰ ਲਫਜ਼ "ਰੱਬ" ਨਾਲ ਇੰਨੀ ਚਿੜ੍ਹ ਕਿਉਂ ਹੈ। ਅਗਰ ਗੁਰੂ ਸਾਹਿਬ ਇਸ ਨੂੰ 15-16 ਵਾਰ ਵਰਤ ਸਕਦੇ ਨੇ ਤਾਂ ਅਸੀਂ ਕਿਉਂ ਇਸ ਦਾ ਬਾਈਕਾਟ ਕਰੀਏ? ਗੁਰ ਨਾਨਕ ਸਾਹਿਬ ਤਾਂ ਲਫਜ਼ ਰੱਬ ਅਤੇ ਕਰਤਾ ਇਕੋ ਸਤਰ ਵਿੱਚ ਵਰਤਦੇ ਨੇ।(ਪੰਨਾ 141) ਭਾਈ ਕਾਨ੍ਹ ਸਿੰਘ ਅਨੁਸਾਰ ਗੁਰ ਨਾਨਕ ਸਾਹਿਬ ਦਾ ਰੱਬ ਲਈ ਪਸੰਦੀਦਾ ਨਾਮ ਵੀ ਕਰਤਾਰ ਸੀ।ਗੁਰੂ ਸਾਹਿਬ ਨੂੰ ਕਿਸੇ ਨਾਮ ਜਾਂ ਭਾਸ਼ਾ ਨਾਲ ਕੋਈ ਚਿੜ੍ਹ ਨਹੀ ਸੀ।ਉਹ ਸਾਹਮਣੇ ਬੈਠੇ ਬੰਦੇ ਦੀ ਬੋਲੀ ਵਿੱਚ ਹੀ ਗੱਲ ਕਰਦੇ ਸਨ।ਇਸ ਵੇਲੇ ਪੰਜਾਬ ਵਿੱਚ ਅਗਰ ਕੋਈ ਸਰਵੇ ਕਰਾਇਆ ਜਾਏ ਤਾਂ ਅਕਾਲ ਪੁਰਖ ਲਈ ਦੋ ਨਾਮ (ਰੱਬ ਅਤੇ ਵਾਹਿਗੁਰੂ) ਸੱਭ ਤੋਂ ਵੱਧ ਵਰਤੇ ਜਾਂਦੇ ਪਾਏ ਜਾਣਗੇ।

ਵੈਸੇ ਵੀ ਤੁਸੀਂ ਇਹ ਵਿਸ਼ੇ ਤੇ ਜੋ ਵੀ ਮੇਰੇ ਨਾਲ ਹੁਣ ਤਕ ਚਰਚਾ ਕੀਤੀ ਹੈ ਉਹ ਮੂਲ ਮੁੱਦੇ ਨੂੰ ਤਾਂ ਛੂੰਹਦੀ ਤਕ ਨਹੀ।ਇਸ ਵਿਸ਼ੇ ਤੇ ਜੋ ਮੈ ਕਿਹਾ ਹੈ ਓਹ ਮੋਟੇ ਤੌਰ ਤੇ ਨੁਕਤੇਵਾਰ ਇਸ ਤਰ੍ਹਾਂ ਹੈ।

•ਆਦਿ ਕਾਲ ਤੋਂ ਮਨੁੱਖ ਇਹ ਸਮਝਣ ਦਾ ਯਤਨ ਕਰ ਰਿਹਾ ਹੈ ਕਿ ਉਹ ਕਿੱਥੋਂ ਆਉਂਦਾ ਹੈ ਅਤੇ ਮਰ ਕੇ ਕਿੱਥੇ ਜਾਂਦਾ ਹੈ?ਇਹ ਸ੍ਰਿਸ਼ਟੀ ਕਿਵੇਂ ਬਣਦੀ ਵਿਚਰਦੀ ਹੈ?ਦੁਨੀਆਂ ਦੇ ਸਾਰੇ ਗਿਆਨ ਵਿਗਿਆਨ ਇਹਨਾਂ ਸਵਾਲਾਂ ਦੁਆਲੇ ਹੀ ਘੁੰਮਦੇ ਨੇ।
•ਰੱਬ ਦਾ ਸੰਕਲਪ ਵੀ ਇਹਨਾਂ ਸਵਾਲਾਂ ਦਾ ਜਵਾਬ ਲੱਭਣ ਦੀ ਕੋਸ਼ਿਸ ਹੈ।

•ਗੁਰਬਾਣੀ ਵੀ ਇਹਨਾਂ ਸਵਾਲਾਂ ਨੂੰ ਮੁਖਾਤਿਬ ਹੈ ਪਰ ਗੁਰਬਾਣੀ ਦਾ ਰੱਬ ਪ੍ਰੰਪਰਾਗਤ ਧਰਮਾਂ ਦੇ ਰੱਬ ਨਾਲੋਂ ਭਿੰਨ ਹੈ ਜਿਸ ਦੀ ਵਿਆਖਿਆ ਮੂਲ਼ ਮੰਤ੍ਰ ਵਿੱਚ ਕੀਤੀ ਗਈ ਹੈ।ਇਸ ਵਿਆਖਿਆ ਦਾ ਸੰਖੇਪ ਵੇਰਵਾ ਮੈਂ ਆਪਣੀ ਪਹਿਲੀ ਪੋਸਟ ਵਿੱਚ ਹੀ ਦੇ ਦਿੱਤਾ ਸੀ।ਵਧੇਰੇ ਵਿਸਥਾਰ ਲਈ ਤੁਸੀਂ ਮੇਰ ਸਿਖ ਮਾਰਗ ਤੇ ਛਪਿਆ ਲੇਖ "ਗੁਰਮਤਿ ਦਾ ਧੁਰਾ-ਮੂਲ ਮੰਤ੍ਰ' ਪੜ੍ਹ ਸਕਦੇ ਹੋ।

•ਗੁਰਬਾਣੀ ਨਾਸਤਿਕਤਾ ਨੂੰ ਮਾਨਤਾ ਨਹੀਂ ਦਿੰਦੀ।

ਇਹਨਾਂ ਨੁਕਤਿਆਂ ਤੇ ਤੁਸੀਂ ਮੈਨੂੰ ਕੋਈ ਸਵਾਲ ਨਹੀ ਕੀਤਾ।ਤੁਸੀਂ ਸਿਰਫ ਲਫਜ਼ "ਰੱਬ" ਨਾਲ ਹੀ ਉਲਝੇ ਰਹਿਣਾ ਪਸੰਦ ਕਰਦੇ ਹੋ।ਤੁਹਾਡੇ ਕਹਿਣ ਅਨੁਸਾਰ ਗੁਰਮਤਿ ਵਿੱਚ ਰੱਬ ਦਾ ਵਿਕਲਪ "ਬ੍ਰਹਮੰਡੀ ਨਿਯਮ-ਤੰਤਰ" ਹੈ।ਹੁਣ ਇਸ ਚਰਚਾ ਨੂੰ ਸਾਰਥਿਕ ਬਣਾਉਣ ਹਿਤ ਮੈਂ ਤੁਹਾਤੋਂ ਪੁਛਣਾ ਚਾਹੁੰਦਾ ਹਾਂ ਕਿ

1.ਕੀ ਤੁਸੀਂ ਇਸ ਬ੍ਰਹਮੰਡੀ ਨਿਯਮ-ਤੰਤਰ ਦੇ ਪੰਜ ਸੱਤ ਨਿਯਮਾਂ ਦਾ ਵੇਰਵਾ ਦੇਣ ਦੀ ਕ੍ਰਿਪਾਲਤਾ ਕਰੋਗੇ?

2.ਕੀ ਇਹ ਵੀ ਦੱਸੋਗੇ ਕਿ ਉਹਨਾ ਨਿਯਮਾ ਦਾ ਵੇਰਵਾ ਗੁਰਬਾਣੀ ਕਿਵੇਂ ਅਤੇ ਕਿੱਥੇ ਕਰਦੀ ਏ?

3.ਕੀ ਇਹ ਨਿਯਮ ਸਿਰਫ ਇਸੇ ਧਰਤੀ ਤੇ ਜ਼ਾਇਜ਼ ਹਨ ਜਾਂ ਇਹ ਕੁਲ ਕਾਇਨਾਤ (cosmos) ਤੇ ਲਾਗੂ ਹੁੰਦੇ ਨੇ।ਇਹ ਸਵਾਲ ਮੈਂ ਤੁਹਾਨੂੰ ਇਸ ਕਰਕੇ ਕਰ ਰਿਹਾ ਹਾਂ ਕਿਉਂਕਿ ਕੋਜ਼ਮੋਸ ਅਤੇ ਯੁਨੀਵਰਸ ਵਿੱਚ ਬੜਾ ਮਹੀਨ ਫਰਕ ਹੈ।ਕੌਜ਼ਮੌਸ ਤਮਾਮ ਬਾਇਨਰੀ ਯੁਨੀਵਇਰਸਜ਼ ਅਤੇ ਨਥਿੰਗਨੈੱਸ (nothingness) ਦਾ ਜਮਾਂ ਫਲ ਹੈ।ਇਸ ਵਿਸ਼ੇ ਤੇ ਵਿਗਿਆਨ ਵੀ ਖੋਜ਼ ਕਰ ਰਿਹਾ ਹੈ।ਤੁਹਾਡੀ ਖੋਜ਼ ਮੁਤਾਬਿਕ ਗੁਰਬਾਣੀ ਦਾ ਇਸ ਵਾਰੇ ਕੀ ਨਜ਼ਰੀਆ ਹੈ?

ਮੈਂ ਆਪਣੇ ਵਿਚਾਰ ਵੀ ਉਪਰ ਸੰਖੇਪ ਨੁਕਤਾਵਾਰ ਦੇ ਦਿੱਤੇ ਹਨ।ਤੁਸੀਂ ਵੀ ਮੈਨੂੰ ਇਹਨਾਂ ਨੁਕਤਿਆਂ ਤੇ ਜੋ ਚਾਹੋ ਸਵਾਲ ਕਰ ਸਕਦੇ ਹੋ।ਚਰਚਾ ਨੂੰ ਸਾਰਥਿਕ ਬਣਾਉਣ ਹਿਤ ਮੈ ਇਸ ਪੋਸਟ ਨੂੰ ਵੀ ਅਲਿਹਦਾ ਤੌਰ ਤੇ ਪਾ ਰਿਹਾ ਹਾਂ।

ਸਤਿਕਾਰ ਸਹਿਤ

ਜਰਨੈਲ ਸਿੰਘ

05/06/2020 at 4:25pm

**Iqbal Singh Dhillon** In reply to Jarnail Singh

ਸ. ਜਰਨੈਲ ਸਿੰਘ ਜੀ,

ਤੁਸੀਂ ਆਪਣੇ ਉੱਪਰ 06 ਮਈ ਵਾਲੇ reply ਵਿਚ ਆਪਣੀਆਂ ਪਹਿਲੀਆਂ ਦਲੀਲਾਂ ਨੂੰ ਹੀ ਦੁਹਰਾਉਂਦੇ ਹੋਏ ਗੱਲ ਨੂੰ ਗੋਲ-ਮੋਲ ਕਰਨ ਦਾ ਯਤਨ ਕੀਤਾ ਹੈ ਅਤੇ ਮੇਰਾ ਵੀ ਤੁਹਾਡੇ ਬਾਰੇ ਏਹੋ ਹੀ ਵਿਚਾਰ ਬਣ ਰਿਹਾ ਹੈ ਕਿ "ਤੁਸੀਂ ਜਾਂ ਤਾਂ ਮੇਰੀ ਗੱਲ ਸਮਝ ਨਹੀਂ ਸਕੇ ਜਾਂ ਫਿਰ ਸਮਝਣ ਤੋਂ ਇਨਕਾਰ ਹੋ"। ਸੋ ਜ਼ਰੂਰੀ ਬਣ ਜਾਂਦਾ ਹੈ ਕਿ ਆਪਣੀ ਵਿਚਾਰ-ਚਰਚਾ ਨੂੰ ਲੀਹ ਤੇ ਲਿਆਉਣ ਹਿਤ ਅਸੀਂ ਪਹਿਲਾਂ 'ਰੱਬ' ਦੀ ਹੋਂਦ ਬਾਰੇ ਸਪਸ਼ਟ ਹੋ ਲਈਏ। ਉਸ ਤੋਂ ਪਿੱਛੋਂ ਹੀ ਮੈਂ ਤੁਹਾਡੀ ਉੱਪਰ ਵਾਲੀ reply ਵਿਚ ਤੁਹਾਡੇ ਵੱਲੋਂ ਪੇਸ਼ ਕੀਤੇ ਗਏ ਸਾਰਿਆਂ ਨੁਕਤਿਆਂ ਬਾਰੇ ਆਪਣਾ ਸਿਲਸਿਲੇਵਾਰ ਸਪਸ਼ਟੀਕਰਨ ਦੇ ਸਕਾਂਗਾ। ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਕਿ ਸਾਰੇ ਸੰਸਾਰ ਵਿਚ ਪਰਚਲਤ 'ਰੱਬ' ਦਾ ਪਰੰਪਰਾਗਤ ਸੰਕਲਪ 'ਰੱਬ' ਦੀ ਹੋਂਦ ਨੂੰ ਦੋ ਰੂਪਾਂ ਵਿਚ ਮਾਨਤਾ ਦੇਂਦਾ ਹੈ:

1. ਸ਼ਖਸੀ (anthropomorphic) ਰੂਪ ਵਜੋਂ (ਯਹੂਦੀ ਮੱਤ, ਇਸਾਈ ਮੱਤ ਅਤੇ ਇਸਲਾਮ ਇਸ ਰੂਪ ਨੂੰ ਮਾਨਤਾ ਦੇਂਦੇ ਹਨ)।
2. 'ਪਰਮਾਤਮਾ' (ਪਰਮ+ਆਤਮਾ) ਭਾਵ Supreme Soul ਵਜੋਂ, (ਹਿੰਦੂ ਮੱਤ ਇਸ ਨੂੰ 'ਬ੍ਰਹਮ' ਦੇ ਨਾਮ ਹੇਠ ਮਾਨਤਾ ਦੇਂਦਾ ਹੈ)।

ਸ. ਜਰਨੈਲ ਸਿੰਘ ਜੀ, ਤੁਹਾਡੇ ਨਾਲ ਵਿਚਾਰ-ਚਰਚਾ ਨੂੰ ਅੱਗੇ ਤੋਰਨ ਤੋਂ ਪਹਿਲਾਂ ਮੇਂ ਤੁਹਾਡੇ ਕੋਲੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਤੁਸੀਂ ਜਾਤੀ ਤੌਰ ਤੇ ਉੱਪਰ ਵਾਲੇ ਦੋ ਰੂਪਾਂ ਵਿੱਚੋਂ ਕਿਸੇ ਇਕ ਜਾਂ ਦੋਵ੍ਹਾਂ ਨੂੰ ਮਾਨਤਾ ਦੇਂਦੇ ਹੋ ? ਉਮੀਦ ਹੈ ਕਿ ਤੁਸੀਂ ਇਸ ਸਵਾਲ ਦਾ ਉੱਤਰ ਜਲਦੀ ਪੇਸ਼ ਕਰ ਦਿਓਗੇ।

ਇਕਬਾਲ ਸਿੰਘ ਢਿੱਲੋਂ ।

05/07/2020 at 3:11pm

**Jarnail Singh**

ਸ. ਇਕਬਾਲ ਸਿੰਘ ਜੀ

ਅਗਰ ਤੁਸੀਂ ਮੇਰੇ ਇਸ ਚਰਚਾ ਦੁਰਾਨ ਦਿੱਤੇ ਵਿਚਾਰ ਜਾ ਸਿੱਖ ਮਾਰਗ ਤੇ ਪਹਿਲਾਂ ਤੋਂ ਛਪੇ ਲੇਖ ਧਿਆਨ ਨਾਲ ਪੜ੍ਹੇ ਹੁੰਦੇ ਤਾਂ ਤੁਸੀਂ ਮੇਥੋਂ ਇਸ ਸਵਾਲ ਨ ਪੁੱਛਦੇ।ਖੇਰ ਮੈਂ ਫਿਰ ਦੁਹਰਾ ਦਿੰਦਾ ਹਾਂ ਕਿ ਮੇਰੀ ਸਮਝ ਮੁਤਾਬਿਕ ਗੁਰਬਾਣੀ ਜਿਹਨਾਂ ਦੋ ਤਰ੍ਹਾਂ ਦੇ "ਰੱਬਾਂ" ਦਾ ਤੁਸੀਂ ਜ਼ਿਕਰ ਕੀਤਾ ਹੈ ਉਹਨਾਂ ਚੋਂ ਕਿਸੇ ਨੂੰ ਵੀ ਮਾਨਤਾ ਨਹੀਂ ਦਿੰਦੀ।

ਪਰ ਮੈਨੂੰ "ਗੁਰਬਾਣੀ ਦੇ ਰੱਬ" ਨੂੰ ਰੱਬ ਕਹਿਣ ਵਿੱਚ ਵੀ ਕੋਈ ਇਤਰਾਜ਼ ਜਾਂ ਝਿਝਕ ਨਹੀਂ ਹੈ ਕਿਉਂਕਿ ਗੁਰੂ ਸਾਹਿਬ ਖੁਦ ਇਹ ਲਫਜ਼ ਵਰਤਦੇ ਰਹੇ ਨੇ।ਇਸ ਨਾਲ ਪਾਠਕ ਨਾਲ ਵਾਰਤਾਲਾਪ ਵੀ ਅਸਾਨ ਹੋ ਜਾਂਦਾ ਹੈ।

ਮੈਨੂੰ ਇਹ ਵੀ ਲਗਦਾ ਹੈ ਕਿ ਤੁਸੀਂ ਖੁਦ ਅਸਲ ਵਿੱਚ ਸ਼ਖਸੀ ਰੂਪ ਵਾਲੇ ਰੱਬ ਨੂੰ ਹੀ ਮੰਨਦੇ ਹੋ।ਉਪਰੋਂ ਉਪਰੋਂ ਤਾਂ ਤੁਸੀਂ "ਬ੍ਰਹਮੰਡੀ ਨਿਯਮ-ਤੰਤਰ' ਦਾ ਰੌਲਾ ਪਾ ਰਹੇ ਹੋ ਪਰ ਗੁਰਬਾਣੀ ਦੇ ਅਰਥ ਕਰਨ ਵੇਲੇ ਇਸ ਸ਼ਖਸ਼ੀ ਰੱਬ ਨੂੰ ਹੀ ਮਾਨਤਾ ਦੇਂਦੇ ਹੋ।(ਜਵੇਂ ਕਿ ਸ ਗੁਰਿੰਦਰ ਪਾਲ ਸਿੰਘ ਨੇ ਵੀ ਇਹ ਗੱਲ ਕਹੀ ਹੈ ਜਦੋ ਤੁਸੀਂ "ਕੀਤਾ ਪਸਾਉ ਏਕੋ ਕਵਾਉ॥ਤਿਸ ਤੇ ਹੋਏ ਲੱਖ ਦਰਿਆਉ॥" ਦਾ ਅਰਥ ਕਰਦੇ ਹੋ ਤਾਂ ਪਹਿਲਾਂ ਤਾਂ ਲਫਜ "ਕਵਾਉ" ਦੇ ਮਨਘੜਤ ਅਰਥ "ਖੂਹ" ਕਰਦੇ ਹੋ ਫਿਰ ਕਹਿੰਦੇ ਹੋ ਕਿ ਇੱਕ ਖੂਹ ਵਿੱਚੋਂ ਲੱਖਾਂ ਹੀ ਦਰਿਆ ਨਿਕਲ ਪਏ।ਇੱਕ ਖੂਹ ਵਿੱਚੋਂ ਕੋਈ ਸ਼ਖਸੀ ਰੱਬ ਹੀ ਕਰਮਾਤ ਕਰਕੇ ਲੱਖ ਦਰਿਆ ਕੱਢ ਸਕਦਾ ਹੈ ਇਹ ਕਿਸੇ "ਬ੍ਰਹਮੰਡੀ ਨਿਯਮ-ਤੰਤਰ" ਦੇ ਤਹਿਤ ਤਾਂ ਹੋ ਨਹੀਂ ਸਕਦਾ।

ਬ੍ਰਹਮੰਡੀ ਨਿਯਮ ਤੰਤਰ ਤਹਿਤ ਦਰਿਆ ਪਹਾੜਾ ਚੋਂ ਨਿਕਲਦੇ ਹਨ ਅਤੇ ਪਾਣੀ ਨਿਵਾਣ ਵੱਲ ਵਗਦਾ ਹੈ ਨਾ ਕਿ ਕਿਸੇ ਖੂਹ ਵਿੱਚੋਂ ਆਪ ਮੁਹਾਰੇ ਉੱਚੀ ਜਗ੍ਹਾ ਨੂੰ ਚੜ੍ਹਦਾ ਹੈ।ਹਾਂ ਅਜਿਹੇ ਚਮਤਕਾਰ ਸ਼ਖਸੀ ਰੱਬ ਨਾਲ ਜ਼ਰੂਰ ਜੁੜੇ ਸੁਣੇ ਜਾਂਦੇ ਹਨ। ਸੋ ਦੂਜਿਆਂ ਨੂੰ ਸਵਾਲ ਕਰਨ ਤੋਂ ਪਹਿਲਾਂ ਆਪਣੀ ਪੀੜੀ ਹੇਠ ਵੀ ਸੋਟਾ ਫੇਰ ਲੈਣਾ ਚਾਹੀਦਾ ਹੈ।

ਸ ਇਕਬਾਲ ਸਿੰਘ ਜੀ ਮੈਂ ਤਾਂ ਤੁਹਾਡੇ ਸਵਾਲਾਂ ਦਾ ਸਪਸ਼ਟ ਜਵਾਬ ਦੇ ਦਿੱਤਾ ਹੈ।ਆਸ ਹੈ ਇਸ ਚਰਚਾ ਨੂੰ ਸਕਾਰਥ ਬਣਾਉਣ ਹਿਤ ਹੁਣ ਤੁਸੀਂ ਮੇਰੇ ਸਵਾਲਾਂ ਦਾ ਜਵਾਬ ਵੀ ਦੇਵੋਗੇ।

ਸਤਿਕਾਰ ਸਹਿਤ

ਜਰਨੈਲ ਸਿੰਘ

05/07/2020 at 4:46pm

**Iqbal Singh Dhillon**

ਸ. ਜਰਨੈਲ ਸਿੰਘ ਜੀ,

ਤੁਸੀਂ ਮੇਰੇ ਸਵਾਲ ਦਾ ਉੱਤਰ ਤਾਂ ਦਿੱਤਾ ਨਹੀਂ । ਮੇਰਾ ਸਵਾਲ ਸੀ: " ਤੁਸੀਂ ਜਾਤੀ ਤੌਰ ਤੇ ਉੱਪਰ ਵਾਲੇ ਦੋ ਰੂਪਾਂ ਵਿੱਚੋਂ ਕਿਸੇ ਇਕ ਜਾਂ ਦੋਵ੍ਹਾਂ ਨੂੰ ਮਾਨਤਾ ਦੇਂਦੇ ਹੋ ?" ਮੈਂ ਤਾਂ ਤੁਹਾਥੋਂ ਤੁਹਾਡੀ 'ਨਿਜੀ' ਮਾਨਤਾ ਬਾਰੇ ਪੁੱਛਿਆ ਸੀ ਪਰੰਤੂ ਤੁਸੀਂ ਗੁਰਬਾਣੀ ਦੀ ਗੱਲ ਕਰਨ ਲੱਗ ਪਏ ਅਤੇ ਨਾਲ ਹੀ ਝਟ-ਪਟ ਮੇਰੀ 'ਜਾਤੀ' ਮਾਨਤਾ ਬਾਰੇ ਆਪਣਾ ਫੈਸਲਾ ਵੀ ਮੇਰੇ ਸਿਰ ਮੜ੍ਹ ਦਿੱਤਾ ਹੈ ਜੋ ਕਿ ਸਰਾਸਰ ਬੇਇਨਸਾਫੀ ਹੈ। ਖੈਰ, ਕਿਉਂਕਿ ਤੁਸੀਂ ਗੁਰਬਾਣੀ ਦੀ ਧਾਰਨਾ ਨਾਲ 100% ਸਹਿਮਤ ਜਾਪਦੇ ਹੋ ਇਸ ਲਈ ਇਹ ਮੰਨਦੇ ਹੋਏ ਕਿ ਤੁਸੀਂ ਪ੍ਰਪਰਾਗਤ ਤੌਰ ਤੇ ਮੰਨੇਂ ਜਾਂਦੇ ਰੱਬ ਦੇ ਦੋਵ੍ਹਾਂ ਰੂਪਾਂ ਨੂੰ ਮਾਨਤਾ ਨਹੀਂ ਦੇਂਦੇ ਤਾਂ ਮੇਰਾ ਅਗਲਾ ਸਵਾਲ ਹੈ

ਕਿ ਜਿਸ ਨੂੰ ਤੁਸੀਂ 'ਗੁਰਬਾਣੀ ਦਾ ਰੱਬ' ਕਹਿੰਦੇ ਹੋ ਉਹ ਪਰੰਪਰਾਗਤ ਦੋਵ੍ਹਾਂ ਰੂਪਾਂ ਤੋਂ ਕਿਵੇਂ ਭਿੰਨ ਹੈ ਅਤੇ ਇਸ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਕੀ ਹਨ। ਵਿਸ਼ੇਸ਼ ਤੌਰ ਤੇ ਇਹ ਸਪਸ਼ਟ ਕਰਨ ਦੀ ਵੀ ਕਿਰਪਾਲਤਾ ਕਰਨੀ ਕਿ ਕੀ ਤੁਹਾਡੇ ਵੱਲੋਂ ਦਰਸਾਇਆ 'ਗੁਰਬਾਣੀ ਦਾ ਰੱਬ' ਪਰੰਪਰਾਗਤ 'ਰੱਬ' ਵਾਂਗ ਕਾਲਪਨਿਕ ਹੈ ਭਾਵ ਜਿਸ ਦੀ ਹੋਂਦ ਨੂੰ ਸਾਬਤ ਨਹੀਂ ਕੀਤਾ ਜਾ ਸਕਦਾ ਕਿ ਇਹ ਅਸਲੀ (real) ਹੈ ਅਤੇ ਇਸ ਦੀ ਹੋਂਦ ਨੂੰ ਸਾਬਤ ਕੀਤਾ ਜਾ ਸਕਦਾ ਹੈ। ਆਸ ਹੈ ਕਿ ਤੁਸੀਂ ਇਹਨਾਂ ਨੁਕਤਿਆਂ ਨੂੰ ਛੇਤੀ ਹੀ ਸਪਸ਼ਟ ਕਰ ਦੇਵੋਗੇ ਤਾਂ ਕਿ ਵਿਚਾਰ-ਚਰਚਾ ਅੱਗੇ ਚੱਲ ਸਕੇ।

ਇਕਬਾਲ ਸਿੰਘ ਢਿੱਲੋਂ।

05/07/2020 at 6:57pm

**Jarnail Singh**

ਸ ਇਕਬਾਲ ਸਿੰਘ ਜੀ

ਬੜੀ ਹੈਰਾਨੀ ਦੀ ਗੱਲ ਹੈ ਕਿ ਤੁਸੀਂ ਮੇਰੀ ਨਿਜੀ ਜਾਂ ਜਾਤੀ ਮਾਨਤਾ ਅਤੇ ਗੁਰਬਾਣੀ ਦੀ ਸਮਝ ਅਨੁਸਾਰ ਬਣੀ ਮਾਨਤਾ ਨੂੰ ਅੱਡ ਅੱਡ ਹੋਣਾ ਵੀ ਕਿਆਸਦੇ ਹੋ। ਕੀ ਤੁਸੀਂ ਮੈਨੂੰ ਅਤੇ ਜਿਹਨਾਂ ਹੋਰਨਾਂ ਨੂੰ ਇਹ ਸਵਾਲ ਕਰ ਰਹੇ ਹੋ ਉਹਨਾਂ ਤੇ ਦੋਗਲਾ ਹੋਣ ਦਾ ਸ਼ੱਕ ਕਰ ਰਹੇ ਹੋ।ਘਟੋ ਘੱਟ ਮੈਨੂੰ ਤੁਹਾਡੇ ਤੋਂ ਇਹ ਆਸ ਨਹੀਂ ਸੀ। ਧੰਨਵਾਦ ਤੁਹਾਡਾ ਤੁਸੀਂ ਮੈਨੂੰ ਇਸ ਦੋਸ਼ ਤੋਂ ਤਾਂ ਬਰੀ ਕਰ ਦਿੱਤਾ।

ਤੁਸੀਂ ਚਰਚਾ ਅੱਗੇ ਤੋਰਨ ਦੀ ਗੱਲ ਕਰਦੇ ਹੋ ਪਰ ਤੁਹਾਡੀ ਨੀਅਤ ਤੇ ਮੈਨੂੰ ਤਾਂ ਹੁਣ ਸ਼ੱਕ ਹੋਣ ਲੱਗ ਪਿਆ ਹੈ।ਜਦੋਂ ਮੈਂ ਤੁਹਾਡੇ ਸਵਾਲਾਂ ਦਾ ਜਵਾਬ ਦੇ ਦਿੱਤਾ ਸੀ ਤੁਹਾਡਾ ਫਰਜ਼ ਬਣਦਾ ਸੀ ਤੁਸੀਂ ਮੇਰੇ ਸਵਾਲਾਂ ਦਾ ਜਵਾਬ ਦਿੰਦੇ।ਪਰ ਅਜਿਹਾਂ ਕਰਨ ਦੀ ਵਜਾਏ ਤੁਸੀਂ ਮੈਨੂੰ ਹੋਰ ਸਵਾਲ ਕਰ ਦਿੱਤੇ।ਸਵਾਲ ਵੀ ਉਹ ਕੀਤਾ ਜਿਸ ਦਾ ਮੈਂ ਪਹਿਲਾਂ ਕਈ ਵਾਰ ਉੱਤਰ ਦੇ ਚੁੱਕਾ ਹਾਂ।ਗੁਰਬਾਣੀ ਦੇ “ਰੱਬ” ਦੀਆਂ ਵਿਸੇਸ਼ਤਾਵਾਂ ਮੂਲ ਮੰਤ੍ਰ ਵਿੱਚ ਹੀ ਹਨ।ਜਿਸ ਦੀ ਸੰਖੇਪ ਅਤੇ ਵਿਸਥਾਰ ਪੂਰਬਕ ਵਿਆਖਿਆ ਮੈ ਪਹਿਲਾਂ ਹੀ ਕਰ ਚੁੱਕਾਂ ਹਾਂ।ਤੁਸੀ ਅਸਲੀ ਕਿਸ ਨੂੰ ਆਖਦੇ ਹੋ? ਅਗਰ ਅਸਲੀ ਕਾਲਪਨਿਕ ਦਾ ਉਲਟ ਹੈ ਤਾਂ ਗੁਰਬਾਣੀ ਦਾ ਰੱਬ ਅਸਲੀ ਹੈ।ਗੁਰੂ ਸਾਹਿਬ ਦਾ ਫੁਰਮਾਨ ਹੈ “ਹੈ ਵੀ ਹੋਸੀ ਜਾਇ ਨਾ ਜਾਸੀ ਰਚਨਾ ਜਿਨਿ ਰਚਾਈ॥” ਮੇਰੇ ਲਈ ਰੱਬ ਦੀ ਹੋਂਦ ਸਾਬਤ ਕਰਨ ਲਈ ਇਸ ਤੋਂ ਬਿਨਾ ਹੋਰ ਕੋਈ ਸਬੂਤ ਜ਼ਰੂਰੀ ਨਹੀ ਹੈ।ਤੁਹਾਡਾ ਮੈਨੂੰ ਪਤਾ ਨਹੀਂ।

ਸ਼.ਇਕਬਾਲ ਸਿੰਘ ਜੀ ਮੈ ਤੁਹਾਡੇ ਸਾਰੇ ਸਵਾਲਾਂ ਦਾ ਜਵਾਬ ਦਿੰਦਾ ਆ ਰਿਹਾਂ ਹਾ ਬਾਵਜੂਦ ਇਸਦੇ ਕਿ ਤੁਸੀ ਮੇਰੇ ਕਿਸੇ ਸਵਾਲ ਦਾ ਜਵਾਬ ਹਾਲੇ ਤੱਕ ਨਹੀਂ ਦਿੱਤਾ। ਮੈ ਤੁਹਾਡੀ ਸਹੂਲਤ ਲਈ ਸਵਾਲ ਫਿਰ ਦੁਹਰਾ ਰਿਹਾ ਹਾਂ।

1. ਕੀ ਤੁਸੀਂ ਇਸ ਬ੍ਰਹਮੰਡੀ ਨਿਯਮ-ਤੰਤਰ ਦੇ ਪੰਜ ਸੱਤ ਨਿਯਮਾਂ ਦਾ ਵੇਰਵਾ ਦੇਣ ਦੀ ਕ੍ਰਿਪਾਲਤਾ ਕਰੋਗੇ?

2. ਕੀ ਇਹ ਵੀ ਦੱਸੋਗੇ ਕਿ ਉਹਨਾ ਨਿਯਮਾ ਦਾ ਵੇਰਵਾ ਗੁਰਬਾਣੀ ਕਿਵੇਂ ਅਤੇ ਕਿੱਥੇ ਕਰਦੀ ਏ?

3. ਕੀ ਇਹ ਨਿਯਮ ਸਿਰਫ ਇਸੇ ਧਰਤੀ ਤੇ ਜ਼ਾਇਜ਼ ਹਨ ਜਾਂ ਇਹ ਕੁਲ ਕਾਇਨਾਤ (Cosmos) ਤੇ ਲਾਗੂ ਹੁੰਦੇ ਨੇ।ਇਹ ਸਵਾਲ ਮੈਂ ਤੁਹਾਨੂੰ ਇਸ ਕਰਕੇ ਕਰ ਰਿਹਾ ਹਾਂ ਕਿਉਂਕਿ ਕੋਜ਼ਮੋਸ ਅਤੇ ਯੁਨੀਵਰਸ ਵਿੱਚ ਬੜਾ ਮਹੀਨ ਫਰਕ ਹੈ।ਕੌਜ਼ਮੌਸ ਤਮਾਮ ਬਾਇਨਰੀ ਯੁਨੀਵਏਰਸਜ਼ ਅਤੇ ਨਥਿੰਗਨੈੱਸ (ਂੱੋਟਹਨਿਗਨੲਸਸ) ਜਾਂ ਸੁੰਨ ਦਾ ਜਮਾਂ ਫਲ ਹੈ। ਇਸ ਵਿਸ਼ੇ ਤੇ ਵਿਗਿਆਨ ਵੀ ਖੋਜ਼ ਕਰ ਰਿਹਾ ਹੈ। ਤੁਹਾਡੀ ਖੋਜ਼ ਮੁਤਾਬਿਕ ਗੁਰਬਾਣੀ ਦਾ ਇਸ ਵਾਰੇ ਕੀ ਨਜ਼ਰੀਆ ਹੈ?

4. ਕੀ ਤੁਸੀਂ ਦੱਸ ਸਕਦੇ ਹੋ ਕਿ ਬ੍ਰਹਮੰਡੀ ਨਿਯਮ-ਤੰਤਰ ਦਾ ਉਹ ਕਿਹੜਾ ਨਿਯਮ ਹੈ ਜੋ ਕਿਸੇ ਇੱਕ ਖੂਹ ਚੋਂ ਪਾਣੀ ਨੂੰ ਉਪਰ ਵਲ ਆਉਣ ਲਈ ਮਜ਼ਬੂਰ ਕਰ ਲੱਖਾਂ ਹੀ ਦਰਿਆ ਬਣਾ ਦਿੰਦਾ ਹੈ।ਅਤੇ ਉਹ ਪਾਣੀ ਫਿਰ ਦਰਿਆ ਵਿੱਚੋਂ ਸੁਭਾਅ ਮੁਤਾਬਿਕ ਉਡਣ ਦੀ ਵਜਾਏ ਜ਼ਮੀਨ ਤੇ ਵਹਿਣ ਕਿਉਂ ਲਗ ਪੈਂਦਾ ਹੈ।ਕੀ ਖੂਹ ਤੋਂ ਬਾਹਰ ਆਕੇ ਪਾਣੀ ਲਈ ਨਿਯਮ ਬਦਲ ਗਿਆ। ਅਗਰ ਅਜਿਹਾ ਕੋਈ ਨਿਯਮ ਹੈ ਤਾਂ ਫਿਰ ਉਹ ਨਿਯਮ ਉਸ ਬਾਬੇ ਦੇ ਵੀ ਬਹੁਤ ਕੰਮ ਆਏਗਾ ਜਿਹੜਾ ਘੜੇ ਦਾ ਢੱਕਣ ਚੁੱਕ ਸੁਨਾਮੀ ਲਿਆਉਣ ਦੀ ਗੱਲ ਕਰਦਾ ਹੈ।ਅਗਰ ਇੱਕ ਖੂਹ ਚੋਂ ਲੱਖਾਂ ਹੀ ਦਰਿਆ ਨਿਕਲ ਸਕਦੇ ਨੇ, ਪਾਣੀ ਆਪਣਾ ਸੁਭਾਅ ਬਦਲ ਸਕਦਾ ਹੈ ਤਾਂ ਘੜੇ ਚੋਂ ਸੁਨਾਮੀ ਆਉਣੀ ਵੀ ਨ ਮੁਮਕਿਨ ਨਹੀਂ ਹੋ

ਸਕਦੀ।ਤੁਸੀਂ ਸਮਝ ਹੀ ਗਏ ਹੋਵੋਗੇ ਕਿ ਆਖਰੀ ਸਵਾਲ ਤੁਹਾਡੀ ਜਪੁ ਬਾਣੀ ਦੀ ਵਿਆਖਿਆ ਤੇ ਅਧਾਰਿਤ ਹੈ।

ਸ ਇਕਬਾਲ ਸਿੰਘ ਜੀ ਇਸ ਚਰਚਾ ਨੂੰ ਅੱਗੇ ਤੋਰਨ ਲਈ ਇਹ ਜ਼ਰੂਰੀ ਹੈ ਕਿ ਤੁਸੀ ਪਹਿਲਾਂ ਇਹਨਾਂ ਸਵਾਲਾਂ ਦੇ ਜਵਾਬ ਦੇਵੋ।

ਸਤਿਕਾਰ ਸਹਿਤ

ਜਰਨੈਲ ਸਿੰਘ

05/08/2020 at 3:08am

**Iqbal Singh Dhillon**

ਸ. ਜਰਨੈਲ ਸਿੰਘ ਜੀ,

ਵੈਬਸਾਈਟ sikhmarg.com ਦੇ ਸੰਪਾਦਕ ਜੀ ਨੇ ਇਕ ਵਿਸ਼ਾ-ਵਿਸ਼ੇਸ਼ ਦੇ ਕੇ ਵਿਚਾਰ-ਚਰਚਾ ਅਰੰਭ ਕਰਵਾਈ ਹੈ। ਉਹਨਾਂ ਦਾ ਮਨੁੱਖਤਾ ਦੀ ਭਲਾਈ ਹਿਤ ਇਹ ਬਹੁਤ ਵੱਡਾ ਕਦਮ ਹੈ ਕਿ 'ਰੱਬ ਦੀ ਹੋਂਦ' ਵਰਗੇ ਅਤੀ ਸੰਵੇਦਨਸ਼ੀਲ ਅਤੇ ਗੰਭੀਰ ਵਿਸ਼ੇ ਉੱਤੇ ਉਹਨਾਂ ਨੇ ਖੁਲ੍ਹੀ ਵਿਚਾਰ-ਚਰਚਾ ਲਈ ਮੰਚ ਉਪਲਭਦ ਕਰਵਾਇਆ ਹੈ। ਸਾਨੂੰ ਸਾਰਿਆਂ ਨੂੰ ਬੜੀ ਹੀ ਸੁਹਿਰਦਤਾ, ਠਰੰਮੇਂ, ਅਨੁਸ਼ਾਸ਼ਨ ਅਤੇ ਸ੍ਰਿਸ਼ਟਾਚਾਰ ਦੀ ਪਾਲਣਾ ਕਰਦੇ ਹੋਏ ਇਸ ਵਿਚਾਰ-ਚਰਚਾ ਨੂੰ ਸੁਚਾਰੂ ਰੂਪ ਵਿਚ ਚਲਾਉਣ ਵਿਚ ਸਹਿਯੋਗ ਦੇਣਾ ਚਾਹੀਦਾ ਹੈ।

ਇਸ ਵਿਚਾਰ-ਚਰਚਾ ਵਿਚ ਤੁਸੀਂ ਆਪਣੇ ਵਿਚਾਰ ਦੇਂਦੇ ਹੋਏ ਆਪਣੀ ਇਕ ਪੋਸਟ (Post) ਪਾਈ ਹੈ ਅਤੇ ਉਸ ਸਬੰਧੀ ਸਵਾਲ ਤਾਂ ਆਉਣਗੇ ਹੀ। ਇਹ ਪਾਠਕਾਂ ਦਾ ਹੱਕ ਵੀ ਹੈ ਅਤੇ ਇਸ ਪੋਸਟ ਸਬੰਧੀ ਆਏ ਹਰ ਸਵਾਲ ਦਾ ਉੱਤਰ ਦੇਣਾ ਤੁਹਾਡਾ ਫਰਜ਼ ਹੈ। ਏਸੇ ਤਰ੍ਹਾਂ ਏਥੇ ਮੈਂ ਵੀ ਇਕ ਪੋਸਟ ਪਾਈ ਹੋਈ ਹੈ ਜਿਸ ਸਬੰਧੀ ਸਵਾਲ ਕਰਨਾ ਤੁਹਾਡਾ ਹੱਕ ਹੈ ਅਤੇ ਉੱਤਰ ਦੇਣੇ ਮੇਰਾ ਫਰਜ਼। ਪਰੰਤੂ ਇਹ ਬੜੇ ਹੀ ਅਚੰਭੇ ਵਾਲੀ ਗੱਲ ਹੈ ਕਿ ਤੁਸੀਂ ਆਪਣੀ ਪੋਸਟ ਉੱਤੇ ਮੇਰੇ ਵੱਲੋਂ ਕੀਤੇ ਜਾ ਰਹੇ ਸਵਾਲਾਂ ਉੱਤੇ ਇਤਨਾ ਤਿਲਮਿਲਾ ਰਹੇ ਹੋ। ਮੇਰੇ ਸਵਾਲਾਂ ਦੇ ਸਿੱਧੇ ਉੱਤਰ ਦੇਣ ਦੀ ਬਜਾਇ ਤੁਸੀਂ ਆਪਣੇ ਸਵਾਲ ਕਰਦੇ ਹੋਏ ਮੇਰੇ ਉੱਤਰ ਲੈਣ ਲਈ ਬਹੁਤ ਕਾਹਲ ਵਿਚ ਹੋ। ਜੇਕਰ ਤੁਹਾਨੂੰ ਮੇਰੇ ਵੱਲੋਂ ਉੱਤਰ ਲੈਣ ਦੀ ਬਹੁਤ ਲੋੜ ਸੀ ਤਾਂ ਤੁਸੀਂ ਮੇਰੀ ਪੋਸਟ ਸਬੰਧੀ ਸਵਾਲ ਕਰ ਸਕਦੇ ਸੀ ਜੋ ਹਾਲੇ ਤੱਕ ਤੁਸੀਂ ਨਹੀਂ ਕੀਤੇ। ਜਦੋਂ ਵੀ ਤੁਸੀਂ ਮੇਰੀ ਪੋਸਟ ਸਬੰਧੀ ਸਵਾਲ ਕਰੋਗੇ ਮੈਂ ਤੁਹਾਡੇ ਹਰ ਸਵਾਲ ਦਾ ਉੱਤਰ ਦੇਵਾਂਗਾ, ਇਹ ਮੇਰਾ ਵਾਦਾ ਹੈ (ਜੇਕਰ ਏਥੇ ਮੌਕਾ ਨਾ ਮਿਲੇ, ਮੈਂ ਕਿਸੇ ਹੋਰ ਮੰਚ ਜਿਵੇਂ ਕਿ e-mail ਰਾਹੀਂ ਵੀ ਵਿਚਾਰ-ਚਰਚਾ ਕਰਨ ਲਈ ਤਿਆਰ ਰਹਾਂਗਾ)। ਪਰੰਤੂ ਏਥੇ ਤੁਸੀਂ ਉੱਤਰ ਦੇਣ

ਨਾਲੋਂ ਉੱਤਰ ਲੈਣ ਲਈ ਵਧੇਰੇ ਤੱਤਪਰਤਾ ਵਿਖਾ ਰਹੇ ਹੋ। ਏਥੋਂ ਤੱਕ ਕਿ ਹਰ reply ਵਿਚ ਤੁਸੀਂ ਮੇਰੇ ਲਈ ਅਣਸੁਖਾਵੀਂ ਸ਼ਬਦਾਵਲੀ ਦੀ ਵਰਤੋਂ ਵੀ ਕਰਦੇ ਹੋ ਜੋ ਕਿ ਸੁੱਚਜੀ ਵਿਚਾਰ-ਚਰਚਾ ਵਿਚ ਸ਼ਾਮਲ ਨਹੀਂ ਕੀਤੀ ਜਾਣੀ ਚਾਹੀਦੀ ਜਿਵੇਂ ਕਿ ਹੁਣ ਇਸ ਪੋਸਟ ਵਿਚ ਤੁਸੀਂ ਮੇਰੇ ਉੱਤੇ ਦੂਸਰਿਆਂ ਨੂੰ ਦੋਗਲੇ ਸਮਝਣ ਦਾ ਅਤੇ ਮੇਰੀ ਨੀਅਤ ਉੱਤੇ ਸ਼ੱਕੀ ਹੋਣ ਦੇ ਬੇਬੁਨਿਆਦ ਇਲਜ਼ਾਮ ਲਗਾ ਰਹੇ ਹੋ। ਪਰੰਤੂ ਮੈਂ ਅਜਿਹੀ ਸ਼ਬਦਾਵਲੀ ਨੂੰ ਗੰਭੀਰਤਾ ਨਾਲ ਨਹੀਂ ਲਿਆ ਤਾਂ ਕਿ ਵਿਚਾਰ-ਚਰਚਾ ਸਕਾਰਾਤਮਕ ਮਾਹੌਲ ਵਿਚ ਅੱਗੇ ਚੱਲਦੀ ਰਵ੍ਹੇ। ਆਸ ਹੈ ਕਿ ਤੁਸੀਂ ਅੱਗੇ ਤੋਂ ਇਸ ਪਾਸੇ ਆਪਣਾ ਸਹਿਯੋਗ ਦੇਵੋਗੇ।

ਹੁਣ ਅਸੀਂ ਤੁਹਾਡੀ 08 ਮਈ ਵਾਲੀ ਇਸ reply ਦੀ ਗੱਲ ਕਰਦੇ ਹਾਂ। ਤੁਸੀਂ ਮੇਰੇ ਸਵਾਲਾਂ ਦੇ ਸਿੱਧੇ ਉੱਤਰ ਹਾਲੇ ਤੱਕ ਨਹੀਂ ਦਿੱਤੇ। ਇਕ ਸਵਾਲ (ਤੁਹਾਡੇ ਵੱਲੋਂ ਸੁਝਾਇਆ ‘ਗੁਰਬਾਣੀ ਦਾ ਰੱਬ’ ਪਰੰਪਰਾਗਤ ‘ਰੱਬ’ ਨਾਲੋਂ ਕਿਸ ਤਰ੍ਹਾਂ ਭਿੰਨ ਹੈ ?) ਨੂੰ ਤੁਸੀਂ ਛੱਡ ਹੀ ਗਏ ਹੋ। ਮੈਂ ਚਾਹੁੰਦਾ ਹਾਂ ਕਿ ਤੁਸੀਂ ‘ਗੁਰਬਾਣੀ ਦੇ ਰੱਬ’ ਦੀਆਂ ਵਿਸ਼ੇਸ਼ਤਾਈਆਂ ਨੂੰ ਨੰਬਰਵਾਰ ਸੂਚੀ-ਬੱਧ ਕਰਦੇ ਹੋਏ ਵਿਆਖਿਆ ਸਹਿਤ ਪੇਸ਼ ਕਰੋ ਅਤੇ ਏਸੇ ਤਰਾਂ ‘ਗੁਰਬਾਣੀ ਦੇ ਰੱਬ’ ਦੇ ਪਰੰਪਰਾਗਤ ਰੱਬ

ਨਾਲੋਂ ਵਖਰੇਵੇਂ ਨੂੰ ਵੀ ਸਿਲਸਿਲੇਵਾਰ ਢੰਗ ਨਾਲ ਸੂਚੀਬੱਧ ਕਰਦੇ ਹੋਏ ਦਰਸਾਵੋ। ਰਹੀ ਗੱਲ 'ਕਾਲਪਨਿਕ' ਅਤੇ 'ਅਸਲੀ' ਦੀ, 'ਅਸਲੀ' ਉਹ ਹੁੰਦਾ ਹੈ ਜਿਸ ਨੂੰ ਅਨੁਭਵ-ਸਿੱਧ (empirical) ਤਰੀਕੇ ਨਾਲ ਪੇਸ਼ ਕੀਤਾ ਜਾ ਸਕੇ ਅਤੇ ਜਿਸ ਦਾ ਤਾਰਕਿਕ ਨਿਰੀਖਣ (verification) ਸੰਭਵ ਹੋਵੇ। ਇਹਨਾਂ ਦੋ ਸ਼ਰਤਾਂ ਨੂੰ ਪੂਰੀਆਂ ਨਾ ਕਰਨ ਵਾਲੀ ਹੋਂਦ (phenomenon) 'ਕਾਲਪਨਿਕ' ਅਖਵਾਉਂਦੀ ਹੈ। ਪਰੰਪਰਾਗਤ 'ਰੱਬ' ਏਸੇ ਸ਼੍ਰੇਣੀ ਵਿਚ ਆਉਂਦਾ ਹੈ ਅਤੇ ਏਸੇ ਕਰਕੇ ਜਿਓਂ-ਜਿਓਂ ਵਿਗਿਆਨਕ ਸੋਚ ਦਾ ਪਸਾਰ ਹੁੰਦਾ ਜਾ ਰਿਹਾ ਹੈ ਲੋਕਾਂ ਦਾ ਪਰੰਪਰਾਗਤ 'ਰੱਬ' ਵਿੱਚੋਂ ਵਿਸ਼ਵਾਸ ਘਟਦਾ ਜਾ ਰਿਹਾ ਹੈ। ਜਦੋਂ ਮੈਂ ਪੁੱਛਦਾ ਹੈਂ ਕਿ "ਕੀ 'ਗੁਰਬਾਣੀ ਦਾ ਰੱਬ' ਅਸਲੀ ਹੈ?" ਤਾਂ ਮੇਰਾ ਮਤਲਬ ਹੈ ਕਿ "ਕੀ ਉਹ ਉੱਪਰ ਦਰਸਾਈਆਂ ਸ਼ਰਤਾਂ ਪੂਰੀਆਂ ਕਰਦਾ ਹੈ?" ਇਸ ਲਈ ਬੇਨਤੀ ਹੈ ਕਿ ਤੁਸੀਂ ਮੁੜ ਤੋਂ ਵਿਚਾਰ ਕਰਦੇ ਹੋਏ ਛੇਤੀ ਤੋਂ ਛੇਤੀ ਮੇਰੇ ਇਹਨਾਂ ਤਿੰਨਾਂ ਸਵਾਲਾਂ ਦਾ ਸਿਲਸਿਲੇਵਾਰ ਢੰਗ ਨਾਲ ਉੱਤਰ ਪੇਸ਼ ਕਰਨ ਦੀ ਕਿਰਪਾਲਤਾ ਕਰੋ ਜੀ।

ਸ. ਜਰਨੈਲ ਸਿੰਘ ਜੀ, ਹੁਣ ਅਸੀਂ ਏਥੇ ਤੁਹਾਡੇ ਵੱਲੋਂ ਮੇਰੇ ਲਈ ਪੇਸ਼ ਕੀਤੇ ਗਏ

ਸਵਾਲਾਂ ਵੱਲ ਆਉਂਦੇ ਹਾਂ। ਮੇਰੇ ਉੱਤਰ ਸੰਖੇਪ ਵਿਚ ਹੇਠਾਂ ਦਰਸਾਏ ਅਨੁਸਾਰ ਹਨ:

1. ਬ੍ਰਹਮੰਡੀ ਨਿਯਮ-ਤੰਤਰ ਦੇ ਨਿਯਮ

i. ਬ੍ਰਹਮੰਡ (Cosmos) ਇਕ ਸਮੁੱਚ ਹੈ ਭਾਵ ਇਹ ਇੱਕੋ ਹੀ ਇਕਾਈ (unit) ਹੈ।

ii. ਸਾਰਾ ਬ੍ਰਹਮੰਡ ਇਕ ਨਿਯਮ-ਤੰਤਰ (System/Order) ਦੇ ਤੌਰ ਤੇ ਚੱਲ ਰਿਹਾ ਹੈ।

iii. ਬ੍ਰਹਮੰਡੀ ਨਿਯਮ-ਤੰਤਰ ਵਿਚ ਅਨੇਕ ਉਪ ਨਿਯਮ-ਤੰਤਰ ਸ਼ਾਮਲ ਅਤੇ ਉਹਨਾਂ ਦੇ ਅੱਗੇ ਉਪ ਨਿਯਮ-ਤੰਤਰ ਹਨ। ਇਹ ਲੜੀ ਅੱਗੇ ਤੋਂ ਅੱਗੇ ਚੱਲਦੀ ਜਾਂਦੀ ਹੈ।

iv. ਬ੍ਰਹਮੰਡੀ ਨਿਯਮ-ਤੰਤਰ ਦੇ ਅਰੰਭ ਅਤੇ ਪਾਸਾਰ ਸਬੰਧੀ ਵਿਗਿਆਨ ਨੇ ਕਾਫੀ ਸਾਰੀ ਜਾਣਕਾਰੀ ਉਪਲਭਦ ਕਰਵਾ ਦਿੱਤੀ ਹੈ ਜਿਸ ਰਾਹੀਂ ਇਸ ਦੀ ਅਨੁਭਵ-ਸਿੱਧ ਅਤੇ ਨਿਰੀਖਣ-ਅਧਾਰਿਤ ਵਿਆਖਿਆ ਪਰਯੋਗਸ਼ਾਲਾਵਾਂ ਵਿਚ ਪੇਸ਼ ਕੀਤੀ ਜਾ ਸਕਦੀ ਹੈ (ਵਿਗਿਆਨ ਇਸ ਵਿਸ਼ੇ ਉੱਤੇ ਅਗਲੇਰੀ ਖੋਜ ਵਿਚ ਜੁੱਟਿਆ ਹੋਇਆ ਹੈ)।

v. ਬ੍ਰਹਮੰਡ ਦੇ ਸਾਰੇ ਘੱਟਕ (components) ਬ੍ਰਹਮੰਡੀ ਨਿਯਮ-ਤੰਤਰ ਨਾਲ ਸਹਿਜੀਵਤਾ (symbiosis) ਦੇ ਸਬੰਧ ਰਾਹੀਂ ਜੁੜੇ ਹੋਏ ਹਨ।

vi. ਬ੍ਰਹਮੰਡ ਵਿਚ ਵੱਡੇ (macro) ਅਤੇ

(micro) ਪੱਧਰ ਤੇ ਉਤਪੱਤੀ, ਵਿਕਾਸ ਅਤੇ ਵਿਨਾਸ਼ ਦਾ ਸਿਲਸਿਲਾ ਨਿਰੰਤਰ ਚੱਲਦਾ ਰਹਿੰਦਾ ਹੈ।

ਬ੍ਰਹਮੰਡੀ ਨਿਯਮ-ਤੰਤਰ ਸਬੰਧੀ ਹੋਰ ਵੀ ਕਈ ਨੁਕਤੇ ਹਨ ਪਰੰਤੂ ਉਹਨਾਂ ਦਾ ਵੇਰਵਾ ਏਥੇ ਦੇਣ ਦੀ ਲੋੜ ਨਹੀਂ ਕਿਉਂਕਿ ਇਸ ਵਿਚ ਪੈ ਕੇ ਵਿਚਾਰ-ਚਰਚਾ ਦੇ ਕੇਂਦਰੀ ਵਿਸ਼ੇ ਤੋਂ ਦੂਰ ਚਲੇ ਜਾਣ ਦਾ ਡਰ ਹੈ। ਤੁਸੀਂ ਥੋੜੇ ਜਿਹੇ ਨਿਯਮ ਦੱਸਣ ਦੀ ਮੰਗ ਕੀਤੀ ਸੀ, ਸੋ ਮੈਂ ਦੱਸ ਦਿੱਤੇ ਹਨ। ਬ੍ਰਹਮੰਡੀ ਨਿਯਮ-ਤੰਤਰ ਦੇ ਵਿਸ਼ੇ ਉੱਤੇ ਵੱਖਰੇ ਤੌਰ ਤੇ ਵਿਚਾਰ-ਚਰਚਾ ਕੀਤੀ/ਕਰਵਾਈ ਜਾ ਸਕਦੀ ਹੈ ਜਿਸ ਦੇ ਲਈ ਮੈਂ ਹਮੇਸ਼ਾ ਤਿਆਰ ਹਾਂ।

2.ਬ੍ਰਹਮੰਡੀ ਨਿਯਮ-ਤੰਤਰ ਸਬੰਧੀ ਗੁਰਬਾਣੀ ਦੀ ਸਥਿਤੀ ਕੀ ਹੈ, ਇਹ ਅਜਿਹਾ ਵਿਸ਼ਾ ਹੈ ਜੋ ਏਥੇ ਸਮੇਟਣਾ ਸੰਭਵ ਨਹੀਂ ਅਤੇ ਨਾ ਹੀ ਚੱਲ ਰਹੇ ਵਿਸ਼ੇ ਦੇ ਨਾਲ ਇਸ ਦਾ ਸਿੱਧਾ ਸਬੰਧ ਹੈ। ਹਾਂ, ਇਸ ਨੂੰ ਏਸੇ ਵੈਬਸਾਈਟ ਉੱਤੇ ਵਿਚਾਰਨ ਲਈ ਅਗਲਾ ਨੁਕਤਾ ਬਣਾਇਆ ਜਾ ਸਕਦਾ ਹੈ ਜਿਸ ਦਾ ਫੈਸਲਾ ਸੰਪਾਦਕ ਜੀ ਨੇ ਕਰਨਾ ਹੈ।

3. ਧਰਤੀ ਆਪਣੇ ਆਪ ਵਿਚ ਬ੍ਰਹਮੰਡ ਦਾ ਇਕ ਉੱਪ ਨਿਯਮ-ਤੰਤਰ ਹੈ ਅਤੇ ਇਸ ਦੇ ਆਪਣੇ ਨਿਯਮ ਹਨ ਜੋ ਬ੍ਰਹਮੰਡੀ ਨਿਯਮ-ਤੰਤਰ ਦਾ ਹਿੱਸਾ ਹੀ ਹਨ ਕਿਉਂਕਿ ਬ੍ਰਹਮੰਡ

ਦਾ ਹਰ ਘੱਟਕ (component) ਬ੍ਰਹਮੰਡ ਨਾਲ ਸਹਿਜੀਵਤਾ ਦੇ ਸਬੰਧ ਰਾਹੀਂ ਜੁੜਿਆ ਹੋਇਆ ਹੈ।

4. ਖੂਹ ਵਿੱਚੋਂ ਪਾਣੀ ਦੇ ਅਨੇਕ ਦਰਿਆ ਫੁੱਟ ਤੁਰਨ ਦੀ ਗੱਲ ਮੇਰੇ ਵੱਲੋਂ ਨਿਯਮ ਦੇ ਤੌਰ ਤੇ ਨਹੀਂ ਪੇਸ਼ ਕੀਤੀ ਗਈ ਸਗੋਂ ਇਹ ਗੁਰਬਾਣੀ ਵਿਚ ਹੀ ਰੂਪਕ (metaphor) ਦੇ ਤੌਰ ਤੇ ਦਰਜ ਕੀਤੀ ਹੋਈ ਮਿਲਦੀ ਹੈ। ਕਵੀ ਲੋਕ ਅਲੰਕਾਰ 'ਰੂਪਕ' ਦੀ ਵਰਤੋਂ ਇਕ ਕਾਵਿ-ਜੁਗਤ ਦੇ ਤੋਰ ਤੇ ਆਮ ਹੀ ਕਰਦੇ ਹਨ ਅਤੇ ਇਹ ਵਰਤੋਂ ਗੁਰੂ ਨਾਨਕ ਜੀ ਅਤੇ ਹੋਰ ਬਾਣੀਕਾਰਾਂ ਨੇ ਖੁਲ੍ਹ ਕੇ ਕੀਤੀ ਹੈ। ਤੁਸੀਂ ਮੇਰੇ ਵੱਲੋਂ ਕੀਤੀ ਹੋਈ ਸਬੰਧਿਤ ਸਤਰਾਂ ('ਕੀਤਾ ਪਸਾਓ.....') ਦੀ ਵਿਆਖਿਆ ਤਾਂ ਪੜ੍ਹੀ ਨਹੀਂ ਹੋਈ ਜੋ ਮੇਰੀ ਪੁਸਤਕ 'ਗੁਰੂ ਨਾਨਕ ਦਾ ਮਾਨਵਵਾਦ' ਵਿਚ ਸ਼ਾਮਲ ਹੈ ਅਤੇ ਏਥੇ ਕਿਸੇ ਕਿਸੇ ਹੋਰ ਵਿਅਕਤੀ ਨੇ ਉਸ ਨੂੰ ਬਗੈਰ ਪੜ੍ਹੇ ਕਿਸੇ ਵਿਸ਼ੇਸ਼ ਭਾਵਨਾ ਹੇਠ ਨਕਾਰਾਤਮਕ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਤੁਸੀਂ ਓਸੇ ਹਵਾਲੇ ਦੇ ਅਧਾਰ ਤੇ ਹੀ ਆਪਣੇ ਨਿਰਨੇ ਕੱਢੀ ਜਾ ਰਹੇ ਹੋ ਜੋ ਇਕ ਸਹੀ ਕਾਰਵਾਈ ਨਹੀਂ ਮੰਨੀਂ ਜਾ ਸਕਦੀ। ਮੈਂ ਆਪਣੀ ਉਸ ਵਿਆਖਿਆ ਨੂੰ ਏਥੇ ਪੇਸ਼ ਕਰਕੇ ਉਸ ਉੱਤੇ ਅਗਲੇ ਇਕ ਨੁਕਤੇ ਦੇ ਤੌਰ ਤੇ ਖੁਲ੍ਹੀ ਵਿਚਾਰ-ਚਰਚਾ ਕਰਵਾਉਣ ਲਈ ਤਿਆਰ ਹਾਂ

ਜੇਕਰ ਸੰਪਾਦਕ ਜੀ ਠੀਕ ਸਮਝਣ। ਹੁਣ ਇਸ ਪਾਸੇ ਵਿਸਥਾਰ ਵਿਚ ਜਾਣ ਨਾਲ ਵਿਚਾਰ-ਚਰਚਾ ਦੇ ਵਿਸ਼ੇ ਤੋਂ ਲਾਂਭੇ ਜਾਣ ਵਾਲੀ ਸਥਿਤੀ ਬਣ ਜਾਵੇਗੀ।

ਸ. ਜਰਨੈਲ ਸਿੰਘ ਜੀ, ਆਸ ਹੈ ਉੱਪਰ ਆਏ ਵਿਸਥਾਰ ਨੂੰ ਸਾਹਮਣੇ ਰੱਖਦੇ ਹੋਏ ਤੁਸੀਂ ਮੇਰੇ ਤਿੰਨਾਂ ਸਵਾਲਾਂ ਦੇ ਸਿਲਸਲੇਵਾਰ ਢੰਗ ਨਾਲ ਉੱਤਰ ਜਲਦੀ ਦੇਣ ਦੀ ਕਿਰਪਾਲਤਾ ਕਰੋਗੇ।

ਇਕਬਾਲ ਸਿੰਘ ਢਿੱਲੋਂ।

05/08/2020 at 5:38pm

**Jarnail Singh**

ਸ ਇਕਬਾਲ ਸਿੰਘ ਜੀ

ਪਹਿਲਾਂ ਤਾਂ ਤੁਸੀਂ ਅਸਿਧੇ ਤੌਰ ਤੇ ਦੂਜਿਆਂ ਤੇ ਉਨ੍ਹਾਂ ਦੀ ਜਾਤੀ ਮਾਨਤਾ ਅਤੇ ਗੁਰਬਾਣੀ ਦੀ ਮਾਨਤਾ ਵਿੱਚ ਭੇਦ ਕਰ ਦੋਗਲੇ ਹੋਣ ਦੀ ਸ਼ੱਕ ਕਰਦੇ ਹੋ।ਜਦੋਂ ਮੈਂ ਇਸ ਤੇ ਇਤਰਾਜ਼ ਕੀਤਾ ਤਾਂ ਤੁਸੀਂ ਇਸ ਨੂੰ ਬੇਬੁਨਿਆਦ ਇਲਜ਼ਾਮ ਕਹਿੰਦੇ ਹੋ।ਇਹ ਤਾਂ ਉਹੀ ਗੱਲ ਹੋਈ ਉਲਟਾ ਚੋਰ ਕੋਤਵਾਲ ਨੂੰ ਡਾਂਟੇ।

ਤੁਹਾਡੇ ਨਾਲ ਪਹਿਲਾਂ ਵੀ ਕਈ ਵਾਰ ਚਰਚਾ ਹੋ ਚੁੱਕੀ ਹੈ।ਅਤੇ ਤੁਸੀ ਭਲੀ

ਭਾਂਤ ਜਾਣਦੇ ਹੋ ਕਿ ਮੈਂ ਚਰਚਾ ਦੌਰਾਨ ਕਦੇ ਵੀ ਸਵਾਲ ਜਵਾਬ ਤੋਂ ਨਹੀਂ ਭੱਜਿਆ।ਮੈ ਤਹੁਡੇ ਸਾਰੇ ਸਵਾਲਾਂ ਦਾ ਜਵਾਬ ਕਈ ਵਾਰ ਦੇ ਚੁੱਕਾ ਹਾਂ।ਪਤਾ ਨਹੀਂ ਤੁਹਾਨੂੰ ਕਿਉਂ ਸਮਝ ਨਹੀਂ ਆਉਂਦੀ।ਮੈ ਆਖਰੀ ਵਾਰ ਫਿਰ ਤੁਹਾਡੀ ਇੱਛਾ ਅਨੁਸਾਰ ਸਿਲਸਲੇਵਾਰ ਦੇ ਰਿਹਾ ਹਾਂ।(ਜਿਸ ਦੀ ਵੈਸੇ ਕੋਈ ਲੋੜ ਨਹੀਂ ਪਰ ਤੁਹਾਡੀ ਤਸੱਲੀ ਲਈ ਕਰ ਰਿਹਾ ਹਾਂ।)

1. ਗੁਰਮਤਿ ਦੇ ਰੱਬ ਦੀਆਂ ਵਿਸ਼ੇਸਤਾਵਾਂ ਮੂਲ ਮੰਤ੍ਰ ਵਿੱਚ ਦਰਜ ਹਨ।ਜਿਸ ਦੀ ਸੰਖੇਪ ਵਿਆਖਿਆ ਮੈਂ ਪਹਿਲਾ ਹੀ ਦੇ ਚੁੱਕਾ ਹਾਂ।ਵਿਸਥਾਰ ਸਹਿਤ ਵਿਆਖਿਆ ਲਈ ਤੁਸੀਂ ਮੇਰਾ ਇਸ ਵਿਸ਼ੇ ਤੇ ਲਿਖਿਆ ਲੇਖ ਸਿੱਖ ਮਾਰਗ ਤੇ ਹੀ ਪੜ੍ਹ ਸਕਦੇ ਹੋ।
2. ਗੁਰਮਤਿ ਦੇ ਰੱਬ ਅਤੇ ਪ੍ਰੰਪਰਾਗਤ ਰੱਬ ਦੇ ਸੰਕਲਪ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਪ੍ਰੰਪਰਾਗਤ ਸੰਕਲਪ ਦੇ ਉਲਟ ਗੁਰਮਤਿ ਦਾ ਰੱਬ ਅਵਤਾਰ ਨਹੀਂ ਧਾਰਦਾ, ਕਿਸੇ ਸੁਰਗ ਵਿੱਚ ਨਹੀਂ ਰਹਿੰਦਾ, ਉਸ ਦੇ ਕੋਈ ਦੇਵੀ ਦੇਵਤੇ

ਨਹੀਂ ਹਨ, ਉਸਦੀ ਕੋਈ ਮੂਰਤੀ ਨਹੀਂ ਹੈ।ਵੈਸੇ ਇਸ ਸਵਾਲ ਦੀ ਕੋਈ ਤੁਕ ਨਹੀ ਬਣਦੀ ਸੀ ਕਿਉਂਕਿ ਜਦੋਂ ਮੈ ਗੁਰਬਾਣੀ ਦੇ ਸੰਕਲਪ ਦੀਆਂ ਵਿਸ਼ੇਸਤਾਵਾ ਦੱਸ ਦਿੱਤੀਆ ਸਨ ਅਤੇ ਪ੍ਰੰਪਰਾਗਤ ਸੰਕਲਪ ਵਾਰੇ ਸਭ ਜਾਣਦੇ ਹੀ ਹਨ।

3. ਗੁਰਬਾਣੀ ਦਾ ਰੱਬ ਅਸਲੀ ਹੈ ਇਹ ਗੱਲ ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ।ਕਿਉਂਕਿ ਗੁਰਬਾਣੀ ਅਨੁਸਾਰ ਇਹ ਆਦਿ ਸਚ, ਜੁਗਾਦਿ ਸਚ, ਹੈ ਭੀ ਸੱਚ ਹੋਸੀ ਭੀ ਸੱਚ ਹੈ। ਪਰ ਅਗਰ ਤੁਹਾਡੇ ਅਸਲੀ ਤੋਂ ਮਲਲਬ ਕਿਸੇ ਪ੍ਰਯੋਗਸ਼ਾਲਾ ਵਿੱਚ ਇਸ ਦਾ “ਤਾਰਕਿਕ ਨਿਰੀਖਣ” ਕਰਕੇ ਸਿੱਧ ਕਰਨਾ ਹੈ ਤਾਂ ਮੇਰਾ ਖਿਆਲ ਹੈ ਇਹ ਸੰਭਵ ਨਹੀਂ ਹੈ ਅਤੇ ਮੇਰੀ ਜਾਣਕਾਰੀ ਮੁਤਾਬਿਕ ਨਾ ਹੀ ਕਿਸੇ ਵਿਗਿਆਨੀ ਨੇ ਇਹ ਦਾਅਵਾ ਕੀਤਾ ਹੇ।ਗੁਰਬਾਣੀ ਦਾ ਰੱਬ ਅਕਲ ਨਾਲ ਸਮਝਣ ਦਾ ਵਿਸ਼ਾ ਹੈ ਨ ਕਿ ਕਿਸੇ ਪਰਖ ਦਾ।

ਆਸ ਹੈ ਤੁਹਾਡੇ ਸਾਰੇ ਉੱਤਰ ਮਿਲ ਗਏ ਹੋਣ।ਅਗਰ ਕੋਈ ਰਹਿ ਗਿਆ ਹੈ ਤਾਂ ਦੱਸ ਦੇਣਾ।ਬੰਦਾ ਹਾਜ਼ਿਰ ਹੈ।

ਹੁਣ ਆਉਂਦੇ ਹਾਂ ਤੁਹਾਡੇ ਦਿੱਤੇ ਉੱਤਰਾਂ ਵਲ।

1. ਸ ਇਕਬਾਲ ਸਿੰਘ ਜੀ ਤੁਸੀਂ "ਬ੍ਰਹਮੰਡੀ ਨਿਯਮ-ਤੰਤਰ" ਨੂੰ ਗੁਰਬਾਣੀ ਦਾ ਹੁਕਮ ਕਹਿੰਦੇ ਹੋ।ਮੇਰਾ ਤੁਹਾਡੇ ਤੋਂ ਇਸ "ਬ੍ਰਹਮੰਡੀ ਨਿਯਮ-ਤੰਤਰ" ਦੇ ਨਿਯਮਾ ਵਾਰੇ ਜਾਣਕਾਰੀ ਲੈਣਾ ਇਸ ਹੁਕਮ ਦੀ ਤੁਹਾਡੀ ਵਿਆਖਿਆ ਸਮਝਣਾ ਸੀ ਪਰ ਜਿੰਨ੍ਹੀ ਕੁ ਮੈਨੂੰ ਤੁਹਾਡੇ ਜਵਾਬ ਦੀ ਸਮਝ ਆਈ ਹੈ ਤੁਸੀਂ ਤਾਂ ਇਸ ਬ੍ਰਹਮੰਡ ਦੀ ਬਣਤਰ ਵਾਰੇ ਹੀ ਦੱਸਿਆ ਹੈ।ਕਿਸੇ ਨਿਯਮ ਦਾ ਜ਼ਿਕਰ ਤਕ ਨਹੀਂ ਕੀਤਾ।

2. ਤੁਹਾਡੇ ਜਵਾਬ ਵਿੱਚ ਇੱਕ ਵਿਰੋਧਾਭਾਸ ਵੀ ਸਾਫ ਦਿਸ ਰਿਹਾ ਹੈ।ਇੱਕ ਪਾਸੇ ਤੁਸੀਂ ਬ੍ਰਹਮੰਡ ਨੂੰ ਇੱਕ ਇਕਾਈ ਕਹਿੰਦੇ ਜੋ ਇੱਕ ਨਿਯਮ ਤੰਤਰ ਤਹਿਤ ਚਲ ਰਿਹਾ ਹੈ ਪਰ ਦੁਜੇ ਪਾਸੇ ਇਸ ਦੇ ਉਪ ਨਿਯਮ ਤੰਤਰਾ ਦੀ ਵੀ ਗੱਲ ਕਰ ਰਹੇ ਹੋ। ਪਤਾ ਨਹੀਂ ਤੁਹਾਡਾ ਇਸ ਉਪ ਨਿਯਮ ਤੰਤਰਾਂ ਤੋਂ ਕੀ ਭਾਵ ਹੈ ਪਰ ਪੂਰੇ ਬ੍ਰਹਮੰਡ ਵਿੱਚ ਇਕੋ ਨਿਯਮ ਤੰਤਰ ਲਾਗੂ ਹੈ।ਮਿਸਾਲ ਦੇ ਤੌਰ ਤੇ ਸਾਰੇ ਬ੍ਰਹਮੰਡ ਵਿੱਚ ਰੌਸ਼ਨੀ ਦੀ ਚਾਲ

ਇੱਕ ਹੈ, ਗਰੂਤਾ ਸ਼ਕਤੀ, ਬਿਜਲਈ ਸਕਤੀ, ਚੁੰਬਕੀ ਸਕਤੀ- ਇਹ ਕੁਲ ਕਾਇਨਾਤ ਵਿੱਚ ਇੱਕ ਸਮਾਨ ਲਾਗੂ ਨੇ ਚਾਹੇ ਉਹ ਸਾਡਾ ਸੁਰਜੀ ਮੰਡਲ ਹੋਵੇ ਜਾਂ ਫਿਰ ਅੰਨ੍ਹੀ ਮੋਰੀ (ਬਲੈਕ ਹੋਲ)।ਪਾਣੀ ਚੰਦ ਤੇ ਵੀ ਉਸੇ ਨਿਯਮ ਨਾਲ ਚਲਦਾ ਹੈ ਜਿਸ ਨਿਯਮ ਨਾਲ ਧਰਤੀ ਤੇ ਚਲਦਾ ਹੈ।ਇਸੇ ਕਰਕੇ ਸਟੀਵਨ ਹਾਕਿੰਗ ਇਸ ਸਭ ਨੂੰ ਗਰੈਂਡ ਡੀਜ਼ਾਇਨ ਜਾਂ ਅਦਭੁਤ ਬਣਤਰ ਆਖਦਾ ਹੈ।ਇਸ ਨਾਮ ਦੀ ਉਸ ਨੇ ਕਿਤਾਬੀ ਲਿਖੀ ਹੈ ਉਪਰ ਮੈ ਜੋ ਵੀ ਕਿਹਾ ਹੈ ਉਸ ਕਿਤਾਬ ਤੇ ਹੀ ਅਧਾਰਿਤ ਹੈ।

3. ਮੈ ਤੁਹਾਡੇ ਕੋਲੋਂ ਇਸ "ਬ੍ਰਹਮੰਡੀ ਨਿਯਮ-ਤੰਤਰ" ਦੇ ਨਿਯਮਾਂ ਦਾ ਗੁਰਬਾਣੀ ਵਿੱਚੋਂ ਵੇਰਵਾ ਇਸ ਕਰਕੇ ਮੰਗਿਆ ਸੀ ਕਿਉਂਕਿ ਤੁਸੀਂ ਇਸ ਨੂੰ ਗੁਰਬਾਣੀ ਦਾ ਹੁਕਮ ਕਹਿੰਦੇ ਹੋ ਅਤੇ ਇਹ ਦਾਅਵਾ ਵੀ ਤੁਸੀਂ ਇਸੇ ਵਿਸ਼ੇ ਸਬੰਧੀ ਲਿਖਿਦਿਆਂ ਹੀ ਕੀਤਾ ਹੈ।

4. ਅਗਰ ਤੁਹਾਡੀ ਉਪ ਨਿਯਮ ਤੰਤਰ ਵਾਲੀ ਗੱਲ ਨੂੰ ਨਜ਼ਰ ਅੰਦਾਜ਼ ਕਰ ਦਈਏ ਤਾਂ ਤੁਹਾਡਾ ਇਸ ਧਰਤੀ ਤੇ ਨਿਯਮਾ ਦਾ ਲਾਗੂ ਹੋਣ ਵਾਲੇ

ਨੁਕਤੇ ਤੇ ਜਵਾਬ ਸਪਸ਼ਟ ਹੈ ਜਿਸ ਨਾਲ ਮੈ ਵੀ ਸਹਿਮਤ ਹਾਂ।

5. ਤੁਹਾਡੀ ਖੂਹ ਚੋਂ ਦਰਿਆ ਫੁਟਣ ਦੀ ਕਹਾਣੀ ਦਾ "ਬ੍ਰਹਮੰਡੀ ਨਿਯਮ-ਤੰਤਰ" ਨਾਲ ਗੂੜਾ ਸਬੰਧ ਹੈ ਕਿਉਂਕਿ ਇਹ ਵੀ ਧਰਤੀ ਤੇ ਇਸਦੇ ਨਿਯਮਾਂ ਦੀ ਉਲੰਘਣਾ ਜਾਪਦਾ ਹੈ। ਅਗਰ ਤੁਸੀਂ ਇਸ ਨੂੰ ਗੁਰੂ ਸਾਹਿਬ ਵਲੋਂ ਵਰਤੇ ਅਲੰਕਾਰ ਸਮਝਦੇ ਹੋ ਤਾਂ ਤੁਹਾਨੂੰ ਆਪਣੀ ਵਿਆਖਿਆ ਵਿੱਚ ਇਸ ਅਲੰਕਾਰ ਦਾ ਮਤਲਬ ਵੀ ਦੱਸਣਾ ਚਾਹੀਦਾ ਸੀ।ਕ੍ਰਿਪਾ ਕਰਕੇ ਇਸ ਦਾ ਖੁਲਾਸਾ ਹੁਣ ਕਰ ਦਿਉ ਕਿਉਂਕਿ ਇਸ ਦਾ ਇਸ ਵਿਸ਼ੇ ਨਾਲ ਗੂੜਾ ਸਬੰਧ ਹੈ।

6. ਤੁਹਾਡੇ ਕਹਿਣ ਮੁਤਾਬਿਕ ਇਹ ਬ੍ਰਹਮੰਡੀ ਨਿਯਮ-ਤੰਤਰ ਹੀ ਗੁਰਬਾਣੀ ਦਾ ਸੱਚ ਜਾਂ ਕਰਤਾਰ ਹੈ ਅਤੇ ਇਸੇ ਨੂੰ ਗੁਰਬਾਣੀ ਵਿੱਚ ਪ੍ਰਭੂ ਵੀ ਆਖਿਆ ਗਿਆ ਹੈ।ਤੁਹਾਡੇ ਇਸ ਦਾਅਵੇ ਨੂੰ ਅਗਰ ਤੁਹਾਡੀ ਬ੍ਰਹਮੰਡੀ ਨਿਯਮ-ਤੰਤਰ ਦੀ ਤੁਹਾਡੇ ਆਖਰੀ ਖਤ ਵਿੱਚ ਦਿੱਤੀ ਵਿਆਖਿਆ ਨਾਲ ਜੋੜ ਕੇ ਪੜ੍ਹੀਏ ਤਾਂ ਇਹ ਬ੍ਰਹਮੰਡ ਹੀ ਗੁਰਬਾਣੀ ਦਾ ਕਰਤਾਰ ਹੈ।ਇਸ ਦਾ

ਭਾਵ ਇਹ ਨਿਕਲਦਾ ਹੈ ਤੁਸੀਂ ਕਰਤਾਰ ਦੇ ਸਿਰਫ ਸਰਗੁਣ ਸਰੂਪ ਨੂੰ ਹੀ ਮਾਨਤਾ ਦਿੰਦੇ ਹੋ। ਕੀ ਇਹ ਕਹਿਣਾ ਦਰੁੱਸਤ ਹੋਏਗਾ।

ਸਤਿਕਾਰ ਸਹਿਤ

ਜਰਨੈਲ ਸਿੰਘ

05/09/2020 at 6:42pm

**Iqbal Singh Dhillon**

ਸ. ਜਰਨੈਲ ਸਿੰਘ ਜੀ ਵੱਲੋਂ ਦਿੱਤੇ ਗਏ ਇਸ reply ਸਬੰਧੀ ਪ੍ਰਤੀਕਰਮ ਹੇਠਾਂ ਵੱਖਰੀ ਪੋਸਟ ਰਾਹੀਂ ਦਿੱਤਾ ਗਿਆ ਹੈ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/10/2020 at 4:23am

**Gurindar Singh Paul**

ਡਾ: ਇਕਬਾਲ ਸਿੰਘ ਢਿੱਲੋਂ ਜੀ,

ਆਪ ਦੀ ਦਲੀਲ ਹੈ ਕਿ ਮੂਲ ਮੰਤਰ ਅਤੇ ਬਾਣੀ "ਜਪੁ" ਵਿੱਚ "ਰਬ" ਸ਼ਬਦ ਕਿਤੇ ਨਹੀਂ ਆਇਆ! ਇਸ ਦਲੀਲ ਦੇ ਆਧਾਰ 'ਤੇ ਆਪ ਨੇ ਫ਼ਰਮਾਨ ਜਾਰੀ ਕੀਤਾ ਹੈ ਕਿ ਲੇਖਕਾਂ ਨੂੰ "ਗੁਰਬਾਣੀ ਦੇ ਸੰਦਰਭ ਵਿਚ 'ਰੱਬ' ਅਤੇ 'ਪਰਮਾਤਮਾ' ਸ਼ਬਦਾਂ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ"। ਡਾ: ਢਿੱਲੋਂ ਜੀ, ਆਪ ਇਹ ਫ਼ਰਮਾਨ ਜਾਰੀ ਕਰਨ ਵਿੱਚ ਥੋੜਾ

ਪਛੜ ਗਏ ਹੋ! ਕਿਉਂਕਿ, ਗੁਰਬਾਣੀ ਵਿੱਚ 'ਰਬ' ਸ਼ਬਦ ਦੀ ਵਰਤੋਂ ਕਰਨ ਦੀ 'ਗ਼ਲਤੀ' ਬਾਣੀਕਾਰ ਵੀ ਕਰ ਗਏ ਹਨ!

ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨਿ॥
ਜੋ ਜੋ ਵੰਞੈ ਡੀਹੜਾ ਸੋ ਉਮਰ ਹਥ ਪਵੰਨਿ੍॥
...ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥... ਸਲੋਕ ਮ:੧
...ਓਨਾ ਪਿਛੈ ਜਗੁ ਭੁੰਚੈ ਭੋਗਈ॥ ਓਨਾ ਪਿਆਰਾ ਰਬੁ ਓਨਾਹਾ ਜੋਗਈ॥...ਰਾਮਕਲੀ ਕੀ ਵਾਰ ਮ:੫

ਡਾ: ਢਿੱਲੋਂ ਜੀ, ਆਪ ਨੇ ਹਾਕਮਾਨਾ ਅੰਦਾਜ਼ ਵਿੱਚ ਕਿਹਾ ਹੈ ਕਿ "ਰਬ" ਦੀ ਬਜਾਏ 'ਬ੍ਰਹਮੰਡੀ ਨਿਯਮ-ਤੰਤਰ' (cosmic system) ਦੀ ਵਰਤੋਂ ਕੀਤੀ ਜਾਵੇ! ਕੀ ਆਪ ਜੀ ਇਹ ਦੱਸਣ ਦੀ ਕ੍ਰਿਪਾ ਕਰੋਗੇ ਕਿ ਆਪ ਦਾ ਸੁਝਾਇਆ ਹੋਇਆ 'ਬ੍ਰਹਮੰਡੀ ਨਿਯਮ-ਤੰਤਰ' (cosmic system), ਬਾਣੀ "ਜਪੁ" ਅਤੇ ਸਮੁਚੀ ਗੁਰਬਾਣੀ ਵਿੱਚ ਕਿਤਨੀ ਵਾਰ ਆਇਆ ਹੈ?

ਡਾ: ਢਿੱਲੋਂ ਜੀ, ਬਾਣੀ "ਜਪੁ" ਅਤੇ ਸਾਰੀ ਗੁਰਬਾਣੀ ਵਿੱਚ ੧ਓ ਅਤੇ ਰੱਬ ਦੇ ਕਈ ਪਰਯਾਯਵਾਚੀ ਸ਼ਬਦ ਵਰਤੇ ਗਏ ਹਨ ਜਿਵੇਂ ਕਿ: ਹਰਿ, ਰਾਮ, ਪ੍ਰਭੂ, ਈਸ, ਪਰਮੇਸਰ, ਪਾਰਬ੍ਰਹਮ, ਨਿਰੰਕਾਰ, ਨਿਰੰਜਨ, ਓਅੰਕਾਰ, ਏਕੰਕਾਰ, ਸਾਹਿਬ, ਸਾਈਂ, ਠਾਕੁਰ, ਭਗਵਾਨ, ਅਗਮ, ਅਗੋਚਰ ਅਤੇ ਅੱਲਹ...... ਆਦਿ। ਡਾ: ਢਿੱਲੋਂ ਜੀ, ਇਹ ਸਪਸ਼ਟ ਕਰਨ ਦੀ ਕ੍ਰਿਪਾ ਕਰਨੀ ਕਿ, ਕੀ ਆਪ ਦੇ ਫ਼ਰਮਾਨ ਅਨੁਸਾਰ, ਗੁਰਬਾਣੀ ਦੇ ਸੰਦਰਭ ਵਿਚ 'ਰੱਬ' ਦੇ ਉਪਰ ਦਰਸਾਏ ਪਰਯਾਯਵਾਚੀ ਸ਼ਬਦਾਂ ਦੀ ਵਰਤੋਂ ਤੋਂ ਵੀ ਗੁਰੇਜ਼ ਕਰਨਾ ਹੈ ਕਿ ਨਹੀਂ? ਅਤੇ ਕੀ ਉਨ੍ਹਾਂ ਸ਼ਬਦਾਂ ਦੀ ਵਰਤੋਂ ਤੋਂ ਗੁਰੇਜ਼ ਕਰਕੇ ਆਪ ਦੁਆਰਾ ਈਜਾਦ ਕੀਤੇ 'ਬ੍ਰਹਮੰਡੀ ਨਿਯਮ-ਤੰਤਰ' (cosmic system) ਦੀ ਹੀ ਵਰਤੋਂ ਕਰਨੀ ਹੈ?

ਡਾ: ਢਿੱਲੋਂ ਜੀ, ਆਪ ਨੇ ਹਮਾਤੜ ਲੇਖਕਾਂ ਉੱਤੇ ਇਲਜ਼ਾਮ ਲਾਇਆ ਹੈ ਕਿ ਉਹ ਗੁਰਬਾਣੀ ਦੇ ਗ਼ਲਤ ਅਰਥ ਕਰਦੇ ਹਨ! ਹੋ ਸਕਦਾ ਹੈ ਆਪ ਸਹੀ ਹੋਵੋ! ਪਰੰਤੂ ਆਪ ਨੂੰ ਬੇਨਤੀ ਹੈ ਕਿ ਆਪ ਤੁਹਾਡੇ ਆਪਣੇ ਵੱਲੋਂ ਕੀਤੇ ਜਾਂਦੇ ਅਰਥਾਂ ਨੂੰ ਵਿਚਾਰਣ ਦੀ ਥੋੜੀ ਜਿਹੀ ਖੇਚਲ ਕਰਨਾ!

ਆਪ ਨੇ ਆਪਣੇ ਲੇਖ "ਜਪੁ ਬਾਣੀ ਅਤੇ ਰੱਬ ਦਾ ਸੰਕਲਪ" ਵਿੱਚ ਗੁਰਬਾਣੀ ਦੇ ਬੀਜ ਮੰਤਰ "ੴ" ਦੇ ਅਰਥ "ਉਹ" ਕੀਤੇ ਹਨ!!!

ਇਸੇ ਲੇਖ ਵਿੱਚ "ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰਿਆਉ॥" ਦੇ ਆਪ ਵੱਲੋਂ ਕੀਤੇ ਗਏ ਅਰਥ:

"ਬ੍ਰਹਮੰਡ ਦਾ ਪਸਾਰਾ ਇੰਜ ਹੋਇਆ ਜਿਵੇਂ ਇੱਕੋ ਹੀ ਖੂਹ (ਕੂਆ) ਦੇ ਵਿੱਚੋਂ ਲੱਖਾਂ ਦਰਿਆ ਫੁੱਟ ਤੁਰੇ ਹੋਣ। ਇਹਨਾਂ ਸਤਰਾਂ ਵਿੱਚ ਸ਼ਬਦ 'ਕੂਆ' (ਜਿਸ ਤੋਂ ਸ਼ਬਦ "ਕਵਾਉ" ਬਣਿਆ ਹੈ......"।

ਥੋੜੇ ਪਾਣੀ ਵਾਲੇ ਖੂਹ ਵਿੱਚੋਂ ਲੱਖਾਂ ਦਰਿਆ ਫੁੱਟਾ ਦੇਣੇ ਸਿਰਫ਼ ਆਪ ਦੀ ਉੱਚਤਮ ਵਿਦਵਤਾ ਅਤੇ ਸਹੀ ਗੁਰਬਾਣੀ-ਗਿਆਨ ਦਾ ਹੀ ਚਮਤਕਾਰ ਹੋ ਸਕਦਾ ਹੈ!!!!!

ਆਪ ਨੇ "ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥" ਦੇ ਅਰਥ ਕੀਤੇ ਹਨ: "ਮੈਂ ਉਸ ਬ੍ਰਹਮੰਡੀ ਨਿਯਮ-ਤੰਤਰ (cosmic system) ਤੋਂ ਬਲਿਹਾਰੀ ਜਾਂਦਾ ਹਾਂ ਜੋ ਕੁਦਰਤ ਵਿੱਚ ਵੀ ਸਮਾਇਆ ਹੋਇਆ ਹੈ"।

ਡਾ: ਢਿੱਲੋਂ ਜੀ, ਪਾਠਕਾਂ/ਲੇਖਕਾਂ ਵਾਸਤੇ ਗੁਰਬਾਣੀ ਦੇ ਸਹੀ ਅਤੇ ਗਿਆਨ-ਵਰਧਕ ਅਰਥ ਕਰਨ ਲਈ ਆਪ ਦਾ ਬਹੁਤ ਬਹੁਤ ਧੰਨਵਾਦ!

05/06/2020 at 9:48pm

**Gurindar Singh Paul**

ਡਾ: ਇਕਬਾਲ ਸਿੰਘ ਢਿੱਲੋਂ ਜੀ,

ਆਪ ਦੀ ਦਲੀਲ ਹੈ ਕਿ ਮੂਲ ਮੰਤਰ ਅਤੇ ਬਾਣੀ "ਜਪੁ" ਵਿੱਚ "ਰਬ" ਸ਼ਬਦ ਕਿਤੇ ਨਹੀਂ ਆਇਆ! ਇਸ ਦਲੀਲ ਦੇ ਆਧਾਰ 'ਤੇ ਆਪ ਨੇ ਫ਼ਰਮਾਨ ਜਾਰੀ ਕੀਤਾ ਹੈ ਕਿ ਲੇਖਕਾਂ ਨੂੰ "ਗੁਰਬਾਣੀ ਦੇ ਸੰਦਰਭ ਵਿਚ 'ਰੱਬ' ਅਤੇ 'ਪਰਮਾਤਮਾ' ਸ਼ਬਦਾਂ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ"। ਡਾ: ਢਿੱਲੋਂ ਜੀ, ਆਪ ਇਹ ਫ਼ਰਮਾਨ ਜਾਰੀ ਕਰਨ ਵਿੱਚ ਥੋੜਾ ਪਛੜ ਗਏ ਹੋ! ਕਿਉਂਕਿ, ਗੁਰਬਾਣੀ ਵਿੱਚ 'ਰਬ' ਸ਼ਬਦ ਦੀ ਵਰਤੋਂ ਕਰਨ ਦੀ 'ਗ਼ਲਤੀ' ਬਾਣੀਕਾਰ ਵੀ ਕਰ ਗਏ ਹਨ!

ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨਿ॥

ਜੋ ਜੋ ਵੰਞੈ ਡੀਹੜਾ ਸੋ ਉਮਰ ਹਥ ਪਵੰਨ੍ਹਿ॥

...ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥

ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥... ਸਲੋਕ ਮ:੧

...ਓਨਾ ਪਿਛੈ ਜਗੁ ਭੁੰਚੈ ਭੋਗਈ॥ ਓਨਾ ਪਿਆਰਾ ਰਬੁ ਓਨਾਹਾ ਜੋਗਈ॥...ਰਾਮਕਲੀ ਕੀ ਵਾਰ ਮ:੫

ਡਾ: ਢਿੱਲੋਂ ਜੀ, ਆਪ ਨੇ ਹਾਕਮਾਨਾ ਅੰਦਾਜ਼ ਵਿੱਚ ਕਿਹਾ ਹੈ ਕਿ "ਰਬ" ਦੀ ਬਜਾਏ 'ਬ੍ਰਹਮੰਡੀ ਨਿਯਮ-ਤੰਤਰ' (cosmic system) ਦੀ ਵਰਤੋਂ ਕੀਤੀ ਜਾਵੇ! ਕੀ ਆਪ ਜੀ ਇਹ ਦੱਸਣ ਦੀ ਕ੍ਰਿਪਾ ਕਰੋਗੇ ਕਿ ਆਪ ਦਾ ਸੁਝਾਇਆ ਹੋਇਆ 'ਬ੍ਰਹਮੰਡੀ ਨਿਯਮ-ਤੰਤਰ' (cosmic system), ਬਾਣੀ "ਜਪੁ" ਅਤੇ ਸਮੁਚੀ ਗੁਰਬਾਣੀ ਵਿੱਚ ਕਿਤਨੀ ਵਾਰ ਆਇਆ ਹੈ?

ਡਾ: ਢਿੱਲੋਂ ਜੀ, ਬਾਣੀ "ਜਪੁ" ਅਤੇ ਸਾਰੀ ਗੁਰਬਾਣੀ ਵਿੱਚ ੴ ਅਤੇ ਰੱਬ ਦੇ ਕਈ ਪਰਯਾਯਵਾਚੀ ਸ਼ਬਦ ਵਰਤੇ ਗਏ ਹਨ ਜਿਵੇਂ ਕਿ: ਹਰਿ, ਰਾਮ, ਪ੍ਰਭੁ, ਈਸ, ਪਰਮੇਸਰ, ਪਾਰਬ੍ਰਹਮ, ਨਿਰੰਕਾਰ, ਨਿਰੰਜਨ, ਓਅੰਕਾਰ, ਏਕੰਕਾਰ, ਸਾਹਿਬ, ਸਾਈਂ, ਠਾਕੁਰ, ਭਗਵਾਨ, ਅਗਮ, ਅਗੋਚਰ ਅਤੇ ਅੱਲਹ...... ਆਦਿ। ਡਾ: ਢਿੱਲੋਂ ਜੀ, ਇਹ ਸਪਸ਼ਟ ਕਰਨ ਦੀ ਕ੍ਰਿਪਾ ਕਰਨੀ ਕਿ, ਕੀ ਆਪ ਦੇ ਫ਼ਰਮਾਨ ਅਨੁਸਾਰ, ਗੁਰਬਾਣੀ ਦੇ ਸੰਦਰਭ ਵਿਚ 'ਰੱਬ' ਦੇ ਉਪਰ ਦਰਸਾਏ ਪਰਯਾਯਵਾਚੀ ਸ਼ਬਦਾਂ ਦੀ ਵਰਤੋਂ ਤੋਂ ਵੀ ਗੁਰੇਜ਼ ਕਰਨਾ ਹੈ ਕਿ ਨਹੀਂ? ਅਤੇ ਕੀ ਉਨ੍ਹਾਂ ਸ਼ਬਦਾਂ ਦੀ ਵਰਤੋਂ ਤੋਂ ਗੁਰੇਜ਼ ਕਰਕੇ ਆਪ ਦੁਆਰਾ ਈਜਾਦ ਕੀਤੇ 'ਬ੍ਰਹਮੰਡੀ ਨਿਯਮ-ਤੰਤਰ' (cosmic system) ਦੀ ਹੀ ਵਰਤੋਂ ਕਰਨੀ ਹੈ?

ਡਾ: ਢਿੱਲੋਂ ਜੀ, ਆਪ ਨੇ ਹਮਾਤੜ ਲੇਖਕਾਂ ਉੱਤੇ ਇਲਜ਼ਾਮ ਲਾਇਆ ਹੈ ਕਿ ਉਹ ਗੁਰਬਾਣੀ ਦੇ ਗ਼ਲਤ ਅਰਥ ਕਰਦੇ ਹਨ! ਹੋ ਸਕਦਾ ਹੈ ਆਪ ਸਹੀ ਹੋਵੋ! ਪਰੰਤੂ ਆਪ ਨੂੰ ਬੇਨਤੀ ਹੈ ਕਿ ਆਪ ਤੁਹਾਡੇ ਆਪਣੇ ਵੱਲੋਂ ਕੀਤੇ ਜਾਂਦੇ ਅਰਥਾਂ ਨੂੰ ਵਿਚਾਰਣ ਦੀ ਥੋੜੀ ਜਿਹੀ ਖੇਚਲ ਕਰਨਾ!

ਆਪ ਨੇ ਆਪਣੇ ਲੇਖ "ਜਪੁ ਬਾਣੀ ਅਤੇ ਰੱਬ ਦਾ ਸੰਕਲਪ" ਵਿੱਚ ਗੁਰਬਾਣੀ ਦੇ ਬੀਜ ਮੰਤਰ "ੴ" ਦੇ ਅਰਥ "ਉਹ" ਕੀਤੇ ਹਨ!!!

ਇਸੇ ਲੇਖ ਵਿੱਚ "ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰਿਆਉ॥" ਦੇ ਆਪ

ਵੱਲੋਂ ਕੀਤੇ ਗਏ ਅਰਥ:

"ਬ੍ਰਹਮੰਡ ਦਾ ਪਸਾਰਾ ਇੰਜ ਹੋਇਆ ਜਿਵੇਂ ਇੱਕੋ ਹੀ ਖੂਹ (ਕੂਆ) ਦੇ ਵਿੱਚੋਂ ਲੱਖਾਂ ਦਰਿਆ ਫੁੱਟ ਤੁਰੇ ਹੋਣ। ਇਹਨਾਂ ਸਤਰਾਂ ਵਿੱਚ ਸ਼ਬਦ 'ਕੂਆ' (ਜਿਸ ਤੋਂ ਸ਼ਬਦ "ਕਵਾਉ" ਬਣਿਆ ਹੈ......"।

ਥੋੜੇ ਪਾਣੀ ਵਾਲੇ ਖੂਹ ਵਿੱਚੋਂ ਲੱਖਾਂ ਦਰਿਆ ਫੁੱਟਾ ਦੇਣੇ ਸਿਰਫ਼ ਆਪ ਦੀ ਉੱਚਤਮ ਵਿਦਵਤਾ ਅਤੇ ਸਹੀ ਗੁਰਬਾਣੀ-ਗਿਆਨ ਦਾ ਹੀ ਚਮਤਕਾਰ ਹੋ ਸਕਦਾ ਹੈ!!!!!

ਆਪ ਨੇ "ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥" ਦੇ ਅਰਥ ਕੀਤੇ ਹਨ: "ਮੈਂ ਉਸ ਬ੍ਰਹਮੰਡੀ ਨਿਯਮ-ਤੰਤਰ (cosmic system) ਤੋਂ ਬਲਿਹਾਰੀ ਜਾਂਦਾ ਹਾਂ ਜੋ ਕੁਦਰਤ ਵਿੱਚ ਵੀ ਸਮਾਇਆ ਹੋਇਆ ਹੈ"।

ਡਾ: ਢਿੱਲੋਂ ਜੀ, ਪਾਠਕਾਂ/ਲੇਖਕਾਂ ਵਾਸਤੇ ਗੁਰਬਾਣੀ ਦੇ ਸਹੀ ਅਤੇ ਗਿਆਨ-ਵਰਧਕ ਅਰਥ ਕਰਨ ਲਈ ਆਪ ਦਾ ਬਹੁਤ ਬਹੁਤ ਧੰਨਵਾਦ!

05/06/2020 at 9:49pm 1 Like

**Iqbal Singh Dhillon** In reply to Gurindar Singh Paul

ਸ. ਗੁਰਿੰਦਰ ਸਿੰਘ ਪਾਲ ਜੀ.

ਮੈਂ ਆਪਣੇ 05 ਮਈ ਦੇ reply ਵਿਚ ਤੁਹਾਨੂੰ ਬਹੁਤ ਨਿਮਰਤਾ ਸਹਿਤ ਦੋ ਸਵਾਲ ਕੀਤੇ ਸਨ ਜੋ ਹੇਠਾਂ ਦਿੱਤੇ ਅਨੁਸਾਰ ਹਨ:

1. ਤੁਸੀਂ ਮੰਨੇਂ ਜਾਂਦੇ 'ਰੱਬ' ਦੀ ਕਾਲਪਨਿਕ ਹੋਂਦ (ਸ਼ਖਸੀ ਜਾਂ 'ਪਰਮਾਤਮਾ' ਵਾਲੀ) ਨੂੰ ਮਾਨਤਾ ਦੇਂਦੇ ਹੋ ?

2. ਜੇ ਨਹੀਂ ਤਾਂ 'ਰੱਬ' ਵਾਲੇ ਇਸ ਭੁਲੇਖਾ-ਪਾਊ ਸ਼ਬਦ ਦੀ ਵਰਤੋਂ ਕਿਓਂ ਕਰਦੇ ਹੋ ?

ਮੈਨੂੰ ਇਹ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਤੁਸੀਂ ਮੇਰੇ ਉੱਪਰ ਦਰਸਾਏ ਸਵਾਲਾਂ ਦਾ ਉੱਤਰ ਤਾਂ ਨਹੀਂ ਦਿੱਤਾ ਸਗੋਂ ਤੁਸੀਂ ਉੱਪਰ ਆਪਣੀ 06 ਮਈ ਵਾਲੀ reply ਵਿਚ ਮੇਰੇ ਉੱਤੇ ਕੁਝ ਨਿਰਮੂਲ ਦੋਸ਼ ਲਗਾਉਂਦੇ ਹੋਏ ਗੱਲ ਨੂੰ ਮੇਰੇ ਵੱਲੋਂ

ਕੁਝ ਹੋਰ ਲਿਖਤਾਂ ਵਿਚ ਦਿੱਤੇ ਗਏ ਵਿਚਾਰਾਂ ਵੱਲ ਲੈ ਗਏ ਹੋ। ਮੈਨੂੰ ਇੰਜ ਲਗਦਾ ਹੈ ਕਿ ਅਜਿਹਾ ਕਰਦੇ ਹੋਏ ਤੁਸੀਂ ਉੱਪਰ ਦਰਸਾਏ ਮੇਰੇ ਸਵਾਲਾਂ ਦੇ ਉੱਤਰ ਦੇਣ ਤੋਂ ਬਚਾਅ ਕਰਨ ਹਿਤ ਪਾਠਕਾਂ ਅਤੇ ਸੰਪਾਦਕ ਜੀ ਦਾ ਧਿਆਨ ਹੋਰ ਮੁੱਦਿਆਂ ਵੱਲ ਮੋੜਨ ਦਾ ਉਪਰਾਲਾ ਕਰ ਰਹੇ ਹੋ।

ਸ. ਗੁਰਿੰਦਰ ਸਿੰਘ ਪਾਲ ਜੀ, ਮੈਂ ਕੋਈ 'ਫੁਰਮਾਨ' ਜਾਰੀ ਨਹੀਂ ਕੀਤਾ ਸਗੋਂ ਮੈਂ ਚੱਲ ਰਹੀ ਵਿਚਾਰ-ਚਰਚਾ ਦੇ ਸੰਦਰਭ ਵਿਚ ਸੰਪਾਦਕ ਜੀ ਕੋਲ ਆਪਣਾ ਇਕ ਸੁਝਾਉ ਦਰਜ ਕਰਵਾਇਆ ਹੈ। ਏਸੇ ਤਰ੍ਹਾਂ ਮੈਂ ਕਿਧਰੇ ਵੀ ਤੁਹਾਡੇ ਵੱਲੋਂ ਗੁਰਬਾਣੀ ਦੀ ਕੀਤੀ ਗਈ 'ਵਿਆਖਿਆ' ਨੂੰ ਗਲਤ ਨਹੀਂ ਕਿਹਾ। ਮੇਰੇ ਵੱਲੋਂ ਗੁਰਬਾਣੀ ਦੀ ਕਿਸੇ ਹੋਰ ਲਿਖਤ ਵਿਚ ਕੀਤੀ ਗਈ ਵਿਆਖਿਆ ਦਾ ਏਥੇ ਹਵਾਲਾ ਦੇਣਾ ਤਾ ਉਂਜ ਹੀ ਗੈਰਪ੍ਰਸੰਗਿਕ ਹੈ। ਫਿਰ ਵੀ ਮੈਂ ਤੁਹਾਡੇ ਇਹਨਾਂ ਸਾਰੇ ਨੁਕਤਿਆਂ ਪ੍ਰਤੀ ਵਿਸਥਾਰ ਵਿਚ ਸਪਸ਼ਟੀਕਰਨ ਦੇਣ ਲਈ ਤਿਆਰ ਹਾਂ ਪਰੰਤੂ ਦੁਬਾਰਾ ਸਨਿਮਰ ਬੇਨਤੀ ਹੈ ਕਿ ਪਹਿਲਾਂ ਤੁਸੀਂ ਛੇਤੀ ਤੋਂ ਛੇਤੀ ਮੇਰੇ ਵੱਲੋਂ ਕੀਤੇ ਗਏ ਉੱਪਰ ਦਰਸਾਏ ਦੋ ਸਵਾਲਾਂ ਦੇ ਉੱਤਰ ਦਰਜ ਕਰਵਾਵੋ ਜੀ।

ਇਕਬਾਲ ਸਿੰਘ ਢਿੱਲੋਂ।

05/07/2020 at 2:18pm

**Gurindar Singh Paul**

ਡਾ: ਇਕਬਾਲ ਸਿੰਘ ਢਿੱਲੋਂ ਜੀ,

ਗੁਰਮਤਿ ਦਾ ਬੀਜ ਮੰਤਰ (ਧੁਰਾ) ਹੀ ਰੱਬ (ੴ) ਹੈ। ਬਾਣੀਕਾਰਾਂ ਨੇ ਗੁਰਬਾਣੀ ਵਿੱਚ ਰੱਬ (ੴ) ਨੂੰ ਮਾਨਤਾ ਦਿੱਤੀ ਹੈ। ਮੈਂ ਗੁਰਬਾਣੀ/ ਗੁਰਮਤਿ ਨੂੰ ਸਮਰਪਿਤ ਹਾਂ। ਇਸ ਲਈ ਮੈਂ ਵੀ 'ਰੱਬ' ਸ਼ਬਦ ਨੂੰ ਮਾਨਤਾ ਦਿੰਦਾ ਹਾਂ।

ਗੁਰਮਤਿ ਅਨੁਸਾਰ ਰੱਬ "ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥" ਹੈ। 'ਰੱਬ' ਅਤੇ ਰੱਬ ਸ਼ਬਦ ਨੂੰ 'ਕਾਲਪਨਿਕ' ਅਤੇ 'ਭੁਲੇਖਾ-ਪਾਊ' ਕਹਿਣਾ ਤੁਹਾਡੀ ਨਿੱਜੀ ਮਤਿ (ਮਨਮਤਿ) ਹੈ।

ਗੁਰਬਾਣੀ ਵਿੱਚ ਬ੍ਰਹਮਗਿਆਨੀ ਬਾਣੀਕਾਰਾਂ ਨੇ, ਪੂਰੀ ਸ਼ੑਧਾ ਨਾਲ, 'ਰੱਬ' ਸ਼ਬਦ ਦੀ ਵਰਤੋਂ ਕੀਤੀ ਹੈ। ਇਸ ਲਈ ਮੈਂ ਇਸ ਸ਼ਬਦ ਨੂੰ ਵਰਤਣ ਤੋਂ ਗੁਰੇਜ਼ ਕਰਨ ਨੂੰ ਸੁਧੀ ਮਨਮੁੱਖਤਾ ਸਮਝਦਾ ਹਾਂ!

ਡਾ: ਢਿੱਲੋਂ ਜੀ, ਆਪ ਦੇ ਦੋਨੋਂ ਸਵਾਲ, ਅਸਿੱਧੇ ਤੌਰ ਤੇ, ਬਾਣੀਕਾਰਾਂ ਦੀ ਉੱਚੀ ਸੋਚ ਨੂੰ ਚੁਣੌਤੀ ਹਨ। ਇਹ ਚੁਣੌਤੀ ਆਪ ਜਿਹਾ ਕੋਈ ਉੱਚਤਮ ਸੋਚ ਵਾਲਾ ਵਿੱਦਵਾਨ ਹੀ ਦੇ ਸਕਦਾ ਹੈ!!

ਆਪ ਨੂੰ ਬੇਨਤੀ ਹੈ ਕਿ ਸ: ਮੱਖਣ ਸਿੰਘ ਜੀ ਨੂੰ ਸੰਬੋਧਿਤ ਹੋਕੇ ਦਿੱਤੇ ਸ: ਹਾਕਮ ਸਿੰਘ ਜੀ ਦੇ ਸੰਖਿਪਤ ਤੇ ਸਪਸ਼ਟ ਵਿਚਾਰਾਂ ਨੂੰ ਵਿਚਾਰਣ ਦੀ ਖੇਚਲ ਕਰ ਲੈਣਾ। ਇਹ ਵਿਚਾਰ ਅੱਜ ਹੀ ਪੋਸਟ ਕੀਤੇ ਗਏ ਹਨ।

05/07/2020 at 9:10pm

**Iqbal Singh Dhillon**

ਸ. ਗੁਰਿੰਦਰ ਸਿੰਘ ਪਾਲ ਜੀ.

ਤੁਸੀਂ ਮੇਰੇ ਸਵਾਲਾਂ ਦੇ ਸਿੱਧੇ ਰੂਪ ਵਿਚ ਉੱਤਰ ਹਾਲੇ ਵੀ ਨਹੀਂ ਦਿੱਤੇ। ਹਾਂ, ਸਵਾਲ ਨੰ. 2 ਦਾ ਉੱਤਰ ਅਸਿੱਧੇ ਢੰਗ ਨਾਲ ਤੁਹਾਡੇ ਇਸ reply ਵਿੱਚੋਂ ਮਿਲ ਜਾਂਦਾ ਹੈ ਕਿ ਤੁਸੀਂ 'ਰੱਬ' ਸ਼ਬਦ ਦੀ ਵਰਤੋਂ ਇਸ ਕਰਕੇ ਕਰਦੇ ਹੋ ਕਿ ਕੁਝ ਬਾਣੀਕਾਰਾਂ ਵੱਲੋਂ ਇਸ ਸ਼ਬਦ ਦਾ ਪਰਯੋਗ ਕੀਤਾ ਹੋਇਆ ਮਿਲਦਾ ਹੈ। ਪਰੰਤੂ ਤੁਹਾਡਾ ਜ਼ਿਆਦਾ ਧਿਆਨ ਫਿਰ ਨਿਰਾਧਾਰ ਦੂਸ਼ਣਬਾਜ਼ੀ ਕਰਨ ਵੱਲ ਹੀ ਰਿਹਾ ਹੈ ਜਿਵੇਂ ਕਿ ਤੁਸੀਂ ਹੁਣ ਮੇਰੇ ਉੱਤੇ 'ਮਨਮਤਿ' ਅਤੇ ਬਾਣੀਕਾਰਾਂ ਨੂੰ 'ਚੁਣੌਤੀ' ਦੇਣ ਦੇ ਨਵੇਂ ਦੋਸ਼ ਮੜ੍ਹ ਦਿੱਤੇ ਹਨ। ਚਲੋ, ਇਹ ਤੁਹਾਡੀ ਮਰਜ਼ੀ ਹੈ। ਪਰੰਤੂ ਇਸ ਨਾਲ ਤੁਹਾਨੂੰ ਮੇਰੇ ਸਵਾਲਾਂ ਦੇ ਉੱਤਰ ਦੇਣ ਤੋਂ ਛੋਟ ਨਹੀਂ ਮਿਲ ਜਾਂਦੀ ਕਿਉਂਕਿ ਤੁਹਾਡੇ ਵਰਗੇ ਉਚ-ਕੋਟੀ ਦੇ ਵਿਦਵਾਨਾਂ ਵੱਲੋਂ ਮਿਲੇ ਉੱਤਰਾਂ ਦੇ ਅਧਾਰ ਤੇ ਹੀ ਵਿਚਾਰ-ਚਰਚਾ ਨੂੰ ਕਿਸੇ

ਲਾਹੇਵੰਦ ਪਰਾਪਤੀ ਵੱਲ ਵਧਾਇਆ ਜਾ ਸਕਦਾ ਹੈ। ਇਸ ਲਈ ਮੈਂ ਆਪਣੇ ਨੰ. 1 ਵਾਲੇ ਸਵਾਲ ਨੂੰ ਦੋਬਾਰਾ ਤੋਂ ਹੇਠਾਂ ਦੋ ਭਾਗਾਂ ਵਿਚ ਵੰਡ ਕੇ ਪੇਸ਼ ਕਰ ਰਿਹਾ ਹਾਂ:

1. ਪਰੰਪਰਾਗਤ 'ਰੱਬ' ਦਾ ਪਹਿਲਾ ਰੂਪ ਸ਼ਖਸੀ (anthropomorphic) ਹੋਂਦ ਹੈ ਜਿਸ ਨੂੰ ਯਹੂਦੀ ਮੱਤ, ਇਸਾਈ ਮੱਤ ਅਤੇ ਇਸਲਾਮ ਵਿਚ ਮਾਨਤਾ ਪਰਾਪਤ ਹੈ। ਕੀ ਤੁਸੀਂ ਨਿੱਜੀ ਤੌਰ ਤੇ ਇਸ ਰੂਪ ਨੂੰ ਮਾਨਤਾ ਦੇਂਦੇ ਹੋ ?

(ਨੋਟ: ਉੱਤਰ ਕੇਵਲ 'ਹਾਂ' ਜਾਂ 'ਨਹੀਂ' ਵਿਚ ਹੀ ਹੋਵੇ।)

2. ਪਰੰਪਰਾਗਤ 'ਰੱਬ' ਦਾ ਦੂਸਰਾ ਰੂਪ 'ਪਰਮਾਤਮਾ' (ਪਰਮ+ਆਤਮਾ) ਭਾਵ Supreme Soul ਹੈ ਜਿਸ ਨੂੰ ਹਿੰਦੂ ਮੱਤ 'ਬ੍ਰਹਮ ' ਦੇ ਨਾਮ ਹੇਠ ਮਾਨਤਾ ਦੇਂਦਾ ਹੈ। ਕੀ ਤੁਸੀਂ ਨਿੱਜੀ ਤੌਰ ਤੇ ਇਸ ਰੂਪ ਨੂੰ ਮਾਨਤਾ ਦੇਂਦੇ ਹੋ ?

(ਨੋਟ: ਉੱਤਰ ਕੇਵਲ 'ਹਾਂ' ਜਾਂ 'ਨਹੀਂ' ਵਿਚ ਹੀ ਹੋਵੇ।)

ਉੱਪਰ ਦਿੱਤੇ ਸਵਾਲਾਂ ਵਿਚ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਤੁਸੀਂ ਇਹਨਾਂ ਦੇ ਉੱਤਰ 'ਨਿੱਜ' ਪੱਖੋਂ ਭਾਵ ਗੁਰਿੰਦਰ ਸਿੰਘ ਪਾਲ ਦੇ ਤੌਰ ਤੇ ਦੇਣੇ ਹਨ ਨਾ ਕਿ ਕਿਸੇ ਰਚਨਾ (ਗੁਰਬਾਣੀ ਜਾਂ ਕੋਈ ਹੋਰ) ਦੇ ਅਧਾਰ ਤੇ।

ਸ. ਗੁਰਿੰਦਰ ਸਿੰਘ ਪਾਲ ਜੀ, ਫਿਰ ਤੋਂ ਸਨਿਮਰ ਬੇਨਤੀ ਹੈ ਕਿ ਤੁਸੀਂ ਮੇਰੇ ਉੱਪਰ ਆਏ ਸਵਾਲਾਂ ਦੇ ਉੱਤਰ (ਕੇਵਲ 'ਹਾਂ' ਜਾਂ 'ਨਹੀਂ ਦੇ ਰੂਪ ਵਿਚ) ਜਲਦੀ ਦੇਣ ਦੀ ਕਿਰਪਾਲਤਾ ਕਰੋ ਜੀ ਤਾਂ ਕਿ ਵਿਚਾਰ-ਚਰਚਾ ਨੂੰ ਸੁਚਾਰੂ ਰੂਪ ਵਿਚ ਅੱਗੇ ਵੱਲ ਤੋਰਿਆ ਜਾ ਸਕੇ।

ਇਕਬਾਲ ਸਿੰਘ ਢਿੱਲੋਂ।

05/07/2020 at 11:41pm 1 Like

**Gurindar Singh Paul**

ਡਾ: ਇਕਬਾਲ ਸਿੰਘ ਢਿੱਲੋਂ ਜੀ,

ਆਪ ਬਾਰ ਬਾਰ ਹਦਾਯਤ ਕਰਦੇ ਹੋ ਕਿ, "...ਉੱਤਰ 'ਹਾਂ' ਜਾਂ 'ਨਹੀਂ' ਦੇ ਰੂਪ ਵਿੱਚ ਹੀ ਹੋਵੇ"। ਅਤੇ ਨਾਲ ਹੀ ਕਹਿੰਦੇ ਹੋ ਕਿ, "...ਵਿਚਾਰ-ਚਰਚਾ ਨੂੰ ਸੁਚਾਰੂ ਰੂਪ ਵਿੱਚ ਅੱਗੇ ਵੱਲ ਤੋਰਿਆ ਜਾ ਸਕੇ"। ਡਾ: ਇਕਬਾਲ ਸਿੰਘ ਢਿੱਲੋਂ ਜੀ, "ਸੁਚਾਰੂ ਵਿਚਾਰ-ਚਰਚਾ" ਵਿੱਚ ਸਵਾਲਾਂ ਦੇ ਜਵਾਬ 'ਹਾਂ' ਜਾਂ 'ਨਹੀਂ' ਵਿੱਚ ਕਦੀ ਨਹੀਂ ਹੁੰਦੇ!!

ਤੁਹਾਨੂੰ ਯਾਦ ਹੋਵੇਗਾ ਕਿ ਇਕ ਵਾਰ ਤੁਹਾਡੇ 'ਨਾਨਕ ਮਿਸ਼ਨ' ਦੀ ਇਕ ਮੀਟਿੰਗ ਵਿੱਚ ਤੁਸੀਂ ਆਪਣੇ ਕਿਸੇ ਸਵਾਲ ਦਾ ਜਵਾਬ 'ਹਾਂ' ਜਾਂ 'ਨਾਂਹ' ਵਿੱਚ ਮੰਗਿਆ ਸੀ ਅਤੇ ਮੈਂ ਕੋਈ ਜਵਾਬ ਦੇਣ ਦੀ ਬਜਾਏ ਚੁੱਪ ਰਹਿਣਾ ਹੀ ਠੀਕ ਸਮਝਿਆ ਸੀ!

ਦੂਜਾ, ਆਪ ਦੇ ਸਵਾਲਾਂ ਦੀ ਕੋਈ ਤੁਕ ਹੀ ਨਹੀਂ ਬਣਦੀ! ਆਪ ਬੇ-ਮਤਲਬੇ ਜਿਹੇ ਸਵਾਲ ਘੜ ਕੇ ਉਨ੍ਹਾਂ ਦਾ ਜਵਾਬ ਸਿਰਫ਼ 'ਹਾਂ' ਜਾਂ 'ਨਹੀਂ' ਵਿੱਚ ਮੰਗਦੇ ਹੋ!!!

ਆਪ ਜੀ ਨੇ ਜੋ ਦੋ ਸਵਾਲ ਆਪਣੀ ਵਿੱਦਵਤਾ ਦੀ ਟਕਸਾਲ ਵਿੱਚ ਘੜ ਕੇ ਮੇਰੇ ਤੋਂ ਪੁੱਛੇ ਹਨ, ਉਨ੍ਹਾਂ ਦੀ ਕੋਈ ਤੁਕ ਹੀ ਨਹੀਂ ਬਣਦੀ! ਦੋ ਬੇਮਤਲਬੇ ਸਵਾਲਾਂ ਦੀ ਬਜਾਏ ਜੇ ਆਪ ਸਿਰਫ਼ ਇਕ ਹੀ ਸਿੱਧਾ ਸਵਾਲ ("ਕੀ ਤੁਸੀਂ ਰੱਬ ਨੂੰ ਮੰਨਦੇ ਹੋ?") ਕਰਦੇ, ਤਾਂ ਮੇਰਾ ਸੰਖੇਪ ਅਤੇ ਸਪਸ਼ਟ ਜਵਾਬ ਹੋਣਾ ਸੀ, "ਜੀ ਹਾਂ, ਮੈਂ ਗੁਰਬਾਣੀ ਵਿੱਚ ਪਰਿਭਾਸ਼ਿਤ ਰੱਬ ਨੂੰ ਮੰਨਦਾ ਹਾਂ!"

05/08/2020 at 9:36pm

**Iqbal Singh Dhillon**

ਸ. ਗੁਰਿੰਦਰ ਸਿੰਘ ਪਾਲ ਜੀ,

ਮੈਂ ਤੁਹਾਨੂੰ ਕੋਈ ਹਦਾਇਤ ਨਹੀਂ ਕੀਤੀ ਬਲਕਿ ਪਾਠਕ ਦੇ ਤੌਰ ਤੇ ਤੁਹਾਡੇ ਅੱਗੇ ਇਕ ਵਾਜਬ ਮੰਗ ਪੇਸ਼ ਕੀਤੀ ਹੈ ਜੋ ਕਿ ਮੇਰਾ ਹੱਕ ਹੈ। ਤੁਸੀਂ ਚੱਲ ਰਹੀ ਵਿਚਾਰ-ਚਰਚਾ ਵਿਚ ਆਪਣੀ ਇਕ ਪੋਸਟ ਪਾਈ ਹੈ ਅਤੇ ਉਸ ਪੋਸਟ ਸਬੰਧੀ ਉੱਠੇ ਸਵਾਲਾਂ ਦੇ ਉੱਤਰ ਦੇਣਾ ਤੁਹਾਡੀ ਜ਼ਿੰਮੇਵਾਰੀ ਬਣ ਜਾਂਦੀ ਹੈ। ਤੁਸੀਂ ਮੇਰੇ ਵੱਲੋਂ ਨਿਮਰਤਾ ਸਹਿਤ ਪੁੱਛੇ ਗਏ ਸਵਾਲਾਂ ਦੇ ਉੱਤਰ ਦੇਣ ਤੋਂ ਲਗਾਤਾਰ ਟਾਲਮਟੋਲ ਕਰਦੇ ਆ ਰਹੇ ਹੋ ਅਤੇ ਤਰ੍ਹਾਂ-ਤਰ੍ਹਾਂ ਦੀਆਂ ਜਾਤੀ ਟਿੱਪਣੀਆਂ ਕਰਦੇ ਹੋਏ ਵਿਚਾਰ-ਚਰਚਾ ਨੂੰ ਵਿਸ਼ੇ ਤੋਂ ਲਾਂਭੇ ਲਿਜਾਣ ਦਾ ਯਤਨ ਕਰਨ ਵਿਚ ਲੱਗੇ ਹੋਏ ਹੋ। ਆਖਰ ਹੁਣ ਤੁਸੀਂ ਮੇਰੇ ਸਵਾਲਾਂ ਨੂੰ ਹੀ ਬੇਤੁੱਕੇ ਅਤੇ 'ਬੇਮਤਲਬ ਦੇ ਸਵਾਲ' ਗਰਦਾਨਣ ਲੱਗ ਪਏ ਹੋ। ਇਸ ਤਰ੍ਹਾਂ ਸਪਸ਼ਟ ਰੂਪ ਵਿਚ ਤੁਸੀਂ ਆਪਣੀ ਜ਼ਿੰਮੇਵਾਰੀ ਤੋਂ ਭੱਜਦੇ ਨਜ਼ਰ ਆ ਰਹੇ ਹੋ।

ਸ. ਗੁਰਿੰਦਰ ਸਿੰਘ ਪਾਲ ਜੀ, ਮੈਂ ਤੁਹਾਨੂੰ ਕਦੇ ਕਿਸੇ ਮੀਟਿੰਗ ਵਿਚ 'ਹਾਂ' ਜਾਂ 'ਨਾਂਹ' ਵਿਚ ਉੱਤਰ ਦੇਣ ਲਈ ਨਹੀਂ ਕਿਹਾ। ਇਹ ਵੀ ਤੁਹਾਡੇ ਵੱਲੋਂ ਮੇਰੇ ਉੱਤੇ ਤੁਹਾਡੀ ਕੀਤੀ

'ਵਿਆਖਿਆ' ਨੂੰ ਗਲਤ ਕਹਿਣ ਦੇ ਲਾਏ ਇਲਜ਼ਾਮ ਵਾਂਗ ਇਕ ਮਨਘੜਤ ਕਹਾਣੀ ਹੈ।

ਤੁਹਾਡਾ ਇਹ ਦਾਵਾ ਵੀ ਸਹੀ ਨਹੀਂ ਕਿ "ਸੁਚਾਰੂ ਵਿਚਾਰ-ਚਰਚਾ ਵਿਚ ਸਵਾਲਾਂ ਦੇ ਜਵਾਬ 'ਹਾਂ' ਜਾਂ 'ਨਾਂਹ' ਵਿੱਚ ਕਦੀ ਨਹੀਂ ਹੁੰਦੇ"; ਸਗੋਂ ਕਈ ਥਾਵਾਂ ਤੇ ਤਾਂ ਮੰਗ ਹੀ ਇਹ ਕੀਤੀ ਗਈ ਹੁੰਦੀ ਹੈ ਕਿ ਸਵਾਲਾਂ ਦੇ ਜਵਾਬ 'ਹਾਂ' ਜਾਂ 'ਨਾਂਹ' ਵਿਚ ਦਿੱਤੇ ਜਾਣ। ਨਾ ਹੀ ਚੱਲ ਰਹੀ ਵਿਚਾਰ-ਚਰਚਾ ਲਈ ਸੰਪਾਦਕ ਜੀ ਨੇ ਕੋਈ ਏਹੋ-ਜੇਹਾ ਨਿਯਮ ਜਾਰੀ ਕੀਤਾ ਹੋਇਆ ਹੈ ਕਿ 'ਹਾਂ' ਜਾਂ 'ਨਾਂਹ' ਵਿਚ ਉੱਤਰ ਨਹੀਂ ਮੰਗੇ ਜਾ ਸਕਦੇ। ਮੈਨੂੰ ਯਕੀਨ ਹੈ ਕਿ ਜੇਕਰ ਮੈਂ ਤੁਹਾਡੀ ਇਸ ਪੋਸਟ ਦੇ ਅਧਾਰ ਤੇ ਕੋਈ ਅਗਲਾ ਸਵਾਲ ਕਰਾਂਗਾ ਤਾਂ ਤੁਸੀਂ ਉਸ ਨੂੰ ਵੀ 'ਬੇਤੁੱਕਾ ਅਤੇ ਬੇਮਤਲਬ ਦਾ ਸਵਾਲ' ਕਹਿ ਕੇ ਦੁਰਕਾਰਨ ਦੀ ਕਾਰਵਾਈ ਕਰੋਗੇ। ਨਿਸਚੇ ਹੀ ਤੁਹਾਡਾ ਅਜਿਹਾ ਵਤੀਰਾ ਚੱਲ ਰਹੀ ਵਿਚਾਰ-ਚਰਚਾ ਵਿਚ ਵਿਘਨ ਪਾਉਣ ਦਾ ਹੈ। ਇਸ ਸਥਿਤੀ ਵਿਚ ਮੇਰੇ ਵੱਲੋਂ ਤੁਹਾਡੇ ਨਾਲ ਵਿਚਾਰ-ਚਰਚਾ ਨੂੰ ਅੱਗੇ ਜਾਰੀ ਰੱਖਣਾ ਸੰਭਵ ਨਹੀਂ ਰਹਿ ਜਾਂਦਾ।

ਮੇਰੀ ਸੰਪਾਦਕ ਜੀ ਨੂੰ ਸਨਿਮਰ ਬੇਨਤੀ ਹੈ ਕਿ ਉਹ ਇਸ ਸਥਿਤੀ ਵਿਚ ਦਖਲ ਦੇਂਦੇ ਹੋਏ ਆਪਣਾ ਦਿਸ਼ਾ-ਨਿਰਦੇਸ਼ ਪਰਦਾਨ ਕਰਨ ਦੀ ਕਿਰਪਾਲਤਾ ਕਰਨ।

ਇਕਬਾਲ ਸਿੰਘ ਢਿੱਲੋਂ।

05/09/2020 at 4:07am

**Gurbachan Singh Panwan**

ਰੱਬ ਦਾ ਨਾਂ

ਗੁਰਬਾਣੀ ਨੇ ਇਕ ਵਿਧਾਨ ਦਿੱਤਾ ਹੈ ਕਿ ਕੁਦਰਤ ਵਿਚਲੇ ਰਹੱਸ ਨੂੰ ਸਮਝ ਕੇ ਮਨੁੱਖਤਾ ਦੇ ਭਲੇ ਲਈ ਕਲਿਆਣੀਕਾਰੀ ਕਰਮ ਕੀਤਾ ਜਾਏ —"ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ" ॥ ਦਿਆਨਤਦਾਰਾਂ ਖੋਜੀਆਂ ਨੇ ਦਿਨੇ ਰਾਤ ਮਿਹਨਤ ਕਰਕੇ ਵਿਗਿਆਨ ਦੁਆਰਾ ਕੁਦਰਤ ਦੇ ਰਹੱਸਾਂ ਤੋਂ ਪੜਦਾ ਚੁੱਕਣ ਦਾ ਯਤਨ ਕੀਤਾ ਹੈ। ਜਿਵੇਂ ਜਿਵੇਂ ਖੋਜ ਕਰਦੇ ਜਾਂਦੇ ਹਨ ਤਿਵੇਂ ਤਿਵੇਂ ਹੋਰ ਨਵੀਆਂ ਨਵੀਆਂ ਲੱਭਤਾਂ ਸਾਹਮਣੇ ਆਉਂਦੀਆਂ ਹਨ। ਵਿਗਿਆਨ ਦੇ ਖੇਤਰ ਵਿਚ ਬੁੱਧੀ ਨੂੰ ਹੈਰਾਨ ਕਰਨ ਵਾਲੀ ਜੋ ਉਨਤੀ ਅਜੋਕੇ ਯੁੱਗ ਵਿਚ ਹੋਈ ਹੈ ਉਸ ਨੇ ਪੁਰਾਣੀਆਂ ਮਿੱਥਾਂ, ਵਹਿਮਾਂ, ਭਰਮਾਂ ਨੂੰ ਤਾਰ ਤਾਰ ਕਰਕੇ ਰੱਖ ਦਿੱਤਾ ਹੈ। ਮਨੁੱਖ ਹਰ ਵਸਤੂ ਦੇ ਕਾਰਜ ਦਾ ਕਾਰਨ ਲੱਭਣ ਲਈ ਬਹੁਤ ਉਤਾਵਲਾ ਹੈ। ਆਪਣੀ ਇਸ ਪ੍ਰਾਪਤੀ ਤੇ ਮਨੁੱਖ ਮਾਣ ਕਰ ਸਕਦਾ ਹੈ—

ਰਾਜ਼, ਕੁਦਰਤ ਨੇ ਇਨਸ਼ਾਂ ਸੇ ਛੁਪਾਏ ਤੋ ਬਹੁਤ,
ਮਗਰ, ਅਹਿਲਿ ਬਸੀਰਤ ਸੇ ਛਪਾਏ ਨਾ ਗਏ।

(ਕੁਦਰਤ ਨੇ ਮਨੁੱਖ ਤੋਂ ਬਹੁਤ ਭੇਤ ਲਕੋ ਰੱਖੇ, ਪ੍ਰੰਤੂ ਡੂੰਘੀ ਨਜ਼ਰ (ਸੋਚ ਵਿਚਾਰ) ਵਾਲੇ ਲੋਕਾਂ ਪਾਸੋਂ ਲੁਕਾਏ ਨਾ ਜਾ ਸਕੇ)

ਪਰ ਗੁਰੂ ਨਾਨਕ ਸਾਹਿਬ ਵਾਲਾ ਕਥਨ ਅਟੱਲ ਤੇ ਅੰਤਮ ਹੈ--ਕਥਨਾ ਕਥੀ ਨਾ ਆਵੈ ਤੋਟਿ॥ ਕਥਿ ਕਥਿ ਕਥੀ, ਕੋਟੀ ਕੋਟਿ ਕੋਟਿ॥ ਜਪੁਜੀ

ਇਕ ਹੋਰ ਸ਼ਾਇਰ ਲਿਖਦਾ ਹੈ ਕਿ ਕੁਦਰਤ ਵਿਚਲੇ ਰਹੱਸ ਰੇਸ਼ਮ ਦੇ ਲੱਛੇ ਵਾਂਗ ਹਨ ਜਿਸ ਵਿਚੋਂ ਇਕ ਤਾਰ ਖਿਚਣ ਦਾ ਯਤਨ ਕਰੋ ਤਾਂ ਉਸ ਵਿਚੋਂ ਹੋਰ ਤਾਰਾਂ ਨਿਕਲ ਆਉਂਦੀਆਂ ਹਨ ਏਸੇ ਤਰ੍ਹਾਂ ਕੁਦਰਤ ਦੇ ਰਹੱਸ ਏਨੇ ਡੂੰਘੇ ਹਨ ਕਿ ਇਕ ਰਹੱਸ ਵਿਚੋਂ ਹੋਰ ਅਗਾਂਹ ਪ੍ਰਗਟ ਹੋਈ ਜਾਂਦੇ ਹਨ।

ਹਮ ਨੇ ਯੇ ਜਾਨਾ ਥਾ ਕਿ ਇਲਮ ਸੇ ਕੁਛ ਜਾਨੇਗੇਂ,

ਜਾਨਾ ਤੋ ਧੋ ਜਾਨਾ, ਨਾ ਜਾਨਾ ਕੁਛ ਭੀ।

ਵਿਗਿਆਨੀ ਜਿਵੇਂ ਜਿਵੇਂ ਖੋਜ ਕਰੀ ਜਾਂਦੇ ਹਨ ਤਿਵੇਂ ਤਿਵੇਂ ਨਿੱਤ ਨਵੀਆਂ ਲੱਭਤਾਂ ਲੱਭੀ ਜਾਂਦੇ ਹਨ। ਗੁਰਮਤਿ, ਜਗਿਆਸਾ ਭਰਪੂਰ ਖੋਜ ਦਲੀਲ ਤੇ ਪਰਖ ਦੀ ਹਾਮੀ ਹੈ। ਸੰਸਾਰ ਵਿਚ ਵਿਦਵਾਨਾਂ ਨੇ ਭੂਗੋਲ, ਫਜ਼ਿਕਸ, ਖ਼ੁਗੋਲ, ਜੀਵ ਵਿਗਿਆਨ ਅਤੇ ਹੋਰ ਬਹੁਤ ਸਾਰੇ ਵਿਸ਼ਿਆਂ ਵਿਚ ਮੁਹਾਰਤ ਹਾਸਲ ਕੀਤੀ ਹੈ। ਇਹਨਾਂ ਵਿਸ਼ਿਆਂ ਦੇ ਮਾਹਰਾਂ ਨੇ ਜਿੱਥੇ ਮਨੁੱਖ ਨੂੰ ਨਵੀਆਂ ਖੋਜਾਂ ਦਿੱਤੀਆਂ ਹਨ ਓੱਥੇ ਕੁਦਰਤ ਦੇ ਰਹੱਸਾਂ ਨੂੰ ਨਵੇਂ ਨਵੇਂ ਨਾਂ ਵੀ ਦਿੱਤੇ ਹਨ।

ਕੁਦਰਤ ਦੀ ਅਣਦਿਸਦੀ ਸ਼ਕਤੀ ਜਦੋਂ ਸਾਕਾਰ ਹੁੰਦੀ ਤਾਂ ਅਕਾਰ ਬਣਦਾ ਹੈ। ਗੁਰੂ ਨਾਨਕ ਸਾਹਿਬ ਜੀ ਇਸ ਕਿਰਿਆ ਨੂੰ 'ਹੁਕਮ' ਆਖਦੇ ਹਨ- ਹੁਕਮੀ ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥

ਗੁਰੂ ਅਰਜਨ ਪਾਤਸ਼ਾਹ ਹੋਰ ਫਰਮਾਉਂਦੇ ਹਨ—

ਤੂੰ ਪੇਡੁ ਸਾਖ ਤੇਰੀ ਫੂਲੀ॥ ਤੂੰ ਸੂਖਮੁ ਹੋਆ ਅਸਥੂਲੀ॥

ਮਾਝ ਮਹਲਾ 5 ਪੰਨਾ 102

ਹੇ ਪ੍ਰਭੂ! ਤੂੰ (ਮਾਨੋ, ਇਕ) ਰੁੱਖ ਹੈਂ (ਇਹ ਸੰਸਾਰ ਤੈਂ-ਰੁੱਖ ਤੋਂ) ਫੁੱਟੀਆਂ ਹੋਈਆਂ ਤੇਰੀਆਂ ਟਾਹਣੀਆਂ ਹਨ। ਹੇ ਪ੍ਰਭੂ! ਤੂੰ ਅਦ੍ਰਿਸ਼ਟ ਹੈਂ (ਆਪਣੇ ਅਦ੍ਰਿਸ਼ਟ ਰੂਪ ਤੋਂ) ਦਿੱਸਦਾ ਜਗਤ ਬਣਿਆ ਹੈਂ।

ਸੂਖਮ, ਅਦ੍ਰਿਸ਼ਟ ਜਦੋਂ ਸਾਕਾਰ ਹੁੰਦਾ ਤਾਂ ਜਗਤ ਵਿਚ ਰਚਨਾ ਜਨਮ ਲੈਂਦੀ ਹੈ। ਅਦ੍ਰਿਸ਼ਟ ਸ਼ਕਤੀ ਨੂੰ ੧ਓ ਕਹਿਆ ਹੈ ਇਸ ਦਾ ਨਾਂ ਸਤਿ ਨਾਮੁ ਸਮਝ ਆਉਂਦਾ ਹੈ। ਸੱਚ, ਰੱਬ, ਪ੍ਰਭੂ, ਅੱਲ੍ਹਾ, ਖ਼ੁਦਾਅ, ਰਹੀਮ, ਕਰੀਮ, ਅਕਾਲ ਪੁਰਖ, ਵਾਹਗੁਰੂ ਆਦਿ ਜਿੰਨ੍ਹੇ ਵੀ ਨਾਮ ਹਨ ਇਹ ਸਮਾਜ ਵਿਚ ਆਮ ਵਰਤੇ ਜਾਣ ਵਾਲੇ ਹਨ। ਗੁਰਬਾਣੀ ਨੇ ਇਕ ਨਾਮ ਨੂੰ ਉਚੇਚੇ ਤੌਰ ਤੇ ਵਰਤਿਆ ਹੈ—

ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿ ਨਾਮੁ ਤੇਰਾ ਪਰਾ ਪੂਰਬਲਾ॥

ਮਾਰੂ ਮਹਲਾ 5 1083

ਹੇ ਪ੍ਰਭੂ! (ਸਾਡੀ ਜੀਵਾਂ ਦੀ) ਜੀਭ ਤੇਰੇ ਉਹ ਨਾਮ ਉਚਾਰਦੀ ਹੈ ਜੋ ਨਾਮ (ਤੇਰੇ ਗੁਣ ਵੇਖ ਵੇਖ ਕੇ ਜੀਵਾਂ ਨੇ) ਬਣਾਏ ਹੋਏ ਹਨ। ਪਰ 'ਸਤਿਨਾਮੁ' ਤੇਰਾ ਮੁੱਢ-ਕਦੀਮਾਂ ਦਾ ਨਾਮ ਹੈ

(ਭਾਵ, ਤੂੰ 'ਹੋਂਦ ਵਾਲਾ' ਹੈਂ, ਤੇਰੀ ਇਹ 'ਹੋਂਦ' ਜਗਤ-ਰਚਨਾ ਤੋਂ ਪਹਿਲਾਂ ਭੀ ਮੌਜੂਦ ਸੀ) ।

"ਤੂੰ ਸੂਖਮੁ ਹੋਆ ਅਸਥੂਲੀ"॥ ਵਿਚੋਂ ਵਿਗਿਆਨੀਆਂ ਨੇ ਕੁਦਰਤੀ ਰਹੱਸਾਂ ਨੂੰ ਸਮਝਿਆ ਤਾਂ ਉਹਨਾਂ ਨੇ ਨਵੇਂ ਨਾਂ ਘੜੇ ਹਨ।

ਪਰ ਸੂਖਮ ਨੂੰ ੧ਓਂਕਹਿਆ ਹੈ ਤੇ ਗੁਰਬਾਣੀ ਇਸ ਨੂੰ ਸਤਿ ਨਾਮੁ ਆਖਦੀ ਹੈ--(ਸੋ 'ਸਤਿਨਾਮ' ਦਾ ਅਰਥ ਹੈ "ਉਹ ਇਕ ਓਅੰਕਾਰ, ਜਿਸ ਦਾ ਨਾਮ ਹੈ ਹੋਂਦ ਵਾਲਾ"।)

ਸਦੀਵ ਕਾਲ ਸੱਚ (ਵਸੀ ਰਬੁ ਹਿਆਲੀਐ) ਸਾਡੇ ਦਿਮਾਗ ਵਿਚ ਵੱਸਿਆ ਹੋਇਆ ਹੈ ਜਿਸ ਨੂੰ ਗੁਰਬਾਣੀ ਗਿਆਨ ਦੁਆਰਾ ਸਮਝ ਕੇ ਜੀਵਨ ਵਿਚ ਅਪਨਾਉਣਾ ਹੈ।

ਗੁਰਬਚਨ ਸਿੰਘ ਪੰਨਵਾਂ

05/08/2020 at 6:02am

**Iqbal Singh Dhillon** In reply to Gurbachan Singh Panwan

ਸ. ਗੁਰਬਚਨ ਸਿੰਘ ਪੰਨਵਾਂ ਜੀ,

ਤੁਸੀਂ ਉੱਪਰ ਪਾਈ ਹੋਈ ਆਪਣੀ 08 ਮਈ ਦੀ ਲਿਖਤ ਵਿਚ ਗੁਰਬਾਣੀ ਨੂੰ ਅਧਾਰ ਬਣਾ ਕੇ ਇਕ ਅਦ੍ਰਿਸ਼ਟ ਸ਼ਕਤੀ ਦਾ ਸੰਕਲਪ ਪੇਸ਼ ਕੀਤਾ ਹੈ। ਇਸ ਅਦ੍ਰਿਸ਼ਟ ਸ਼ਕਤੀ ਨੂੰ ਤੁਸੀਂ ਸਤਿ ਨਾਮ ('ਹੋਂਦ ਵਾਲਾ') ਵੀ ਕਹਿੰਦੇ ਹੋ ਜਿਸ ਦੇ, ਤੁਹਾਡੀ ਲਿਖਤ ਅਨੁਸਾਰ, ਕਿਰਤਮ ਨਾਵਾਂ ਵਿੱਚੋਂ ਇਕ ਨਾਮ 'ਰੱਬ' ਹੈ। ਪਰੰਤੂ ਤੁਹਾਡੀ ਇਸ ਲਿਖਤ ਵਿੱਚੋਂ ਇਸ ਸੰਕਲਪ ਸਬੰਧੀ ਸਪਸ਼ਟ ਜਾਣਕਾਰੀ ਪਰਾਪਤ ਨਹੀਂ ਹੁੰਦੀ। ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਪਰੰਪਰਾਗਤ ਤੌਰ ਤੇ ਕੁਝ ਲੋਕ 'ਰੱਬ' ਦੇ ਸ਼ਖਸੀ ਰੂਪ ਨੂੰ ਮਾਨਤਾ ਦੇਂਦੇ ਹਨ ਜਿਵੇਂ ਇਸਲਾਮ ਅਤੇ ਇਸਾਈ ਮੱਤ ਨੂੰ ਮੰਨਣ ਵਾਲੇ ਅਤੇ ਕੁਝ ਲੋਕ 'ਰੱਬ' ਦੇ 'ਪਰਮ ਆਤਮਾ' (ਬ੍ਰਹਮ) ਵਾਲੇ ਰੂਪ ਨੂੰ ਮਾਨਤਾ ਦੇਂਦੇ ਹਨ ਜਿਵੇਂ ਕਿ ਹਿੰਦੂ ਮੱਤ ਨੂੰ ਮੰਨਣ ਵਾਲੇ। ਮੈਂ ਨਿਮਰਤਾ ਸਹਿਤ ਤੁਹਾਥੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਤੁਹਾਡੇ ਪੇਸ਼ ਕੀਤੇ ਗਏ ਅਦ੍ਰਿਸ਼ਟ ਸ਼ਕਤੀ/ ਸਤਿ ਨਾਮ ਵਾਲੇ ਸੰਕਲਪ ਦੀ 'ਰੱਬ ਦੀ ਹੋਂਦ' ਸਬੰਧੀ ਉੱਪਰ ਦਰਸਾਈਆਂ 'ਸ਼ਖਸੀ ਰੂਪ' ਜਾਂ 'ਪਰਮ ਆਤਮਾ' ਵਾਲੀਆਂ ਪਰੰਪਰਾਗਤ ਧਾਰਨਾਵਾਂ ਨਾਲ ਕਿਸ

ਤਰ੍ਹਾਂ ਨਾਲ ਤੁਲਨਾ ਕੀਤੀ ਜਾ ਸਕਦੀ ਹੈ ਤਾਂ ਕਿ ਤੁਹਾਡੇ ਵੱਲੋਂ ਪੇਸ਼ ਕੀਤੇ ਗਏ ਇਸ ਸੰਕਲਪ ਦੀ ਤਸਵੀਰ ਉੱਘੜ ਕੇ ਸਾਹਮਣੇ ਆ ਸਕੇ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/09/2020 at 3:56am

**Hakam Singh**

ਰੱਬ ਦੇ ਗਿਆਨ ਬਾਰੇ ਹੋਰ ਵਿਚਾਰ

ਹਰ ਕਿੱਤੇ ਅਤੇ ਗਿਆਨ ਦੇ ਵਿਸ਼ੇ ਵਿਚ ਨਿਪੁੰਨਤਾ ਹਾਸਲ ਕਰਨ ਲਈ ਵਿਸ਼ੇਸ਼ ਸਿਖਿਆ ਦੇ ਨਾਲ ਨਾਲ ਯੋਗ ਮਨੋਬਿਰਤੀ ਸਿਰਜਣੀ ਅਤੇ ਮੁਆਫਕ ਜੀਵਨ ਢੰਗ ਅਪਨਾਉਣਾ ਪੈਂਦਾ ਹੈ। ਰੱਬ ਦਾ ਗਿਆਨ ਪ੍ਰਾਪਤ ਕਰਨ ਲਈ ਵੀ ਮਨੁੱਖ ਨੂੰ ਆਪਣੀ ਸੋਚ ਅਤੇ ਜੀਵਨ ਢੰਗ ਬਦਲਣੇ ਪੈਂਦੇ ਹਨ। ਗੁਰਬਾਣੀ ਅਨੁਸਾਰ ਰੱਬ ਦਾ ਗਿਆਨ ਪ੍ਰਾਪਤ ਕਰਨ ਲਈ ਮਨੁੱਖ ਨੂੰ ਆਪਣਾ ਮਨ ਨਿਰਮਲ ਕਰਨ ਲਈ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਹਉਮੈ ਦੇ ਪ੍ਰਭਾਵ ਤੋਂ ਮੁਕਤ ਹੋਣਾ ਪੈਂਦਾ ਹੈ ਅਤੇ ਜੀਵਨ ਵਿਚ ਬਦਲਾਓ ਲਿਆਉਣ ਲਈ ਜਤ, ਸਤ, ਦਇਆ, ਅਤੇ ਸੰਤੋਖ ਦੇ ਗੁਣ ਧਾਰਨ ਕਰਨੇ ਪੈਂਦੇ ਹਨ। ਮਨੁੱਖ ਲਈ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਹਉਮੈ ਤੇ ਕਾਬੂ ਪਾਉਣਾ ਸੰਭਵ ਨਹੀਂ ਹੁੰਦਾ ਕਿਉਂਕੇ ਪ੍ਰਵਾਰਕ ਅਤੇ ਸਮਾਜਕ ਜੀਵਨ ਵਿਚ ਇਨ੍ਹਾਂ ਬਿਰਤੀਆਂ ਦਾ ਮਨ ਤੇ ਵਿਆਪਕ ਪ੍ਰਭਾਵ ਰਿਹਾ ਹੁੰਦਾ ਹੈ। ਇਸ ਲਈ ਇਨ੍ਹਾਂ ਬਿਰਤੀਆਂ ਤੇ ਕਾਬੂ ਪਾ ਕੇ ਮਨ ਮਾਰਨ ਲਈ ਗੁਰਬਾਣੀ ਮਨੁੱਖ ਨੂੰ ਰੱਬ ਦਾ ਸਿਮਰਣ ਅਤੇ ਅਰਦਾਸ ਕਰਨ ਦਾ ਉਪਦੇਸ਼ ਕਰਦੀ ਹੈ। ਜਿਨ੍ਹਾਂ ਵਿਅਕਤੀਆਂ ਦਾ ਰੱਬ ਵਿਚ ਵਿਸ਼ਵਾਸ ਨਹੀਂ ਹੁੰਦਾ ਉਹ ਸਿਮਰਣ ਅਤੇ ਅਰਦਾਸ ਨਹੀਂ ਕਰਦੇ, ਮਨ ਮਾਰਨ ਵਿਚ ਸਫਲ ਨਹੀਂ ਹੁੰਦੇ ਅਤੇ ਰੱਬ ਦਾ ਗਿਆਨ ਪ੍ਰਾਪਤ ਕਰਨਯੋਗ ਨਹੀਂ ਬਣ ਸਕਦੇ। ਰੱਬ ਦਾ ਗਿਆਨ ਪ੍ਰਾਪਤ ਕਰਨ ਲਈ ਉਸ ਵਿਚ ਵਿਸ਼ਵਾਸ ਹੋਣਾ ਜ਼ਰੂਰੀ ਹੈ। ਅਤੇ, ਗੁਰਬਾਣੀ ਅਨੁਸਾਰ ਜਿਨ੍ਹਾਂ ਨੂੰ ਰੱਬ ਦੀ ਬਖਸ਼ਿਸ਼ ਦੁਆਰਾ ਉਸ ਦੇ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਉਹ ਉਸ ਬਾਰੇ ਦੱਸਣਯੋਗ ਨਹੀਂ ਹੁੰਦੇ ਅਤੇ ਜੋ ਦੱਸਦੇ ਹਨ ਉਹ ਅਨਜਾਣ ਹੁੰਦੇ ਹਨ।

05/08/2020 at 4:34pm 1 Like

**Iqbal Singh Dhillon** In reply to Hakam Singh

ਸ. ਹਾਕਮ ਸਿੰਘ ਜੀ,

ਚੱਲ ਰਹੀ ਵਿਚਾਰ-ਚਰਚਾ ਦਾ ਵਿਸ਼ਾ 'ਰੱਬ ਦੀ ਹੋਂਦ' ਹੈ ਪਰੰਤੂ ਤੁਸੀਂ ਆਪਣੀ ਇਸ ਪੋਸਟ ਵਿਚ ਰੱਬ ਦੇ ਗਿਆਨ ਦੀ ਪਰਾਪਤੀ ਬਾਰੇ ਪ੍ਰਵਚਨ ਕਰ ਰਹੇ ਹੋ। ਤੁਹਾਡੀ ਇਸ ਪੋਸਟ ਵਿਚ ਵਿਸ਼ੇ ਨਾਲ ਸਬੰਧਤ ਕੋਈ ਠੋਸ ਜਾਣਕਾਰੀ ਸ਼ਾਮਲ ਕੀਤੀ ਹੋਈ ਨਹੀਂ ਮਿਲਦੀ।

ਇਕਬਾਲ ਸਿੰਘ ਢਿੱਲੋਂ।

05/09/2020 at 3:58am 1 Like

**Hakam Singh** In reply to Iqbal Singh Dhillon

ਡਾ. ਇਕਬਾਲ ਸਿੰਘ ਢਿਲੋਂ ਜੀ,

ਰੱਬ ਦਿਖਾਈ ਦੇਣ ਵਾਲੀ ਵਸਤੂ ਨਹੀਂ ਹੈ। ਇਸ ਲਈ ਉਸ ਦੀ ਹੋਂਦ ਦਾ ਦਿਖਾਈ ਦੇਣ ਵਾਲਾ ਸਬੂਤ ਪੇਸ਼ ਕਰਨਾ ਸੰਭਵ ਨਹੀਂ। ਉਸ ਦੀ ਹੋਂਦ ਨੂੰ ਉਸ ਦੇ ਗੁਣਾਂ ਦੇ ਵਰਨਨ ਦੁਆਰਾ ਹੀ ਬਿਆਨ ਕੀਤਾ ਜਾ ਸਕਦਾ ਹੈ। ਉਸ ਦੇ ਗੁਣਾਂ ਦਾ ਗਿਆਨ ਹੀ ਉਸ ਦੀ ਹੋਂਦ ਬਾਰੇ ਜਾਨਣ ਦਾ ਵਾਹਦ ਢੰਗ ਹੈ ਅਤੇ ਗੁਰਬਾਣੀ ਇਹੋ ਕੁੱਝ ਕਰਦੀ ਹੈ। ਵਿਸ਼ਵਾਸ ਦਾ ਵਿਸ਼ਾ ਹੋਣ ਕਾਰਨ ਗੁਰਬਾਣੀ ਦੇ ਸ਼ਬਦਾਂ ਦੀ ਵਿਆਖਿਆ ਵਿਚ ਮਤ ਭੇਦ ਹੋਣੇ ਸੁਭਾਵਕ ਹਨ ਪਰ ਉਨ੍ਹਾਂ ਨੂੰ ਆਪਣੀ ਪਸੰਦ ਅਨੁਸਾਰ ਅਰਥਾਉਣਾ ਜਾਂ ਪਦਾਰਥਕ ਵਿਗਿਆਨ ਦਾ ਸਿਧਾਂਤ ਸਿਧ ਕਰਨਾ ਵਾਜਬ ਨਹੀ।

ਜਿਵੇਂ ਮੈਂ ਪਹਿਲੋਂ ਲਿੱਖ ਚੁਕਿਆ ਹਾਂ ਕਿ ਗੁਰਬਾਣੀ ਅਧਿਆਤਮਕ ਗਿਆਨ ਹੈ, ਸੰਸਾਰਕ ਗਿਆਨ ਜਾਂ ਕੋਈ ਅਕਾਦਮਿਕ ਵਿਸ਼ਾ ਨਹੀਂ ਹੈ। ਇਸ ਤੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਾਈ ਜਾਣ ਵਾਲੀ ਗਿਆਨ ਪ੍ਰਣਾਲੀ ਦੇ ਗਣਿਤ, ਤਰਕ, ਅਤੇ ਪਰਸਪਰ ਵਿਰੋਧਤਾ ਜੈਸੇ ਨਿਯਮ ਲਾਗੂ ਹੀ ਨਹੀਂ ਹੁੰਦੇ। ਪੱਛਮੀ ਸਿਖਿਆ ਦੇ ਪ੍ਰਭਾਵ ਅਧੀਨ

ਸਿੱਖ ਅਤੇ ਦੂਜੇ ਵਿਦਵਾਨ ਗੁਰਬਾਣੀ ਨੂੰ ਸਿੱਖ ਇਤਹਾਸ ਨਾਲ ਰਲਗੱਡ ਕਰਕੇ ਇੱਕ ਅਕਾਦਮਿਕ ਡਿਸਿਪਲਨ ਵਜੋਂ ਬਿਆਨ ਕਰਦੇ ਆ ਰਹੇ ਹਨ ਜਿਸ ਨਾਲ ਗੁਰਬਾਣੀ ਦੇ ਅਧਿਆਤਮਕ ਗਿਆਨ ਦਾ ਘਾਲਾ ਮਾਲਾ ਹੁੰਦਾ ਰਿਹਾ ਹੈ। ਚੀਫ ਖਾਲਸਾ ਦੀਵਾਨ ਨੇ ਗੁਰਬਾਣੀ ਨੂੰ ਸਕੂਲ਼ਾਂ ਵਿਚ ਅਕਾਦਮਿਕ ਵਿਸ਼ੇ ਵਾਂਗ ਪੜ੍ਹਾਉਣ ਦਾ ਉਪਰਾਲਾ ਕੀਤਾ ਸੀ। ਪੰਜਾਬ ਯੂਨੀਵਰਸਿਟੀ ਨੇ ਬੁਧੀਮਾਨੀ ਅਤੇ ਗਿਆਨੀ ਦੇ ਇਮਤਿਹਾਨ ਲੈਣੇ ਸ਼ੁਰੂ ਜਰ ਦਿੱਤੇ ਸਨ। ਸਿੱਖ ਮਾਰਗ ਤੇ ਲਿਖਣ ਵਾਲੇ ਬਹੁਤੇ ਵਿਦਵਾਨ ਵੀ ਅਕਾਦਮਿਕ ਪ੍ਰਥਾ ਅਨੁਸਾਰੀ ਲਿਖਦੇ ਹਨ। ਪਰ ਗੁਰਬਾਣੀ ਮੂਲ਼ ਰੂਪ ਵਿਚ ਅਧਿਆਤਮਕ ਗਿਆਨ ਹੈ ਕੋਈ ਅਕਾਦਮਿਕ ਡਿਸਪਲਨ ਨਹੀਂ ਹੈ। ਇਸ ਨੂੰ ਅਕਾਦਮਿਕ ਡਿਸਪਲਨ ਵਿਚ ਬਦਲਨਾ ਵੀ ਸੰਭਵ ਨਹੀਂ ਹੈ। ਗੁਰਬਾਣੀ ਦੇ ਅਧਿਆਤਮਕ ਗਿਆਨ ਦੀ ਡੂੰਘੀ ਵਿਚਾਰ ਉਦਾਸੀ ਅਤੇ ਨਿਰਮਲੇ ਵਿਦਵਾਨ ਕਰਦੇ ਹਨ। ਪਰ ਉਨ੍ਹਾਂ ਦਾ ਦ੍ਰਿਸ਼ਟੀਕੋਣ ਭਾਰਤੀ ਅਧਿਆਤਮਕ ਪਰੰਪਰਾ ਅਤੇ ਹਿੰਦੂ ਮਤ ਦੀ ਵਿਚਾਰਧਾਰਾ ਤੋਂ ਪ੍ਰਭਾਵਤ ਹੋਣ ਕਾਰਨ ਸਿੱਖ ਵਿਦਵਾਨਾਂ ਨੂੰ ਪਸੰਦ ਨਹੀਂ। ਵੈਸੇ ਵੀ ਆਮ ਸਿੱਖਾਂ ਵਿਚ ਉਨ੍ਹਾਂ ਦੇ ਵਿਚਾਰ ਜਾਨਣ ਦੀ ਉਤਸੁਕਤਾ ਨਹੀਂ। ਢਿਲੋਂ ਸਾਹਿਬ ਆਪ ਗੁਰਬਾਣੀ ਨੂੰ ਇੱਕ ਵਿਗਿਆਨਕ ਅਕਾਦਮਿਕ ਵਿਸ਼ਾ ਸਿੱਧ ਕਰਨਾ ਚਾਹੁੰਦੇ ਹੋ ਪਰ ਗੁਰਬਾਣੀ ਨੂੰ ਅਧਿਆਤਮਕ ਗਿਆਨ ਪ੍ਰਵਾਨ ਕਰਨ ਵਾਲੇ ਸਜਨਾਂ ਦੀ ਸੋਚ ਅਤੇ ਰਾਹ ਆਪ ਨਾਲੋਂ ਵਖਰੇ ਹਨ।

ਆਪ ਵਲੋਂ ਮਿਥਿਆ ਬ੍ਰਹਮੰਡੀ ਨਿਯਮ-ਤੰਤਰ ਜਾਂ ਬ੍ਰਹਮੰਡੀ ਊਰਜਾ ਸ਼ਕਤੀ ਵੀ ਅਦ੍ਰਿਸ਼ਟ ਅਸਤਿੱਤਵ ਹੀ ਹੈ ਜਿਸ ਨੂੰ ਸਾਬਤ ਕਰਨਾ ਸੰਭਵ ਨਹੀਂ। ਉਸ ਤੇ ਵੀ ਰੱਬ ਵਾਂਗ ਵਿਸ਼ਵਾਸ ਹੀ ਕਰਨਾ ਪੈਣਾ ਹੈ।

ਗੁਰਬਾਣੀ ਦੇ ਅਧਿਆਤਮਕ ਗਿਆਨ ਅਨੁਸਾਰ ਸਾਰਾ ਬ੍ਰਹਮੰਡ ਅਤੇ ਬ੍ਰਹਮੰਡੀ ਨਿਯਮ-ਤੰਤਰ ਇੱਕ ਭਰਮ ਹੈ। ਗੁਰਬਾਣੀ ਇਸ ਨੂੰ ਰੱਬ ਵਲੋਂ ਸਿਰਜੀ ਦੂਜੀ, ਖੇਡ ਅਤੇ ਭਰਮ ਆਖਦੀ ਹੈ। “ਦੁਯੀ ਕੁਦਰਤਿ ਸਾਜੀਐ ਕਰ ਆਸਣੇ ਡਿਠੋ ਚਾਉ॥” (ਪੰਨਾ ੪੬੩), “ਖਸਮੁ ਛੋਡਿ ਦੂਜੇ ਲਗੇ

ਡੁਬੇ ਸੇ ਵਣਜਾਰਿਆ॥" (ਪੰਨਾ ੪੭੦) ਅਤੇ "ਦੂਜੈ ਭਾਇ ਅਗਿਆਨੁ ਸੁਹੇਲਾ॥" (ਪੰਨਾ ੯੪੮)। ਕੁਦਰਤ ਦਾ ਬ੍ਰਹਮੰਡ ਦੂਜਾ, ਜਮਣ-ਮਰਨ ਦੇ ਗੇੜ ਵਿਚ ਚਾਲੇ ਪਿਆ ਹੈ ਅਤੇ ਨਿਰੰਤਰ ਬਦਲ ਰਿਹਾ ਹੈ। ਜੋ ਅਸਤਿੱਤਵ ਨਿਰੰਤਰ ਬਦਲ ਰਿਹਾ ਹੋਵੇ ਉਸ ਦੀ ਅਸਲੀਅਤ ਜਾਨਣੀ ਸੰਭਵ ਨਹੀਂ ਹੁੰਦੀ ਕਿਉਂਕੇ ਜੋ ਨਜ਼ਰ ਆਉਂਦਾ ਹੈ ਉਹ ਬੀਤ ਚੁਕਿਆ ਹੁੰਦਾ ਹੈ ਅਤੇ ਸੱਚ ਨਹੀਂ ਹੁੰਦਾ ਅਤੇ ਜੋ ਸੱਚ ਹੁੰਦਾ ਹੈ ਉਹ ਨਿਰੰਤਰ ਬਦਲਣ ਕਾਰਨ ਨਜ਼ਰ ਨਹੀਂ ਆਉਂਦਾ। ਉਸ ਦੀ ਅਸਲੀਅਤ ਨੂੰ ਬਦਲਾਓ ਹੀ ਆਖਿਆ ਜਾ ਸਕਦਾ ਹੈ। ਇਸੇ ਲਈ ਗੁਰਬਾਣੀ ਦਿਖਾਈ ਦੇਣ ਵਾਲੇ ਬ੍ਰਹਮੰਡ ਅਤੇ ਪਦਾਰਥਾਂ ਨੂੰ ਭਰਮ ਆਖਦੀ ਹੈ। "ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ॥" (ਪੰਨਾ ੪੩੩) ਅਤੇ "ਮਾਧਵੇ ਕਿਆ ਕਹੀਐ ਭ੍ਰਮੁ ਐਸਾ॥ ਜੈਸਾ ਮਾਨੀਐ ਹੋਇ ਨ ਤੈਸਾ॥" (ਪੰਨਾ ੬੫੭)। ਪਰ ਗੁਰਬਾਣੀ ਬ੍ਰਹਮੰਡ ਨੂੰ ਸੱਚਾ ਵੀ ਮੰਨਦੀ ਹੈ ਕਿਉਂਕੇ ਇਸ ਵਿਚ ਰੱਬ ਦਾ ਵਾਸਾ ਹੈ। ਕਿਉਂਕੇ ਮਨੁੱਖ ਨੂੰ ਰੱਬ ਨਜ਼ਰ ਨਹੀਂ ਆਉਂਦਾ, ਇਸ ਲਈ ਜੋ ਉਸ ਨੂੰ ਨਜ਼ਰ ਆਉਂਦਾ ਹੈ, ਉਹ ਰੱਬ ਨਾ ਹੋਣ ਕਾਰਨ ਨਿਰਾ ਭਰਮ ਹੁੰਦਾ ਹੈ ਅਤੇ ਜੋ ਰੱਬ ਦੀ ਹੋਂਦ ਤੋਂ ਮੁਨਕਿਰ ਹਨ ਉਨ੍ਹਾਂ ਲਈ ਬ੍ਰਹਮੰਡ ਇੱਕ ਚਾਲੇ ਪਿਆ ਅਸਤਿੱਤਵ ਹੀ ਹੈ। ਨੀਊਟਨ ਦਾ ਵਿਆਪਕ ਸਥਿਰ ਗਤੀ ਦਾ ਸਿਧਾਂਤ ਇਸ ਸਚਾਈ ਦੀ ਪ੍ਰੋੜ੍ਹਤਾ ਕਰਦਾ ਹੈ। ਵਿਗਿਆਨੀ ਮੰਨਦੇ ਹਨ ਕਿ ਸਾਰਾ ਬ੍ਰਹਮੰਡ ਚਾਲੇ ਪਿਆ ਹੋਇਆ ਨਿਰੰਤਰ ਬਦਲ ਰਿਹਾ ਹੈ ਅਤੇ ਇਸ ਦੀ ਅਸਲੀਅਤ ਨੂੰ ਜਾਨਣਾ ਸੰਭਵ ਨਹੀਂ।

ਗੁਰਬਾਣੀ ਮਹਾਂਪੁਰਸ਼ਾਂ ਦੇ ਬਚਨਾਂ ਦਾ ਸੱਚ ਬਿਆਨ ਕਰਦੀ ਹੈ। ਵਿਗਿਆਨ ਪਦਾਰਥਕ ਜਗਤ ਵਿਚ ਵਰਤ ਰਹੇ ਕੁਦਰਤ ਦੇ ਨਿਯਮਾਂ ਦੀ ਭਰੋਸੇਯੋਗ ਜਾਣਕਾਰੀ ਹੈ। ਇਨ੍ਹਾਂ ਦੋ ਗਿਆਨ ਪ੍ਰਣਾਲਿਆਂ ਵਿਚ ਮੂਲ਼ ਅੰਤਰ ਹੈ।

ਆਪ ਰੱਬ ਹੀ ਨਹੀਂ ਸਾਰੇ ਅਧਿਆਤਮਕ ਗਿਆਨ ਦੀ ਹੋਂਦ ਤੋਂ ਹੀ

ਮੁਨਕਿਰ ਹੋ। ਜੋ ਗੁਰਬਾਣੀ ਨੂੰ ਅਧਿਆਤਮਕ ਗਿਆਨ ਮੰਨਦੇ ਹਨ ਉਹ ਆਪ ਨਾਲ ਸਹਿਮਤ ਨਹੀਂ ਹੋ ਸਕਦੇ। ਇਸ ਲਈ ਮੈਂ ਸਮਝਦਾ ਹਾਂ ਕਿ ਇਸ ਬਹਿਸ ਦਾ ਕਿਸੇ ਨਤੀਜੇ ਤੇ ਪਹੁੰਚਣਾ ਮੁਸ਼ਕਿਲ ਹੈ।

ਹਾਕਮ ਸਿੰਘ

05/10/2020 at 12:51pm

**Iqbal Singh Dhillon**

ਸ. ਜਰਨੈਲ ਸਿੰਘ ਜੀ ਦੇ 10 ਮਈ ਦੇ reply ਦੇ ਸਬੰਧ ਵਿਚ ਪ੍ਰਤੀਕਰਮ

ਸ. ਜਰਨੈਲ ਸਿੰਘ ਜੀ,

ਮੈਂ ਤੁਹਾਥੋਂ ਸਹਿਯੋਗ ਮੰਗਿਆ ਸੀ ਕਿ ਤੁਸੀਂ ਅਗਲੀ ਵਿਚਾਰ-ਚਰਚਾ ਵਿਚ ਅਣਸੁਖਾਵੀਂ ਸ਼ਬਦਾਵਲੀ/ਟਿੱਪਣੀ ਵਰਤਣ ਤੋਂ ਗੁਰੇਜ਼ ਕਰੋਗੇ ਪਰੰਤੂ ਹਾਲੇ ਤੁਸੀਂ ਸਹਿਯੋਗ ਨਹੀਂ ਦੇ ਰਹੇ। ਜੇਕਰ ਤੁਸੀਂ ਆਪਣੀ 10 ਮਈ ਵਾਲੀ ਇਸ ਪੋਸਟ ਵਿੱਚੋਂ ਇਸ ਬਾਰੇ ਉਦਾਹਰਨਾਂ ਮੰਗੋਗੇ ਤਾਂ ਮੈਂ ਬਾਦ ਵਿਚ ਦੇ ਦੇਵਾਂਗਾ ਪਰੰਤੂ ਹਾਲ ਦੀ ਘੜੀ ਮੈਂ ਇਸ ਵਿਸਥਾਰ ਵਿਚ ਪੈ ਕੇ ਸਮਾਂ ਲਗਾਉਣਾ ਨਹੀਂ ਚਾਹੁੰਦਾ ਅਤੇ ਤੁਹਾਡੇ reply ਵਿੱਚੋਂ ਸਿੱਧੇ ਵਿਸ਼ੇ ਨਾਲ ਸਬੰਧਤ ਹਿੱਸੇ ਦੀ ਗੱਲ ਕਰਦਾ ਹਾਂ। ਇਸ ਹਿੱਸੇ ਦੇ ਅੱਗੇ ਦੋ ਭਾਗ ਹਨ ; (ੳ) ਮੇਰੇ ਸਵਾਲਾਂ ਦੇ ਤੁਹਾਡੇ ਵੱਲੋਂ ਦਿੱਤੇ ਹੋਏ ਉੱਤਰ ਅਤੇ (ਅ) ਤੁਹਾਡੇ ਸਵਾਲਾਂ ਦੇ ਮੇਰੇ ਵੱਲੋਂ ਦਿੱਤੇ ਗਏ ਜਵਾਬਾਂ ਬਾਰੇ ਤੁਹਾਡਾ ਪ੍ਰਤੀਕਰਮ।

ਇਸ ਤੋਂ ਪਹਿਲਾਂ ਕਿ ਮੈਂ ਇਹਨਾਂ ਦੋ ਹਿੱਸਿਆਂ ਸਬੰਧੀ ਆਪਣਾ ਪ੍ਰਤੀਕਰਮ ਦੇਣ ਵੱਲ ਵਧਾਂ ਮੈਂ ਇਹ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਮੇਰੇ ਵਿਚਾਰ ਵਿਚ 'ਗੁਰਮਤਿ ਦਾ ਰੱਬ' ਵਾਲੇ ਸੰਕਲਪ ਦੀ ਕੋਈ ਹੋਂਦ ਨਹੀਂ ਕਿਉਂਕਿ ਨਾਂ ਤਾਂ ਤਿੰਨ ਸ਼ਬਦਾਂ ਦੀ ਇਹ ਟੂਕ (ਗੁਰਮਤਿ+ਦਾ+ਰੱਬ) ਗੁਰੂ ਸਾਹਿਬਾਨ ਦੀ ਦਿੱਤੀ ਹੋਈ ਹੈ ਅਤੇ ਨਾਂ ਹੀ ਇਹ ਹੂਬਹੂ ਰੂਪ ਵਿਚ ਗੁਰਬਾਣੀ ਵਿਚ ਕਿਧਰੇ ਵਰਤੀ ਹੋਈ ਮਿਲਦੀ ਹੈ। ਹਰ ਨੁਕਤੇ ਤੇ ਗੁਰਬਾਣੀ ਦੀ ਗੱਲ ਕਰਨ ਵਾਲੇ ਸ਼ਰਧਾਲੂ ਇਹ ਨਹੀਂ ਸੋਚਦੇ ਕਿ ਜੋ ਕੁਝ ਗੁਰਬਾਣੀ ਵਿਚ ਦਰਜ ਨਹੀਂ ਉਹ ਅਪਹੁਦਰੇਪਣ ਤਹਿਤ ਗੁਰਬਾਣੀ ਉੱਤੇ ਕਿਉਂ ਠੋਸਿਆ ਜਾ ਰਿਹਾ ਹੈ। ਨਿਸਚੇ ਹੀ

ਇਹ ਸੰਕਲਪ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਦੇ ਅਨੁਕੂਲ ਨਹੀਂ। ਏਹੋ ਗੱਲ 'ਜਪੁ ਬਾਣੀ' ਦੀਆਂ ਪਹਿਲੀਆਂ ਸਤਰਾਂ ਨੂੰ 'ਮੂਲ ਮੰਤਰ', 'ਬੀਜ ਮੰਤਰ' ਜਾਂ 'ਮੰਗਲਾਚਰਨ' ਕਹਿਣ ਉੱਤੇ ਵੀ ਢੁਕਦੀ ਹੈ ਕਿਉਂਕਿ ਗੁਰਬਾਣੀ ਵਿਚ ਕਿਧਰੇ ਵੀ ਸਬੰਧਤ ਸੱਤਰਾਂ ਲਈ ਅਜਿਹੇ ਸ਼ਬਦਾਂ ਦੀ ਵਰਤੋਂ ਕਰਨ ਦੀ ਹਦਾਇਤ ਦਰਜ ਕੀਤੀ ਹੋਈ ਨਹੀਂ ਮਿਲਦੀ।

ਭਾਗ (ੳ):

1. ਤੁਹਾਡਾ ਉੱਤਰ ਮੇਰੀ ਮੰਗ ਅਨੁਸਾਰ ਨਹੀਂ ਕਿਉਂਕਿ ਮੈਂ ਬੇਨਤੀ ਕੀਤੀ ਸੀ ਕਿ ਤੁਸੀਂ ਵਿਸ਼ੇਸ਼ਤਾਵਾਂ ਨੂੰ ਨੰਬਰਵਾਰ ਸੂਚੀ-ਬੱਧ ਕਰਕੇ ਭਾਵ Serial-wise ਦਿਓ ਜਿਵੇਂ ਮੈਂ ਆਪਣੇ reply ਵਿਚ ਬ੍ਰਹਮੀ ਨਿਯਮ-ਤੰਤਰ ਬਾਰੇ ਜਾਣਕਾਰੀ ਦੇਣ ਵੇਲੇ ਕੀਤਾ ਹੈ। ਮੇਰਾ 'ਸਿਲਸਲੇਵਾਰ' ਕਹਿਣ ਤੋਂ ਭਾਵ ਇਹ ਸੀ ਅਤੇ ਮੈਂ ਇਹ ਗੱਲ ਚੰਗੀ ਤਰ੍ਹਾਂ ਸਪਸ਼ਟ ਵੀ ਕਰ ਦਿੱਤੀ ਸੀ। ਖੈਰ, ਜਿਸ ਨੂੰ ਤੁਸੀਂ 'ਮੂਲ-ਮੰਤਰ' ਕਹਿੰਦੇ ਹੋ ਉਸ ਵਿਚ ਜੋ ਦਰਜ ਹੈ ਉਹ ਗੁਰੂ ਨਾਨਕ ਜੀ ਵੱਲੋਂ ਦਰਸਾਈਆਂ ਹੋਈਆਂ ਬ੍ਰਹਮੰਡੀ ਨਿਯਮ-ਤੰਤਰ ਦੀਆਂ ਵਿਸ਼ੇਸ਼ਤਾਵਾਂ ਹਨ ਕਿਸੇ 'ਰੱਬ' ਦੀਆਂ ਨਹੀਂ। ਇਹ ਵਿਸ਼ੇਸ਼ਤਾਵਾਂ ਦੱਸਣ ਵੇਲੇ ਗੁਰੂ ਨਾਨਕ ਜੀ ਨੇ ਸਬੰਧਤ ਹੋਂਦ ਨੂੰ 'ਰੱਬ' ਨਹੀਂ ਕਿਹਾ ਸਗੋਂ 'ਸਤਿ' ਭਾਵ 'ਸੱਚ' ਦਾ ਨਾਮ ਦਿੱਤਾ ਹੈ। ਨਾ ਕੇਵਲ ਇਸ ਸਤਰ ਵਿਚ ਸਗੋਂ ਪੂਰੀ 'ਜਪੁ-ਬਾਣੀ' ਰਚਨਾ ਵਿਚ ਗੁਰੂ ਜੀ ਨੇ 'ਰੱਬ' ਸ਼ਬਦ ਦੀ ਵਰਤੋਂ ਕਰਨ ਤੋਂ ਗੁਰੇਜ਼ ਕੀਤਾ ਹੈ। ਗੁਰੂ ਜੀ ਨੇ ਅਜਿਹਾ ਸੁਚੇਤ ਤੌਰ ਤੇ ਭਾਵ ਸੋਚ-ਸਮਝ ਕੇ ਕੀਤਾ ਹੈ ਕਿਉਂਕਿ ਉਹ ਬ੍ਰਹਮੰਡੀ ਨਿਯਮ-ਤੰਤਰ ਨੂੰ ਤਾਂ ਮਾਨਤਾ ਦੇਂਦੇ ਹਨ ਪਰੰਤੂ 'ਰੱਬ' ਨੂੰ ਨਹੀਂ ਜੋ ਕਿ ਪਰੰਪਰਾਗਤ ਤੌਰ ਤੇ ਜਾਂ ਤਾਂ ਦੈਵੀ ਸ਼ਖਸੀ ਰੂਪ ਹੈ ਜਾਂ 'ਪਰਮਾਤਮਾ' ਅਤੇ ਉਹਨਾਂ ਦੀ ਵਿਚਾਰਧਾਰਾ ਇਹਨਾਂ ਦੋਵ੍ਹਾਂ ਰੂਪਾਂ ਨੂੰ ਮਾਨਤਾ ਨਹੀਂ ਦੇਂਦੀ। ਜੇਕਰ ਤੁਸੀਂ ਇਹਨਾਂ ਵਿਸ਼ੇਸ਼ਤਾਵਾਂ ਵਾਲੀ ਹੋਂਦ ਨੂੰ 'ਰੱਬ' ਕਹਿੰਦੇ ਹੋ ਤਾਂ ਇਹ ਤੁਹਾਡਾ ਆਪਣਾ ਫੈਸਲਾ ਹੈ ਅਤੇ ਮੈਂ ਇਸ ਨੂੰ ਗੁਰੂ ਨਾਨਕ ਜੀ ਦੀ ਵਿਚਾਰਧਾਰਾ ਦੇ ਉਲਟ ਜਾਣ ਦੇ ਤੁੱਲ ਸਮਝਦਾ ਹਾਂ।

2. ਮੇਰੇ ਵੱਲੋਂ ਬੇਨਤੀ ਕਰਨ ਦੇ ਬਾਵਜੂਦ ਇਹ ਜਾਣਕਾਰੀ ਵੀ ਨੰਬਰਵਾਰ ਸੂਚੀ-ਬੱਧ ਕਰਕੇ ਪੇਸ਼ ਨਹੀਂ ਕੀਤੀ ਗਈ। ਖੈਰ, ਤੁਹਾਡਾ ਇਹ ਕਹਿਣਾ ਸਹੀ ਨਹੀਂ ਕਿ ਪਰੰਪਰਾਗਤ ਰੱਬ ਬਾਰੇ ਸਾਰੇ ਜਾਣਦੇ ਹਨ। ਇਸ ਬਾਰੇ ਬਹੁਤ ਥੋੜ੍ਹੇ ਲੋਕ ਸੁਚੇਤ ਹਨ (ਅਤੇ 'ਸਿਖ

ਭਾਈਚਾਰੇ' ਵਿੱਚੋਂ ਸ਼ਇਦ ਹੀ ਕੋਈ ਇਹ ਜਾਣਕਾਰੀ ਰੱਖਦਾ ਹੋਵੇ) ਕਿ ਪਰੰਪਰਾਗਤ 'ਰੱਬ' ਦੇ ਦੋ ਰੂਪ ਮੰਨੇਂ ਜਾਂਦੇ ਹਨ ਇਕ ਸ਼ਖਸੀ ਹੋਂਦ ਵਜੋਂ ਅਤੇ ਦੂਜਾ 'ਪਰਮਾਤਮਾ' ਵਜੋਂ। ਮੇਰੀ ਬੇਨਤੀ ਦੇ ਬਾਵਜੂਦ ਤੁਹਾਡੇ ਵੱਲੋਂ ਇਹਨਾਂ ਦੋਵ੍ਹਾਂ ਰੂਪਾਂ ਨੂੰ ਸਾਹਮਣੇ ਰੱਖਦੇ ਹੋਏ ਆਪਣੇ ਵੱਲੋਂ ਮੰਨੇਂ ਜਾਂਦੇ 'ਗੁਰਮਤਿ ਦੇ ਰੱਬ' ਦਾ ਉਹਨਾਂ ਨਾਲੋਂ ਵੱਖ-ਵੱਖ ਕਰਕੇ ਅੰਤਰ ਨਹੀਂ ਦਰਸਾਇਆ ਗਿਆ। ਕੀ ਮੈਂ ਤੁਹਾਡੇ ਉੱਤਰ ਤੋਂ ਇਹ ਮੰਨ ਲਵਾਂ ਕਿ ਤੁਸੀਂ ਇਸ ਅੰਤਰ ਨੂੰ ਦਰਸਾਉਣ ਦੇ ਅਸਮਰੱਥ ਹੋ ? ( ਮੇਰਾ ਇਹ ਅੰਤਰ ਦਰਸਾਉਣ ਵਾਲਾ 'ਰੱਬ ਦੀ ਹੋਂਦ' ਦੇ ਵਿਸ਼ੇ ਸਬੰਧੀ ਮੁੱਢਲਾ ਅਤੇ ਅਤੀ ਮਹੱਤਵਪੂਰਨ ਸਵਾਲ ਹੈ ਅਤੇ ਇਸ ਸਵਾਲ ਦਾ ਉੱਤਰ ਦੇਣ ਤੋਂ ਟਾਲਾ ਕਰਨਾ ਜਾਂ ਇਸ ਦਾ ਉੱਤਰ ਦੇਣ ਤੋਂ ਅਸਮਰੱਥ ਹੋਣਾ ਭਾਰੀ ਭੰਬਲਭੂਸੇ ਦੇ ਸ਼ਿਕਾਰ ਹੋਣ ਅਤੇ ਆਤਮ-ਵਿਸ਼ਵਾਸ ਦੀ ਕਮੀ ਹੋਣ ਦੀ ਸਥਿਤੀ ਦਾ ਲਖਾਇਕ ਹੈ।)

3. ਕਿਸੇ ਹੋਂਦ-ਵਿਸ਼ੇਸ਼ ਦੇ ਅਸਲੀ ('ਸੱਚ') ਹੋਣ ਦਾ ਸਬੂਤ ਇਹ ਹੀ ਹੈ ਕਿ ਇਹ ਵਿਗਿਆਨਕ ਢੰਗ ਰਾਹੀਂ ਭਾਵ ਅਨੁਭਵ-ਸਿਧ ਤਰੀਕੇ ਨਾਲ ਅਤੇ ਤਾਰਕਿਕ ਨਿਰੀਖਣ ਰਾਹੀਂ ਪਰਤੱਖ ਤੌਰ ਤੇ ਸਾਬਿਤ ਹੋ ਸਕੇ ਨਹੀਂ ਤਾਂ ਇਹ ਹੋਂਦ ਕਾਲਪਨਿਕ ਹੀ ਅਖਵਾਵੇਗੀ। ਤੁਸੀਂ ਇਹ ਸਵੀਕਾਰ ਕਰ ਰਹੇ ਹੋ ਕਿ ਤੁਹਾਡੇ ਵੱਲੋਂ ਮੰਨੇਂ ਜਾਂਦੇ 'ਗੁਰਮਤਿ ਦੇ ਰੱਬ' ਦੀ ਹੋਂਦ ਇਸ ਤਰ੍ਹਾਂ ਵਿਗਿਆਨਕ ਢੰਗ ਨਾਲ ਸਾਬਿਤ ਕੀਤੀ ਜਾਣੀ ਸੰਭਵ ਨਹੀਂ। ਪਰੰਤੂ ਗੁਰੂ ਨਾਨਕ ਜੀ ਤੁਹਾਡੇ ਇਸ ਵਿਚਾਰ ਨੂੰ ਮਾਨਤਾ ਨਹੀਂ ਦੇਂਦੇ ਅਤੇ ਉਹ ਬ੍ਰਹਮੰਡੀ ਨਿਯਮ-ਤੰਤਰ ਦੀ ਹੋਂਦ ਦੇ ਅਨੁਭਵ-ਸਿਧ ਤਰੀਕੇ ਨਾਲ ਅਤੇ ਤਾਰਕਿਕ ਨਿਰੀਖਣ ਰਾਹੀਂ ਜਗਹ-ਜਗਹ ਸਬੂਤ ਪੇਸ਼ ਕਰਦੇ ਹਨ। ਠੀਕ ਹੈ, ਗੁਰੂ ਜੀ ਦੇ ਸਮੇਂ ਪ੍ਰਯੋਗਸ਼ਾਲਾਵਾਂ ਅਤੇ ਹੋਰ ਵਿਗਿਆਨਕ ਤਕਨੀਕਾਂ ਉਪਲਭਦ ਨਹੀਂ ਸਨ ਪਰੰਤੂ ਉਹਨਾਂ ਨੇ ਭਾਸ਼ਾ ਦੀ ਮੁਹਾਰਤ ਰਾਹੀਂ ਅਤੇ ਇਸ ਦੇ ਸਦਉਪਯੋਗ ਰਾਹੀਂ ਇਸ ਪਾਸੇ ਲਾਜਵਾਬ ਯੋਗਦਾਨ ਪਾਇਆ ਹੈ। ਗੁਰਬਾਣੀ ਨੂੰ ਠੀਕ ਤਰ੍ਹਾਂ ਨਾਲ ਸਮਝਣਾ ਹੋਵੇ ਤਾਂ ਇਸ ਦਾ ਅਧਿਐਨ ਇਸ ਦ੍ਰਿਸ਼ਟੀਕੋਣ ਤੋਂ ਕੀਤੇ ਜਾਣ ਦੀ ਲੋੜ ਹੈ। ਤੁਸੀਂ ਕਹਿੰਦੇ ਹੋ ਕਿ ਕਿਸੇ ਵਿਗਿਆਨੀ ਨੇ ਕਦੀ ਅਜਿਹਾ 'ਦਾਵਾ' ਨਹੀਂ ਕੀਤਾ। ਜਦੋਂ ਉਹ ਜਾਣਦੇ ਹੀ ਹਨ ਕਿ 'ਰੱਬ' ਦੀ ਹੋਂਦ ਕਾਲਪਨਿਕ ਹੈ ਕਿਉਂਕਿ ਇਸ ਨੂੰ ਵਿਗਿਆਨਕ ਢੰਗ ਨਾਲ ਸਾਬਤ ਨਹੀਂ ਕੀਤਾ ਜਾ ਸਕਦਾ ਤਾਂ ਉਹ ਅਜਿਹਾ 'ਦਾਵਾ' ਕਰਨਗੇ ਹੀ ਕਿਉਂ ? ਉਂਜ ਤਰਕਸ਼ੀਲ ਲੋਕ 'ਰੱਬ' ਦੀ ਹੋਂਦ ਦਾ ਵਿਗਿਆਨ

ਅਧਾਰਿਤ ਸਬੂਤ ਮੰਗਦੇ ਹਨ ਅਤੇ ਉਹਨਾਂ ਦੀਆਂ ਕਈ ਸੰਸਥਾਵਾਂ ਨੇ ਅਜਿਹਾ ਸਬੂਤ ਪੇਸ਼ ਕਰਨ ਵਾਲੇ ਲਈ ਕਰੋੜਾਂ ਦੇ ਇਨਾਮ ਰੱਖੇ ਹੋਏ ਹਨ ਪਰੰਤੂ ਅਜ ਤਕ ਕੋਈ ਅਜਿਹਾ ਇਨਾਮ ਪਰਾਪਤ ਕਰਨ ਲਈ ਅੱਗੇ ਨਹੀਂ ਆਇਆ। ਅਕਲ ਹੀ ਤਾਂ ਕਹਿੰਦੀ ਹੈ ਕਿ ਕਿਸੇ ਹੋਂਦ/ਸਥਿਤੀ ਨੂੰ ਕੇਵਲ ਤਰਕ ਅਤੇ ਪਰਖ ਦੇ ਅਧਾਰ ਤੇ ਮਾਨਤਾ ਦਿੱਤੀ ਜਾਵੇ ਨਾ ਕਿ ਅੰਧ-ਵਿਸ਼ਵਾਸ ਦੇ ਅਧਾਰ ਤੇ ਅਤੇ ਗੁਰਬਾਣੀ ਇਸ ਵਿਚਾਰ ਦੀ ਪੁਰਜ਼ੋਰ ਪਰੋੜਤਾ ਕਰਦੀ ਹੈ।

ਭਾਗ (ਅ):

1. ਤੁਹਾਡਾ ਇਹ ਕਹਿਣਾ ਸਹੀ ਨਹੀਂ ਕਿ ਮੈਂ ਬ੍ਰਹਮੰਡੀ ਨਿਯਮ-ਤੰਤਰ ਨੂੰ “ਗੁਰਬਾਣੀ ਦਾ ਹੁਕਮ” ਕਹਿੰਦਾ ਹਾਂ ਕਿਉਂਕਿ ਮੈਂ ਕਿਧਰੇ ਵੀ ਅਜਿਹਾ ਨਹੀਂ ਕਿਹਾ। ਜੋ ਮੈਂ ਕਿਹਾ ਹੈ ਉਹ ਇਹ ਹੈ ਕਿ ਗੁਰਬਾਣੀ ‘ਜਪੁ ਬਾਣੀ’ ਰਚਨਾ ਵਿਚ ਹੀ ਬ੍ਰਹਮੰਡੀ ਨਿਯਮ-ਤੰਤਰ ਨੂੰ ‘ਹੁਕਮ’ ਦਾ ਨਾਮ ਦੇਂਦੀ ਹੈ। ਏਥੇ ‘ਹੁਕਮ’ ਦਾ ਅਰਥ ‘ਬ੍ਰਹਮੰਡੀ ਨਿਯਮ-ਤੰਤਰ’ ਹੈ ਜੋ ਸਮਾਨਾਰਥਕ ਸ਼ਬਦ-ਜੁੱਟਾਂ ‘cosmic order’ ਅਤੇ ‘cosmic system’ ਦਾ ਅਨੁਵਾਦਿਤ ਰੂਪ ਹੈ (ਏਥੇ ‘ਹੁਕਮ’/’order’ ਦਾ ਅਰਥ ‘ਆਦੇਸ਼’ ਜਾਂ ‘ਫੁਰਮਾਨ’ ਨਹੀਂ)। ਬ੍ਰਹਮੰਡ ਦੇ ਹਰ ਘੱਟਕ (component) ਦੇ ਪਿੱਛੇ ਇਕ ਨਿਯਮ-ਤੰਤਰ ਹੀ ਕੰਮ ਕਰਦਾ ਹੈ ਜੋ ਬ੍ਰਹਮੰਡ ਦੇ ਸਮੁੱਚ ਦਾ ਹਿੱਸਾ ਹੈ। ਇਸ ਕਰਕੇ ਬ੍ਰਹਮੰਡੀ ਬਣਤਰ ਅਤੇ ਇਸ ਪਿਛਲੇ ਨਿਯਮਾਂ ਦੇ ਤਾਣੇ-ਬਾਣੇ ਨੂੰ ਵੱਖ ਕਰਕੇ ਵੇਖਿਆ ਹੀ ਨਹੀਂ ਜਾ ਸਕਦਾ। ਗੁਰਬਾਣੀ ਵੀ ਇਸ ਸਮੁੱਚ ਨੂੰ ਹੀ ਮਾਨਤਾ ਦੇਂਦੀ ਹੈ ਅਤੇ ਬ੍ਰਹਮੰਡ ਤੋਂ ਲੈ ਕੇ ਸਾਰੇ ਵੱਡੇ-ਛੋਟੇ ਘੱਟਕਾਂ ਨੂੰ ਸਹਿਜੀਵਤਾ (symbiosis) ਦੇ ਸਬੰਧ ਨਾਲ ਜੁੜੇ ਹੋਏ ਕਿਆਸਦੀ ਹੈ। ਵਿਗਿਆਨ ਦੀਆਂ ਵੱਖ-ਵੱਖ ਸ਼ਾਖਾਵਾਂ ਸਮੁੱਚੇ ਬ੍ਰਹਮੰਡ ਤੋਂ ਲੈ ਕੇ ਅਣੂ/cell ਤਕ ਦੇ ਨਿਯਮਾਂ ਨੂੰ ਪਰੀਭਾਸ਼ਿਤ ਕਰਨ ਵਿਚ ਲੱਗੀਆਂ ਹੋਇਆਂ ਹਨ। ਵਿਗਿਆਨ ਦੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਪੁਸਤਕਾਂ ਅਤੇ ਪ੍ਰਯੋਗਸ਼ਾਲਾਵਾਂ ਵਿੱਚੋਂ ਤੁਹਾਨੂੰ ਇਹਨਾਂ ਨਿਯਮਾਂ ਬਾਰੇ ਭਰਪੂਰ ਜਾਣਕਾਰੀ ਮਿਲ ਸਕਦੀ ਹੈ। ਤੁਹਾਡੇ ਸ਼ਰੀਰ ਨਾਲ ਸਬੰਧਤ ਹੀ ਇਤਨੇ ਨਿਯਮ ਹਨ ਕਿ ਤੁਹਾਡੇ ਤੋਂ ਏਹਨਾਂ ਦੀ ਗਿਣਤੀ ਨਹੀਂ ਕੀਤੀ ਜਾਣੀ।

2. ਮੇਰੇ ਉੱਤਰ ਵਿਚ ਕੋਈ ਵਿਰੋਧਾਭਾਸ ਨਹੀਂ। ਸਾਰੇ ਬ੍ਰਹਮੰਡ ਨੂੰ ਨਿਯਮ-ਤੰਤਰੀ ਇਕਾਈ ਮੰਨਦੇ ਹੋਏ ਇਕ ਗਲੈਕਸੀ ਇਸ ਦਾ ਇਕ ਉੱਪ ਨਿਯਮ-ਤੰਤਰ ਹੈ ਅਤੇ ਹਰੇਕ

ਗਲੈਕਸੀ ਦਾ ਬ੍ਰਹਮੰਡ ਅਤੇ ਦੂਸਰੀਆਂ ਗਲੈਕਸੀਆਂ ਨਾਲੋਂ ਆਪਣਾ ਵੱਖਰਾ ਨਿਯਮ-ਤੰਤਰ ਹੈ। ਏਸੇ ਤਰ੍ਹਾਂ ਇਕ ਸੂਰਜ-ਮੰਡਲ (solar system) ਗਲੈਕਸੀ ਦਾ ਉਪ ਨਿਯਮ-ਤੰਤਰ ਹੈ ਅਤੇ ਹਰ ਸੂਰਜ-ਮੰਡਲ ਦਾ ਨਿਯਮ-ਤੰਤਰ ਗਲੈਕਸੀ ਦੇ ਨਿਯਮ-ਤੰਤਰ ਨਾਲੋਂ ਅਤੇ ਕਿਸੇ ਹੋਰ ਸੂਰਜ-ਮੰਡਲ ਦੇ ਨਿਯਮ-ਤੰਤਰ ਨਾਲੋਂ ਭਿੰਨ ਹੈ। ਏਸੇ ਤਰ੍ਹਾਂ ਚੱਲਦੇ-ਚੱਲਦੇ ਆਪਣੇ ਸ਼ਰੀਰ ਉੱਤੇ ਆ ਜਾਵੋ। ਤੁਹਾਡਾ ਸ਼ਰੀਰ ਇਕ ਉੱਪ ਨਿਯਮ-ਤੰਤਰ ਹੈ ਅਤੇ ਇਸ ਦਾ ਨਿਯਮ-ਤੰਤਰ ਕਿਸੇ ਹੋਰ ਸਰੀਰ ਦੇ ਨਿਯਮ ਤੰਤਰ ਤੋਂ ਭਿੰਨ ਹੈ ਏਥੋਂ ਤਕ ਕਿ ਤੁਹਾਡੇ ਸ਼ਰੀਰ ਦੇ ਵੀ ਕਈ ਉਪ ਨਿਯਮ-ਤੰਤਰ ਹਨ ਜਿਵੇਂ ਅੱਖ, ਕੰਨ, ਦਿਲ, ਫੇਫੜੇ , ਹੱਡੀਆਂ, ਚਮੜੀ, ਖ਼ੂਨ-ਸੰਚਾਰ ਆਦਿਕ ਜਿਹਨਾਂ ਦੇ ਆਪਣੇ-ਆਪਣੇ ਨਿਯਮ ਤੰਤਰ ਹਨ। ਇਸ ਤੋਂ ਅੱਗੇ ਹਰ ਅਣੂ ਜਾਂ cell ਦੇ ਵੀ ਆਪਣੇ-ਆਪਣੇ ਨਿਯਮ-ਤੰਤਰ ਹਨ। ਜਿਹੜੇ ਨਿਯਮਾਂ ਦੀਆਂ ਉਦਾਹਰਨਾਂ ਤੁਸੀਂ ਦੇ ਰਹੇ ਹੋ (ਰੋਸ਼ਨੀ, ਗੁਰੂਤਾ ਆਦਿਕ) ਇਹ ਵੱਖ-ਵੱਖ ਥਾਵਾਂ ਤੇ ਵੱਖ-ਵੱਖ ਰੂਪ ਵਿਚ ਕਾਰਜਸ਼ੀਲ ਹੁੰਦੀਆਂ ਹਨ। ਤੁਸੀਂ ਚੰਦ ਤੇ ਪਾਣੀ ਦੀ ਗੱਲ ਕਰਦੇ ਹੋ ਪਰੰਤੂ ਪਾਣੀ ਨਾਂ ਚੰਦ ਉੱਤੇ ਹੈ ਨਾ ਸੂਰਜ ਉੱਤੇ ਅਤੇ ਨਾ ਧਰਤੀ ਨੂੰ ਛੱਡ ਕੇ ਇਸ ਸੂਰਜ-ਮੰਡਲ ਦੇ ਕਿਸੇ ਹੋਰ ਗ੍ਰਹਿ (planet) ਉੱਤੇ। ਸੂਰਜ ਦੀ ਆਪਣੀ ਰੋਸ਼ਨੀ ਹੈ ਅਤੇ ਧਰਤੀ ਸਮੇਤ ਕਿਸੇ ਹੋਰ ਗ੍ਰਹਿ ਦੀ ਆਪਣੀ ਰੋਸ਼ਨੀ ਨਹੀਂ। ਮਨੁੱਖ ਨੂੰ ਹੀ ਲੈ ਲਵੋ। ਕੁਝ ਨਿਯਮ ਮਨੁੱਖਾਂ ਵਿਚ ਸਾਂਝੇ (common) ਹਨ ਪਰੰਤੂ ਕੋਈ ਮਨੁੱਖ ਇਕ ਦੂਜੇ ਨਾਲ ਨਹੀਂ ਰਲਦਾ। ਇਹ ਮਨੁੱਖਾਂ ਦੇ ਆਪਣੇ-ਆਪਣੇ ਵੱਖਰੇ ਉਪ ਨਿਯਮ-ਤੰਤਰ ਕਰਕੇ ਹੈ। ਹਰ ਮਨੁੱਖ ਦੇ finger-prints ਹਨ ਪਰੰਤੂ ਕਿਸੇ ਵੀ ਮਨੁੱਖ ਦੇ finger-prints ਕਿਸੇ ਹੋਰ ਨਾਲ ਨਹੀਂ ਮਿਲਦੇ। ਹੋਰ ਬਹੁਤ ਉਦਾਹਰਨਾਂ ਹਨ ਪਰੰਤੂ ਸਾਰੀਆਂ ਏਥੇ ਨਹੀਂ ਦਿੱਤਿਆਂ ਜਾ ਸਕਦੀਆਂ। ਇਹ ਹੈ ਬ੍ਰਹਮੰਡੀ ਨਿਯਮ-ਤੰਤਰ ਅਤੇ ਇਸ ਵਿਚਲੇ ਉਪ ਨਿਯਮ-ਤੰਤਰਾਂ ਦਾ ਸੱਚ। ਗੁਰਬਾਣੀ ਦਾ ਕਥਨ 'ਜੋ ਬ੍ਰਹਮੰਡੇ ਸੋਈ ਪਿੰਡੇ......" ਵੀ ਏਸੇ ਸੱਚ ਨੂੰ ਦਰਸਾਉਂਦਾ ਹੈ। ਗ੍ਰੈਂਡ-ਡਿਜ਼ਾਈਨ (Grand Design) ਦਾ ਵੀ ਭਾਵ ਏਹੋ ਹੀ ਹੈ (Grand ਦਾ ਅਰਥ 'ਵੱਡਾ'/'ਪ੍ਰਮੁੱਖ'/'ਸਮੁੱਚਾ' ਹੁੰਦਾ ਹੈ 'ਅਦਭੁਤ' ਨਹੀਂ) ਕਿ ਬ੍ਰਹਮੰਡੀ ਨਿਯਮ-ਤੰਤਰ ਅਸੀਮ ਪਾਸਾਰਾਂ ਵਾਲਾ ਸਮੁੱਚ ਹੈ ਜਿਸ ਵਿਚ ਵੱਖ-ਵੱਖ ਪੜਾਵਾਂ ਉੱਤੇ ਅਣਗਿਣਤ ਉਪ ਨਿਯਮ-ਤੰਤਰ ਸ਼ਾਮਲ ਹਨ। ਏਸੇ ਕਰਕੇ ਗੁਰਬਾਣੀ ਵਿਚ ਬ੍ਰਹਮੰਡੀ ਨਿਯਮ-ਤੰਤਰ ਲਈ 'ਵੱਡਾ' ਅਤੇ 'ਗੁਰ/'ਗੁਰੂ' ਸ਼ਬਦ ਆਮ ਹੀ ਵਰਤੇ ਹੋਏ ਮਿਲਦੇ ਹਨ

(ਗੁਰਬਾਣੀ ਵਿਚ 'ਗੁਰ/'ਗੁਰੂ' ਸ਼ਬਦ 'ਅਧਿਆਪਕ'/'ਸਿਖਿਅਕ' ਦੇ ਅਰਥਾਂ ਵਿਚ ਬਹੁਤ ਘਟ ਥਾਵਾਂ ਉੱਤੇ ਵਰਤੇ ਗਏ ਹਨ, ਬਹੁਤਾ ਕਰਕੇ ਇਹ 'ਵੱਡਾ' ਭਾਵ ਬ੍ਰਹਮੰਡੀ ਨਿਯਮ-ਤੰਤਰ ਲਈ ਹੀ ਵਰਤੇ ਗਏ ਹੋਏ ਹਨ)।

3. ਜਿਵੇਂ ਮੈਂ ਉੱਪਰ (ਅ)1. ਤੇ ਵੀ ਕਹਿ ਆਇਆ ਹਾਂ ਕਿ ਮੈਂ ਕਿਧਰੇ ਵੀ ਬ੍ਰਹਮੰਡੀ ਨਿਯਮ-ਤੰਤਰ ਨੂੰ 'ਗੁਰਬਾਣੀ ਦਾ ਹੁਕਮ' ਨਹੀਂ ਕਿਹਾ। ਮੈਂ ਆਪਣੇ ਪਿਛਲੇ reply ਵਿਚ ਇਹ ਸਪਸ਼ਟ ਕਰ ਦਿੱਤਾ ਸੀ ਇਸ ਵਿਸ਼ੇ ਉੱਤੇ ਏਥੇ ਵਿਚਾਰ-ਚਰਚਾ ਕਰਨੀ ਸੰਭਵ ਨਹੀਂ। ਕਾਰਨ ਵੀ ਦੱਸ ਦਿੱਤੇ ਸਨ। ਜੇਕਰ ਸੰਪਾਦਕ ਜੀ ਚਾਹੁਣਗੇ ਤਾਂ ਏਥੇ ਇਸ ਉੱਤੇ ਇਕ ਵੱਖਰੇ ਨੁਕਤੇ ਦੇ ਤੌਰ ਤੇ ਵਿਚਾਰ-ਚਰਚਾ ਕੀਤੀ ਜਾ ਸਕਦੀ ਹੈ।

4. ਬ੍ਰਹਮੰਡੀ ਨਿਯਮ-ਤੰਤਰ ਦੇ ਉਪ ਨਿਯਮ-ਤੰਤਰਾਂ ਦੀ ਗੱਲ ਨਜ਼ਰ-ਅੰਦਾਜ਼ ਨਹੀਂ ਕੀਤੀ ਜਾ ਸਕਦੀ। ਰੋਸ਼ਨੀ, ਗੁਰੂਤਾ ਆਦਿਕ ਵਾਂਗ ਇਹ ਵੀ ਬ੍ਰਹਮੰਡ ਦਾ ਇਕ ਅਤੀ ਮਹੱਤਵਪੂਰਨ ਨਿਯਮ ਹੀ ਹੈ।

5. ਮੈਂ ਤੁਹਾਨੂੰ ਪਿਛਲੇ reply ਵਿਚ ਬੇਨਤੀ ਕੀਤੀ ਸੀ ਕਿ ਤੁਸੀਂ ਇਸ ਵਿਸ਼ੇ ਉੱਤੇ ਮੇਰੇ ਨਾਲ ਵਿਚਾਰ-ਚਰਚਾ ਮੇਰੀ "ਕੀਤਾ ਪਸਾਉ ............" ਵਾਲੀਆਂ ਸਤਰਾਂ ਦੀ ਵਿਆਖਿਆ ਪੂਰੀ ਤਰ੍ਹਾਂ ਪੜ੍ਹਨ ਤੋਂ ਬਾਦ ਹੀ ਕਰਨਾ। ਪਰੰਤੂ ਹੁਣ ਤੁਸੀਂ ਫਿਰ ਓਹੀ ਨੁਕਤਾ ਫੜ੍ਹ ਲਿਆ ਹੈ। ਇਹ ਚੰਗੀ ਗੱਲ ਨਹੀਂ।

6. ਜਿੱਥੋਂ ਤੱਕ ਮੈਨੂੰ ਯਾਦ ਹੈ ਮੈਂ ਇਹ statement ਤੁਹਾਡੇ ਨਾਲ ਏਥੇ ਵਿਚਾਰ ਕਰਦਿਆਂ ਕਿਤੇ ਨਹੀਂ ਦਿੱਤੀ। ਕਿਰਪਾ ਕਰਕੇ ਇਸ ਬਾਰੇ ਗੱਲ ਓਥੇ ਹੀ ਕਰੋ ਜਿੱਥੇ ਮੈਂ ਇਹ ਗੱਲ ਕੀਤੀ ਹੋਵੇ ਤਾਂ ਕਿ ਸਾਰਾ ਸੰਦਰਭ ਮੇਰੇ ਸਾਹਮਣੇ ਹੋਵੇ। ਬਾਕੀ ਮੇਰੀ ਸਮਝ ਅਨੁਸਾਰ ਬ੍ਰਹਮੰਡੀ ਨਿਯਮ-ਤੰਤਰ (cosmic system) ਦੇ ਸੰਦਰਭ ਵਿਚ ਗੁਰਬਾਣੀ ਸਰਗੁਣ ਅਤੇ ਨਿਰਗੁਣ ਦੇ ਅੰਤਰ ਨੂੰ ਕੋਈ ਮਾਨਤਾ ਹੀ ਨਹੀਂ ਦੇਂਦੀ (ਅਸਲ ਵਿਚ 'ਸਰਗੁਣ-ਨਿਰਗੁਣ' ਵਾਲਾ ਰੱਫੜ ਹਿੰਦੂ ਵਿਚਾਰਧਾਰਾ ਵਿਚ ਹੀ ਮੌਜੂਦ ਹੈ ਪਰੰਤੂ ਗੁਰਬਾਣੀ ਇਸ ਸੰਕਲਪ ਨੂੰ ਨਕਾਰਦੀ ਹੈ)।

ਸ. ਜਰਨੈਲ ਸਿੰਘ ਜੀ, ਤੁਹਾਡੇ ਇਸ ਸਮੁੱਚੇ reply ਵਿੱਚੋਂ ਹੋਰ ਕਈ ਸਵਾਲ ਉਪਜਦੇ ਹਨ, ਜੇਕਰ ਉੱਤਰ ਦੇਣ ਲਈ ਸਹਿਮਤ ਹੋਵੋਗੇ ਤਾਂ ਜ਼ਰੂਰ ਪੇਸ਼ ਕਰ ਦੇਵਾਂਗਾ।

ਇਕਬਾਲ ਸਿੰਘ ਢਿੱਲੋ, ਚੰਡੀਗੜ੍ਹ।

05/10/2020 at 4:26am

**ਭਜਨ ਸਿੰਘ**

ਰੱਬ ਦੀ ਹੌਂਦ ਬਾਰੇ ਵਿਚਾਰ:ਰੱਬ ਵੀ ਹੈ,ਰੱਬ ਦੀ ਹੋਂਦ ਵੀ ਹੈ।ਪਰ ਜੇ ਕੋਈ ਪਛਾਣ ਕਰੇ।ਜਦੌਂ ਕੋਈ ਪਛਾਣ ਲੈਂਦਾ ਉਸਦੀ ਹੌਂਦ ਬਿਅੰਤ ਵਿੱਚ ਹੀ ਲੀਨ ਹੋ ਜਾਂਦੀ ਹੈ।ਓਦੌਂ ਉਸ ਵਾਸਤੇ ਸਿਰਫ ਰੱਬ ਹੀ ਰੱਬ ਰਹਿ ਜਾਂਦਾ ਆਪਣੀ ਹੌਂਦ ਵੀ ਨੀ।ਜਿਵੇਂ ਕਿਸੇ ਨੂੰ ਸਮੁੰਦਰ ਦੇ ਕਿਨਾਰੇ ਖਿਲਾਰ ਕੇ ਪੁੱਛੀਏ ਕੀ ਦਿਸਦਾ? ਤਾਂ ਉਹ ਕਹੇਗਾ ਪਾਣੀ ਪਾਣੀ। ਆਪ ਗਵਾ ਕੇ ਸਹੁ ਪਾਉਣ ਦੀ ਗੱਲ ਕਰ ਰਹੇ ਨੇ ਗੁਰੂ ਨਾਨਕ ਸਾਹਿਬ ਸੱਚੇ ਪਤਾਸ਼ਾਹ,ਸੂਹੀ ਰਾਗ 'ਚ। ਬਿਅੰਤ ਪ੍ਰਮਾਣ ਹਨ ਰੱਬ ਦੀ ਪ੍ਰਤੱਖਤਾ ਦੇ ਬਾਣੀ ਵਿੱਚ।

07/01/2020 at 1:02pm

HashOver Comments – RSS Feed · Source Code · JavaScript

ਖ਼ਤ ਲਿਖਣ ਲਈ ਪਤਾ

ਘਰ